ਸਾਲ 36 ਅੰਕ 173 : ਮਈ-ਅਗਸਤ, 2020

# ਸਮਦਰਸ਼ੀ

ਪੰਜਾਬੀ ਅਕਾਦਮੀ ਦਾ ਦੋ ਮਾਸਿਕ ਰਸਾਲਾ

***ਚੇਅਰਮੈਨ***
ਮਨੀਸ਼ ਸਿਸੋਦੀਆ

***ਵਾਈਸ-ਚੇਅਰਮੈਨ***
ਹਰਸ਼ਰਨ ਸਿੰਘ ਬੱਲੀ

***ਪ੍ਰਬੰਧਕੀ ਸੰਪਾਦਕ***
ਰਾਜਿੰਦਰ ਕੁਮਾਰ

**ਸੰਪਾਦਕੀ ਦਫ਼ਤਰ ਦਾ ਪਤਾ**
ਪੰਜਾਬੀ ਅਕਾਦਮੀ, ਦਿੱਲੀ
ਡੀ. ਡੀ. ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਪਹਾੜ ਗੰਜ, ਨਵੀਂ ਦਿੱਲੀ-110055
ਫ਼ੋਨ : 011-23616243, 23616265, 23615979

Punjabi Academy, Delhi
DDA Community Centre,
Sadar Thana Road, Paharganj, New Delhi-110055

E-mail : samdarshi.punjabi@gmail.com
Visit our Website at : http://www.punjabiacademydelhi.com

**ISSN : 2581-3986**

© ਸਾਰੇ ਹੱਕ ਰਾਖਵੇਂ ਹਨ

ਪ੍ਰਕਾਸ਼ਤ ਸਮੱਗਰੀ ਦੀ ਵਰਤੋਂ ਲਈ ਲੇਖਕ, ਅਨੁਵਾਦਕ ਅਤੇ ਪੰਜਾਬੀ ਅਕਾਦਮੀ ਦੀ ਮਨਜ਼ੂਰੀ ਜ਼ਰੂਰੀ ਹੈ। ਪ੍ਰਕਾਸ਼ਤ ਰਚਨਾਵਾਂ ਦੀ ਰੀਤੀ-ਨੀਤੀ ਜਾਂ ਵਿਚਾਰਾਂ ਨਾਲ ਪੰਜਾਬੀ ਅਕਾਦਮੀ, ਸੰਪਾਦਕੀ ਮੰਡਲ ਜਾਂ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ।

| | | |
|---|---|---|
| ਮੁੱਲ | : | 25 ਰੁਪਏ |
| ਸਾਲਾਨਾ ਚੰਦਾ | : | 150 ਰੁਪਏ |
| ਇੰਗਲੈਂਡ ਤੇ ਯੂਰਪ | : | 30 ਪੌਂਡ |
| ਅਮਰੀਕਾ, ਕੈਨੇਡਾ, ਮਿਡਲ ਈਸਟ ਤੇ ਹੋਰ ਦੇਸ਼ | : | 60 ਡਾਲਰ |

ਚੰਦਾ "ਸਕੱਤਰ, ਪੰਜਾਬੀ ਅਕਾਦਮੀ" ਦੇ ਨਾਂ 'ਤੇ ਭੇਜੋ।
Send the Subscription in the name of "Secretary, Punjabi Academy".

**ਟਾਈਟਲ**
ਮਨਿੰਦਰ ਸਿੰਘ

**ਲੇਜ਼ਰ ਟਾਈਪ ਸੈਟਿੰਗ**
ਪੁਸ਼ਪਿੰਦਰ ਅਰੋੜਾ

**Samdarshi :**
Bi-monthly journal of Punjabi Literature published by Punjabi Academy, Delhi, Motia Khan, Paharganj, New Delhi - 110055, India

**ਸਮਦਰਸ਼ੀ :**
ਪੰਜਾਬੀ ਅਕਾਦਮੀ, ਦਿੱਲੀ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-55 ਭਾਰਤ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਦੋ-ਮਾਸਿਕ ਰਸਾਲਾ।

# ਸਮਦਰਸ਼ੀ

ਸਾਲ 36 ਅੰਕ 173 : ਮਈ-ਅਗਸਤ, 2020

**ਆਪਣੇ ਵੱਲੋਂ** /

**ਗ਼ਜ਼ਲ, ਕਵਿਤਾ** /

ਕੁਲਵੀਰ ਗੋਜਰਾ
ਰਸ਼ਪਿੰਦਰ ਸਿੰਘ
ਜੋਗੇ ਭੰਗਲ
ਬਿਸ਼ੰਬਰ ਅਵਾਂਖੀਆ
ਸੁਖਦੀਪ ਸਿੰਘ 'ਸੁਖਾਣਾ'

**ਕੁਲਦੀਪ ਸਿੰਘ ਦੀਪ** : 'ਜਿਉਣਾ ਸੱਚ ਬਾਕੀ ਝੂਠ' ਦੇ ਭਾਸ਼ਾਈ ਅਤੇ ਮਨੋਵਿਗਿਆਨਕ ਸੰਦਰਭ

**ਡਾ. ਇਕਬਾਲ ਸੋਮੀਆਂ** : ਦਮਿਤ ਔਰਤ ਦੀ ਹੂਕ ਦਾ ਕਵੀ ਅਵਤਾਰ ਪਾਸ਼

**ਪ੍ਰੇਮ ਪ੍ਰਕਾਸ਼** : ਬਖਸ਼ੀ ਗੁੱਜਰੀ ਮਾਸੀ

**ਨਵਜੋਤ ਕੌਰ** : ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ : ਨਵੀਂ ਹੋਂਦ ਨੂੰ ਸਿਰਜਦੀਆਂ ਇਸਤਰੀ ਪਾਤਰਾਂ

**ਮਨਜਿੰਦਰ ਕੌਰ** : ਸਵਰਾਜਬੀਰ ਦੇ ਨਾਟਕਾਂ ਵਿਚ ਵਰਣ ਵਿਵਸਥਾ ਪ੍ਰਤੀਰੋਧ

**ਸੁਖਮਿੰਦਰ ਸੇਖੋਂ** : ਚਲ ਮੇਰੀਏ ਧੀਏ

**ਡਾ. ਸੁਨੀਤਾ ਰਾਣੀ** : ਗ਼ਜ਼ਲ ਸੰਗ੍ਰਹਿ ਪੁੰਨਿਆ : ਵਿਚਾਰਧਾਰਾਈ ਪ੍ਰਸੰਗ

**ਮਨਪ੍ਰੀਤ ਕੌਰ** : ਸਾਹਿਤ, ਇਤਿਹਾਸ ਤੇ ਮਿਥਿਹਾਸ: ਅੰਤਰ ਸੰਬੰਧ

**ਹਰਿੰਦਰ ਸਿੰਘ ਗੋਗਨਾ** : ਸਰਹੱਦ ਉੱਤੇ (ਅਨੁ- ਉਰਦੂ ਕਹਾਣੀ, ਮੂਲ: ਨੰਦ ਕਿਸ਼ੋਰ ਵਿਕਰਮ)

**ਡਾ. ਪਵਨ ਕੁਮਾਰ** : ਸੋਮਾ ਸਬਲੋਕ ਦੀ ਕਹਾਣੀ : ਤੀਜੇ ਜੈਂਡਰ ਦੀ ਬਿਰਤਾਂਤਕ ਪੇਸ਼ਕਾਰੀ ('ਚਾਨਣੀ ਰਾਤ 'ਚ ਲਿਖੇ ਸਿਰਨਾਵੇਂ ਕਹਾਣੀ ਦੇ ਵਿਸ਼ੇਸ਼ ਸੰਦਰਭ ਵਿਚ)

**ਡਾ. ਬੇਅੰਤ ਕੌਰ** : ਗੁਰੂ ਤੇਗ ਬਹਾਦਰ ਸਾਹਬਿ ਦਾ ਜੀਵਨ ਅਤੇ ਜੀਵਨ ਪ੍ਰਤੀ ਨਜ਼ਰੀਆ

# ਆਪਣੇ ਵੱਲੋਂ

ਅਸੀਂ 21ਵੀਂ ਸਦੀ ਦੇ ਦੋ ਦਹਾਕੇ ਪਾਰ ਕਰ ਲਏ ਹਨ ਅਤੇ ਹੁਣ ਤੀਜੇ ਦਹਾਕੇ ਨੇ ਦਸਤਕ ਦੇ ਦਿੱਤੀ ਹੈ। 1990ਵਿਆਂ ਦੇ ਸਾਲ ਤੋਂ ਬਾਅਦ ਵਿਸ਼ਵ ਨਵੇਂ ਪ੍ਰਸੰਗਾਂ ਨਾਲ ਜੁੜਿਆ ਹੈ। ਦੋ ਧ੍ਰੁਵੀ ਸੰਸਾਰ ਇਕ ਧ੍ਰੁਵ ਵਿਚ ਸੰਮਿਲਤ ਹੋਣ ਮਗਰੋਂ ਸਾਮਰਾਜਵਾਦ ਨੇ ਲੋਕ-ਆਵਾਜ਼ਾਂ ਦਾ ਮੂੰਹ ਬੰਦ ਕਰਨ ਦੀਆਂ ਵੱਖ-ਵੱਖ ਤਕਨੀਕਾਂ ਦਾ ਇਸਤੇਮਾਲ ਕੀਤਾ ਹੈ। ਵਿਸ਼ਵੀਕਰਨ, ਉਦਾਰੀਕਰਨ ਅਤੇ ਬਾਜ਼ਾਰਵਾਦ ਨੇ ਦੁਨੀਆ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ ਹੈ। ਪਿਛਲੇ 30 ਸਾਲਾਂ ਦਾ ਸਮਾਂ ਗਵਾਹ ਹੈ ਕਿ ਇਸ ਵਰਤਾਰੇ ਨੇ ਸਾਹਿਤ ਅਤੇ ਕਲਾਵਾਂ ਨੂੰ ਵੀ ਆਪਣੀ ਵਲਗਣਾਂ ਵਿਚ ਲੈ ਲਿਆ ਹੈ। ਲੋਕ-ਸਭਿਆਚਾਰ, ਜੋ ਕਿ ਕਿਸੇ ਵਿਅਕਤੀ ਸਮੂਹ ਦੀ ਜਾਇਦਾਦ ਹੁੰਦਾ ਸੀ, ਹੁਣ ਬਾਜ਼ਾਰ ਦੀ ਵਸਤੂ ਬਣ ਗਿਆ ਹੈ। ਇਹੋ ਹਾਲ ਹੀ ਸਾਹਿਤ ਦਾ ਵੀ ਹੋਇਆ ਹੈ। ਇਸ ਵਰਤਾਰੇ ਨੇ ਸਾਹਿਤ ਅਤੇ ਸਾਹਿਤਕਾਰਾਂ, ਵਿਦਵਾਨਾਂ ਨੂੰ ਦੋ ਧ੍ਰੁਵੀ ਜ਼ਰੂਰ ਬਣ ਦਿੱਤਾ ਹੈ। ਕੁਝ ਤਾਂ ਉਹ ਹਨ, ਜਿਹੜੇ ਸਥਾਪਨਾ ਦੀ ਹਾਂ ਵਿਚ ਹਾਂ ਮਿਲਾ ਕੇ ਆਪਣੀ ਕੌਮ ਦੇ ਆਜ਼ਾਦਾਨਾਂ ਖ਼ਿਆਲਾਂ/ਦਰਸ਼ਨ/ਵਿਚਾਰਧਾਰਾ ਨੂੰ ਤਿਲਾਂਜਲੀ ਦੇਣ ਤੋਂ ਵੀ ਝਿਜਕ ਮਹਿਸੂਸ ਨਹੀਂ ਕਰਦੇ ਅਤੇ ਕੁਝ ਉਹ ਹਨ, ਜਿਹੜੇ ਹੱਕ ਸੱਚ ਨਾਲ ਜੁੜੇ ਹੋਏ ਹਨ। ਪੰਜਾਬੀ ਸਾਹਿਤ ਵਿਚ ਇਹ ਵਰਤਾਰਾ ਪਿਛਲੇ ਕੁਝ ਅਰਸੇ ਤੋਂ ਵਧੇਰੇ ਉੱਭਰ ਕੇ ਸਾਹਮਣੇ ਆ ਰਿਹਾ ਹੈ। ਸਥਾਪਨਾਵਾਂ ਦੇ ਨਾਲ ਤੁਰਨ ਵਾਲੇ ਸਾਹਿਤਕਾਰ/ਵਿਦਵਾਨ ਆਪਣਿਆਂ ਕੋਲੋਂ ਅੱਖਾਂ ਛੁਪਾਉਂਦੇ ਹਨ ਜਦਕਿ ਦੂਜੀ ਧ੍ਰੁਵ ਤੇ ਖੜੇ ਲੋਕ ਸਥਾਪਨਾ ਘਾੜਿਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਦੇ ਹਨ, ਉਨ੍ਹਾਂ ਨੂੰ ਵੰਗਾਰਦੇ ਹਨ ਅਤੇ ਫਿਰ ਆਪਣੇ ਲੋਕ ਸਮੂਹ ਦੀ ਵਿਚਾਰਧਾਰਕ ਅਗਵਾਈ ਵੀ ਕਰਦੇ ਹਨ। ਅਜਿਹੀ ਕਿਸਮ ਦੇ ਸਾਹਿਤਕਾਰਾਂ/ਵਿਦਵਾਨਾਂ ਕੋਲੋਂ ਸਥਾਪਨਾਵਾਂ ਖ਼ਤਰਾ ਮਹਿਸੂਸ ਕਰਦੀਆਂ ਹਨ। ਇਸ ਲਈ ਉਨ੍ਹਾਂ ਉੱਤੇ ਰਾਸ਼ਟਰ-ਵਿਰੋਧੀ ਹੋਣ ਦਾ ਠੱਪਾ ਲਾਇਆ ਜਾਂਦਾ ਹੈ। ਸਿਰਫ਼

ਏਨਾ ਹੀ ਨਹੀਂ, ਉਨ੍ਹਾਂ ਉੱਤੇ ਅਤਿਵਾਦੀ ਹੋਣ ਦੇ ਇਲਜ਼ਾਮ ਲਗਾ ਕੇ ਕਾਨੂੰਨ ਦੀਆਂ ਸਖ਼ਤ ਤੋਂ ਸਖ਼ਤ ਧਾਰਾਵਾਂ ਹੇਠ ਜੇਲ੍ਹਾਂ ਅੰਦਰ ਡੱਕ ਦਿੱਤਾ ਜਾਂਦਾ ਹੈ ਪਰ ਕੀ ਇਸ ਨਾਲ ਸਮੂਹਿਕਤਾ ਦੀ ਜ਼ਬਾਨ ਬੰਦ ਕੀਤੀ ਜਾ ਸਕਦੀ ਹੈ ? ਜੇ ਬੰਦ ਕੀਤੀ ਜਾ ਸਕਦੀ ਹੈ ਤਾਂ ਕਦੋਂ ਤੱਕ ? ਇਤਿਹਾਸ ਗਵਾਹ ਹੈ ਕਿ ਅਜਿਹੀਆਂ ਸਥਾਪਨਾਵਾਂ ਜਿਹੜੀਆਂ ਲੋਕ ਰੋਹ ਦੀ ਭਾਸ਼ਾ ਨਹੀਂ ਸਮਝਦੀਆਂ, ਉਨ੍ਹਾਂ ਨੂੰ ਇਸ ਦੇ ਨਤੀਜੇ ਵੀ ਛੇਤੀ ਹੀ ਭੁਗਤਣੇ ਪੈਂਦੇ ਹਨ। ਪਰ ਸਭ ਤੋਂ ਚੰਗੀ ਗੱਲ ਇਹ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਵਿਚ ਸਿਰਜਤ ਸਾਹਿਤ ਹਮੇਸ਼ਾ ਉੱਤਮ ਸਾਹਿਤ ਦੀ ਪਦਵੀ ਹਾਸਲ ਕਰ ਲੈਂਦਾ ਹੈ। ਦੁਨੀਆ ਭਰ ਦੇ ਦੇਸ਼ਾਂ ਵਿਚ ਜਿੱਥੇ ਫ਼ੌਜੀ ਸ਼ਾਸਨ ਹੈ ਜਾਂ ਡਿਕਟੇਟਰਸ਼ਿਪ ਹੈ, ਉਥੇ ਦਾ ਸਾਹਿਤ ਹਮੇਸ਼ਾ ਹੀ ਅਮੀਰ ਹੋਵੇਗਾ। ਸਾਹਿਤ ਦੀ ਭਾਸ਼ਾ ਅਮੀਰ ਹੋਵੇ, ਨਵੇਂ ਬਿੰਬ ਤੇ ਪ੍ਰਤੀਕਾਂ ਦੀ ਸਿਰਜਣਾ ਹੁੰਦੀ ਹੋਵੇਗੀ। ਸੋ ਇਹ ਪ੍ਰਤੱਖ ਹੈ ਕਿ ਵਿਪਰੀਤ ਪ੍ਰਸਥਿਤੀਆਂ ਵਿਚ ਸਾਹਿਤ ਵਧੇਰੇ ਮਜ਼ਬੂਤੀ ਨਾਲ ਵਧਦਾ ਫੁੱਲਦਾ ਅਤੇ ਫੈਲਦਾ ਹੈ।

**– ਰਾਜਿੰਦਰ ਕੁਮਾਰ**

# ਇਸ ਵਾਰ ਦਾ ਕਵੀ

## ਕੁਲਵੀਰ ਗੋਜਰਾ

## ਇਕ ਸੀ ਰਾਜਾ

ਇਕ ਵਾਰ
ਇਕ ਰਾਜਾ ਹੁੰਦਾ ਸੀ
ਉਸ ਨੂੰ ਅਜੀਬੋ ਗਰੀਬ ਐਲਰਜੀ ਹੋ ਗਈ
ਜਦ ਕਿਤੇ ਫੁੱਲ ਖਿੜਦੇ
ਬੱਚੇ ਖਿੜ ਖਿੜ ਹੱਸਦੇ
ਉਸ ਦੇ ਹੱਥਾਂ 'ਚ ਜਲੂਣ ਹੋਣ ਲੱਗ ਪੈਂਦੀ
ਉਹ ਜ਼ੋਰ ਦੀ ਤਾੜੀ ਮਾਰਦਾ
ਚਾਰੇ ਪਾਸੇ ਹਨੇਰਾ ਛਾ ਜਾਂਦਾ
ਉਸ ਰਾਜੇ ਦੇ ਦੇਸ ਵਿਚ ਇਕ ਬਸਤੀ ਸੀ
ਜਿਥੇ ਫੁੱਲ ਹੀ ਫੁੱਲ ਸਨ
ਫੁੱਲਾਂ ਵਾਂਗ ਖਿੜੇ ਲੋਕ ਸਨ
ਦੂਰੋਂ ਦੂਰੋਂ ਲੋਕ
ਫੁੱਲਾਂ ਦੇ ਬਾਗ ਵੇਖਣ ਆਉਂਦੇ
ਪਰ ਅੰਦਰ ਹੀ ਅੰਦਰ
ਰਾਜੇ ਦੀ ਤਾੜੀ ਤੋਂ ਡਰਦੇ
ਮਤਾ ਕਿਤੇ ਉਸ ਦੀ ਨਜ਼ਰ ਫੁੱਲਾਂ ਦੀ ਵਾਦੀ 'ਤੇ ਨਾ ਪੈ ਜਾਏ

ਪਰ
ਹੋਣੀ ਨੂੰ ਕੌਣ ਟਾਲ ਸਕਦਾ
ਰਾਜਾ ਇਕ ਵਾਰ ਚਬੂਤਰੇ 'ਤੇ ਚੜ੍ਹਿਆ ਹੋਇਆ ਸੀ
ਅਚਾਨਕ ਉਸ ਦੀ ਨਿਗ੍ਹਾ
ਫੁੱਲਾਂ ਦੀ ਵਾਦੀ 'ਤੇ ਪੈ ਗਈ

*ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ*

ਇਕੋ ਥਾਂ ਏਨੇ ਫੁੱਲ ਵੇਖਕੇ
ਰਾਜੇ ਦੇ ਹੱਥ ਜਲੂਣ ਨਾਲ ਭਰ ਗਏ
ਕਹਿੰਦੇ ਨੇ ਉਸ ਦਿਨ
ਰਾਜੇ ਨੇ ਏਨੇ ਜ਼ੋਰ ਦੀ ਤਾੜੀ ਮਾਰੀ
ਕਿ ਸਾਰੀ ਵਾਦੀ 'ਚ ਰਾਤ ਪੈ ਗਈ
ਕਈ ਵਰ੍ਹੇ ਮੁੜ ਉਥੇ ਸੂਰਜ ਨਾ ਚੜ੍ਹਿਆ
ਫੁੱਲ ਖਿੜਨਾ ਭੁੱਲ ਗਏ
ਤੇ ਲੋਕ ਹੱਸਣਾ
ਇਕ ਇਕ ਕਰਕੇ
ਵਣ ਤ੍ਰਿਣ ਫੁੱਲ ਬੂਟੇ ਕਮਲਾ ਗਏ
ਝੀਲਾਂ ਕੂਲਾਂ ਦੇ ਪਾਣੀ ਪਥਰਾ ਗਏ
ਨ੍ਹੇਰਾ ਢੋਂਦੇ ਲੋਕਾਂ ਨੂੰ
ਇਕ ਦੂਜੇ ਦੇ ਸਾਹਾਂ ਦੀ
ਆਵਾਜ਼ ਤਾਂ ਸੁਣਦੀ
ਪਰ ਕਿਸੇ ਨੂੰ ਕੋਈ ਵੇਖ ਨਾ ਸਕਦਾ
ਦਿਨਾਂ ਮਹੀਨਿਆਂ ਵਿਚ
ਫੁੱਲਾਂ ਦੀ ਵਾਦੀ
ਕਾਲੀ ਸਿਆਹ ਹੋ ਗਈ

ਕਹਿੰਦੇ ਨੇ- ਰਾਜੇ ਦੀ ਤਾੜੀ ਦਾ ਡਰ
ਦੂਰ ਨੇੜ
ਸਭ ਬਸਤੀਆਂ 'ਚ ਫੈਲ ਗਿਆ
ਸਹਿਮੇ ਲੋਕਾਂ ਨੇ
ਘਰਾਂ ਦੇ ਗਮਲਿਆਂ 'ਚੋਂ ਆਪੇ ਫੁੱਲ ਪੁੱਟ ਸੁੱਟੇ
ਮਾਵਾਂ ਨੇ ਆਪਣੇ ਬਾਲਾਂ ਦੇ ਬੁੱਲ੍ਹ ਸਿਉਂ ਦਿੱਤੇ
ਕਦੇ ਕਦਾਈਂ
ਕੋਈ 'ਪਾਗਲ' ਹੋਇਆ ਬੰਦਾ
ਜੇ ਚੌਕ ਚੁਰਾਹੇ ਖੜਕੇ ਹੱਸਣ ਲੱਗਦਾ

ਤਾਂ ਰਾਜੇ ਦੇ ਤਾੜੀ ਮਾਰਨ ਤੋਂ ਪਹਿਲਾਂ ਹੀ
ਲੋਕਾਂ ਦੀ ਭੀੜ ਉਸ ਨੂੰ ਮਾਰ ਮੁਕਾਉਂਦੀ

ਇਸੇ ਤਰ੍ਹਾਂ ਵਰ੍ਹਿਆਂ ਦੇ ਵਰ੍ਹੇ ਬੀਤ ਗਏ
ਫੁੱਲਾਂ ਦੀ ਵਾਦੀ ਦਾ ਨਾਂ
'ਕਾਲੀ ਵਾਦੀ' ਪੈ ਗਿਆ
ਕਹਿੰਦੇ ਨੇ-
ਫਿਰ ਕਈ ਸਾਲਾਂ ਮਗਰੋਂ
ਉਸ 'ਕਾਲੀ ਵਾਦੀ' ਵਿਚ
ਇਕ ਬਾਲ ਜਨਮਿਆ
ਸੋਨ-ਸੁਨੱਖਾ
ਸਾਰਾ ਦਿਨ ਹੱਸਦਾ ਰਿਹਾ ਕਰੇ
ਮਾਈਆਂ ਦਾਈਆਂ ਬਥੇਰਾ ਵਰਜਿਆ
ਪਰ ਬਾਲ ਹੱਸਣੋਂ ਨਾ ਹਟੇ
ਬਾਲ ਤਾਂ ਸਿਰਫ਼ ਹੱਸਣ ਦੀ ਜ਼ੁਬਾਨ ਹੀ ਜਾਣਦਾ ਸੀ
ਕਾਲੀ ਵਾਦੀ 'ਚ
ਉਸ 'ਕੱਲੇ ਦਾ ਹਾਸਾ ਸੂਰਜ ਵਾਂਗ ਲਿਸ਼ਕਦਾ
ਰਾਜੇ ਨੂੰ ਬੱਚੇ ਦਾ ਹਾਸਾ ਸੁਣਿਆ ਕਰੇ
ਪਰ ਦਿਸੇ ਕਿਤੇ ਨਾ
ਹੱਥਾਂ ਦੀ ਜਲੂਣ ਨਾਲ ਰਾਜਾ ਪਰੇਸ਼ਾਨ ਹੋ ਜਾਂਦਾ
ਚਬੂਤਰੇ 'ਤੇ ਚੜ੍ਹ - ਉਹ ਕਾਲੀ ਵਾਦੀ ਵੱਲ ਵੇਂਹਦਾ ਰਹਿੰਦਾ
ਹਾਸਾ ਸੁਣੇ ਪਰ ਦਿਸੇ ਕੋਈ ਨਾ
ਰਾਜਾ ਤਾੜੀ ਮਾਰੇ
ਪਰ
ਨ੍ਹੇਰੇ 'ਚ ਹਾਸਾ ਹੋਰ ਵੀ ਲਿਸ਼ਕੇ
ਜਿਉਂ ਜਿਉਂ ਰਾਜਾ ਤਾੜੀਆਂ ਮਾਰੇ
ਤਿਉਂ ਤਿਉਂ ਹਾਸਾ ਫੈਲਦਾ ਜਾਏ
ਰਾਜੇ ਨੂੰ ਨੀਂਦ ਨਾ ਆਇਆ ਕਰੇ

ਵੇਦ ਹਕੀਮਾਂ
ਬਥੇਰਾ ਜ਼ੋਰ ਲਾਇਆ
ਰਾਜੇ ਦੇ ਹੱਥਾਂ 'ਚ ਜਲੂਣ ਵਧਦੀ ਹੀ ਜਾਵੇ
ਨੀਂਦ 'ਚ ਵੀ ਰਾਜੇ ਨੂੰ ਹਾਸਾ ਸੁਣਦਾ

ਕਹਿੰਦੇ ਨੇ–
ਰਾਜੇ ਦੇ ਹੱਥਾਂ ਦੀ ਜਲੂਣ
ਏਨੀ ਵਧੀ ਕਿ ਕੋਹੜ ਬਣ ਗਈ
ਬੱਚੇ ਦੇ ਹੱਸਣ ਦੀਆਂ ਗੱਲਾਂ
ਘਰ ਘਰ ਹੋਵਣ ਲੱਗੀਆਂ
ਸੁੰਨੀਆਂ ਸ਼ਾਖ਼ਾਂ 'ਤੇ
ਮੁੜ ਪੁੰਗਾਰੇ ਫੁੱਟ ਆਏ
ਪਥਰਾਏ ਪਾਣੀਆਂ 'ਚ
ਫਿਰ ਰਾਗ ਗੂੰਜ ਉੱਠੇ
ਹੌਲੀ ਹੌਲੀ ਲੋਕ
ਗਮਲਿਆਂ 'ਚ ਫੁੱਲ ਉਗਾਉਣ ਲੱਗ ਪਏ
ਕਹਿੰਦੇ ਨੇ–
ਫਿਰ ਉਸੇ ਬੱਚੇ ਦਾ ਹਾਸਾ
ਸੂਰਜ ਬਣਕੇ ਵਾਦੀ ਦੇ ਵਿਚ ਚੜ੍ਹਿਆ
ਉਸੇ ਬੱਚੇ ਦਾ ਹਾਸਾ
ਫੁੱਲਾਂ ਦਾ ਰੂਪ ਵਟਾ ਕੇ
ਬਾਗਾਂ ਦੇ ਵਿਚ ਖਿੜਿਆ।
ਤੇ ਉਹ ਰਾਜਾ
ਕੋਹੜੀ ਬਣ ਕੇ ਮਹਿਲਾਂ ਦੇ ਵਿਚ ਮਰਿਆ ।

## ਸੁਪਨਾ

ਰਾਤੀਂ ਸੁਪਨੇ 'ਚ
ਉਹ ਦੋਸਤ ਆਇਆ

ਵਰ੍ਹਿਆਂ ਤੋਂ ਜਿਸ ਨਾਲ ਲੜਿਆ ਹੋਇਆ ਸਾਂ
ਜਿਸ ਦਾ ਜ਼ਿਕਰ ਆਉਂਦਿਆਂ ਹੀ
ਭੜਕ ਉੱਠਦਾ ਰਿਹਾ
ਭੰਡਣਾ ਸ਼ੁਰੂ ਕਰ ਦਿੰਦਾ ਸਾਂ

ਰਾਤੀਂ ਉਹੀ ਦੋਸਤ
ਸੁਪਨੇ 'ਚ ਮੇਰੇ ਘਰ ਆਇਆ
ਮੈਂ ਕਿਵੇਂ ਉੱਡ ਕੇ ਮਿਲਿਆ ਉਸ ਨੂੰ
ਸੇਵਾ 'ਚ ਕੋਈ ਕਸਰ ਨਾ ਛੱਡੀ
ਗੱਲਾਂ ਇੰਜ ਕੀਤੀਆਂ
ਜਿਵੇਂ ਕਦੇ ਲੜੇ ਹੀ ਨਈਂ ਸਾਂ
ਅੱਖ ਖੁੱਲ੍ਹੀ ਤਾਂ ਪਤਾ ਲੱਗਿਆ
ਬਸ ਇਕ ਸੁਪਨਾ ਸੀ

ਇਹ ਕੌਣ ਜਾਗਦਾ ਰਹਿੰਦਾ ਏ ਮੇਰੇ ਅੰਦਰ
ਜਦ ਮੈਂ ਸੌਂ ਜਾਂਦਾ ਹਾਂ
ਕੌਣ ਸੀ ਉਹ
ਜੋ ਰਾਤ ਭਰ
ਲੜੇ ਹੋਏ ਮਿੱਤਰ ਦੀ
ਖ਼ਾਤਰਦਾਰੀ 'ਚ ਰੁਝਿਆ ਰਿਹਾ
ਹੈ ਕੋਈ ਮੇਰੇ ਅੰਦਰ ਹੋਰ ਜਣਾ ਵੀ
ਜਿਸ ਨੂੰ ਮੈਂ ਵੀ ਨਈਂ ਜਾਣਦਾ

## ਡੁੱਬਦਾ ਸੂਰਜ

ਡੁੱਬਦਾ ਸੂਰਜ
ਸੇਕ ਨਈਂ ਮਾਰਦਾ
ਅੱਖਾਂ ਨੂੰ ਚੁਭਣੋਂ ਹਟ ਜਾਂਦਾ ਹੈ
ਸਰਕ ਆਉਂਦਾ ਹੈ

ਧਰਤੀ ਦੇ ਨੇੜੇ
ਤੇ
ਭਰ ਦਿੰਦਾ ਹੈ ਰੰਗਾਂ ਨਾਲ
ਆਪਣੇ ਹਿੱਸੇ ਦਾ ਅਸਮਾਨ

ਜਿਉਣ ਦਾ ਸਲੀਕਾ
ਬੜੀ ਦੇਰ ਪਿੱਛੋਂ ਆਉਂਦਾ ਹੈ

## ਨਜ਼ਰ

ਮਸਾਂ ਪੰਜ ਸਾਲ ਦੀ ਹੈ ਮੇਰੀ ਬੱਚੀ
ਬਾਲਕੋਨੀ 'ਚ
ਆਲ੍ਹਣਾ ਪਾਉਂਦੀ ਕਬੂਤਰੀ ਨੂੰ
ਦਿਨ ਭਰ ਉਡੀਕਦੀ ਰਹਿੰਦੀ ਏ
ਪਰਿੰਦੇ ਫੜਫੜਾਉਣ ਦੀ ਆਵਾਜ਼ ਸੁਣ
ਦੱਬੇ ਕਦਮੀਂ, ਮਲਕੜੇ ਜਿਹੇ
ਬਾਲਕੋਨੀ ਦਾ ਬੂਹਾ ਖੋਲਦੀ ਏ
ਤੇ
ਕਬੂਤਰੀ ਦੇ ਉੱਡ ਜਾਣ ਪਿੱਛੋਂ
ਖ਼ਾਲੀ ਅੰਬਰ 'ਚੋਂ ਉਸ ਨੂੰ ਟੋਲਦੀ
ਮੁੜ ਵਾਪਸ
ਅੰਦਰ ਪਰਤ ਆਉਂਦੀ ਹੈ
ਫਿਰ ਉਡੀਕਣ ਲੱਗਦੀ ਹੈ ਉਸ ਦੇ ਪਰ੍ਹਾਂ ਦੀ ਆਵਾਜ਼
ਕਦੇ ਕਦੇ ਮੈਂ ਬਹੁਤ ਖਿਝ ਜਾਂਦਾ ਹਾਂ
ਉਸ ਦੇ ਇਸ ਬਚਪਨੇ 'ਤੇ

ਗਲੀ ਵਿਚ ਮੇਰੀ ਉਂਗਲ ਫੜਕੇ ਤੁਰੀ ਜਾਂਦੀ
ਅਚਾਨਕ ਪਾਰਕ ਕੋਲ ਰੁਕ ਜਾਂਦੀ ਹੈ -
'ਪਾਪਾ ਓਹ ਦੇਖੋ... ਪੱਪੀ'

ਨਿੱਕੇ ਨਿੱਕੇ ਕਤੂਰਿਆਂ ਕੋਲ
ਉਹ ਘੰਟਿਆਂ ਬੱਧੀ ਖੜ ਜਾਣ ਦੀ ਜ਼ਿੱਦ ਕਰਦੀ ਹੈ
ਮੈਂ ਕਤੂਰਿਆਂ ਵੱਲ ਬੇਧਿਆਨੀ ਨਾਲ ਇਕ ਨਜ਼ਰ ਸੁੱਟਦਾ ਹਾਂ
'ਬੇਟੇ ਚੱਲੋਂ' ਕਹਿ ਕੇ ਕਾਹਲੀ-ਕਾਹਲੀ ਕਦਮ ਪੁੱਟਦਾ ਹਾਂ
ਉਸ ਦਾ ਚਿਹਰਾ ਮਸੋਸਿਆ ਜਾਂਦਾ ਹੈ
ਗਲੀ ਦਾ ਅਗਲਾ ਮੋੜ ਮੁੜਦਿਆਂ
ਪਿੰਜਰੇ ਵਿਚ ਹੋੜੇ ਮੁਰਗੇ ਮੁਰਗੀਆਂ ਨਜ਼ਰੀਂ ਪੈਂਦੇ ਨੇ
"ਪਾਪਾ..ਆਪਾਂ ਇਕ ਹੈੱਨ ਨੂੰ ਘਰ ਲੈ ਚਲੀਏ" ਉਹ ਖ਼ੁਸ਼ੀ ਨਾਲ ਅਚਾਨਕ ਚੀਕ ਉੱਠਦੀ ਹੈ
"ਨਹੀਂ ਬੇਟੇ, ਹੈੱਨ ਗੰਦੀ ਹੁੰਦੀ ਆ" ਮੈਂ ਆਖਦਾ ਹਾਂ
"ਨਹੀਂ ਪਾਪਾ, ਅਸੀਂ ਹੈੱਨ ਨੂੰ ਪੈੱਟ ਬਣਾ ਕੇ ਰੱਖਾਂਗੇ" ਉਹ ਅੱਗੋਂ ਮੋੜਵਾਂ ਜਵਾਬ ਦਿੰਦੀ ਏ
ਮੈਂ ਚੁੱਪ ਰਹਿੰਦਾ ਹਾਂ
ਬਸ ਅੰਦਰ ਹੀ ਅੰਦਰ ਖਿਝਦਾ ਹਾਂ

ਮੈਂ ਖਿਝਦਾ ਕਿਉਂ ਹਾਂ ?
ਮੈਂ ਹਰ ਵਕਤ ਕਾਹਲੀ 'ਚ ਕਿਉਂ ਰਹਿੰਦਾ ਹਾਂ ?
ਆਲਣਾ ਪਾਉਂਦੀ ਕਬੂਤਰੀ
ਮੈਨੂੰ ਆਪਣੇ ਵੱਲ ਕਿਉਂ ਨਹੀਂ ਖਿੱਚਦੀ
ਕਿਉਂ ਨਹੀਂ ਚੰਗੇ ਲੱਗਦੇ
ਮੈਨੂੰ ਨਿੱਕੇ ਨਿੱਕੇ ਕਤੂਰੇ
ਤੇ
ਹੈੱਨ ਨੂੰ ਦੇਖਣ ਵਾਲੀ 'ਨਜ਼ਰ' ਮੈਂ ਕਿੱਥੇ ਗੁਆ ਆਇਆ ਹਾਂ ?

## ਬਲੈਕ ਐਂਡ ਵਾਈਟ

ਉਹ ਜਦ ਵੀ ਕਦੇ ਮਿਲਦੀ ਏ
ਅਜੀਬ ਗੱਲਾਂ ਕਰਦੀ ਏ
ਕੱਲ੍ਹ ਆਖਣ ਲੱਗੀ

ਕਿ ਉਸ ਨੂੰ ਸੁਪਨਿਆਂ ਵਿਚ ਰੰਗ ਦਿਸਦੇ ਨੇ

ਤੇ ਮੈਂ ਕਿਸੇ
ਕਿਤਾਬ 'ਚ ਪੜ੍ਹਿਆ ਸੀ-
"ਸੁਪਨੇ ਬਲੈਕ ਐਂਡ ਵਾਈਟ ਹੁੰਦੇ ਨੇ
ਸੁਪਨਿਆਂ ਵਿਚ ਰੰਗ ਨਜ਼ਰ ਨਹੀਂ ਆਉਂਦੇ"

ਉਹ ਮੇਰੇ ਵੱਲ ਹੋਰ ਤਰ੍ਹਾਂ ਵੇਖਦੀ ਹੈ
ਤੇ ਮੁੜ ਆਖਦੀ ਹੈ-
"ਉਸ ਨੂੰ ਸੁਪਨਿਆਂ ਵਿਚ ਰੰਗ ਦਿਖਾਈ ਦਿੰਦੇ ਨੇ
ਲਾਲ, ਪੀਲੇ, ਹਰੇ, ਗੁਲਾਬੀ...."

ਮੈਂ ਹੱਸ ਪੈਂਦਾ ਹਾਂ
ਤੇ ਆਖਦਾ ਹਾਂ-
"ਮੈਨੂੰ ਤਾਂ ਕਦੇ ਸੁਪਨਿਆਂ ਵਿਚ ਰੰਗ ਨਹੀਂ ਦਿਸੇ"

ਉਹ ਇਕਦਮ ਖ਼ਾਮੋਸ਼ ਹੋ ਜਾਂਦੀ ਹੈ
ਸਿੱਧਾ ਮੇਰੀਆਂ ਅੱਖਾਂ 'ਚ ਝਾਕਦਿਆਂ ਬੋਲਦੀ ਹੈ-
"ਸੁਪਨਿਆਂ 'ਚ ਰੰਗ ਹਰ ਕਿਸੇ ਨੂੰ ਨਜ਼ਰ ਨਈਂ ਆਉਂਦੇ
ਸਿਰਫ਼ ਉਨ੍ਹਾਂ ਨੂੰ ਦਿਸਦੇ ਨੇ
ਜਿਨ੍ਹਾਂ ਦੀ ਜ਼ਿੰਦਗੀ ਬਲੈਕ ਐਂਡ ਵਾਈਟ ਹੁੰਦੀ ਏ "

**ਰਸ਼ਪਿੰਦਰ ਸਿੰਘ**
pindersroye285
@gmail.com

## ਅੱਜ ਦਾ ਲੇਖਕ

ਉਹ ਜੋ ਲੇਖਕ ਦੇਖ ਰਹੇ ਹੋ
ਪਹਿਲਾਂ ਪਾਠਕ ਸੀ।
ਜਦ ਪਾਠਕ ਸੀ, ਚੁੱਪ ਨਹੀਂ ਸੀ ਰਹਿੰਦਾ।

ਬੋਲ ਦਿੰਦਾ ਸੀ ਸਭ ਕੁਝ
ਹਰ ਲੇਖਕ ਨੂੰ। ਹਰ ਕਿਤਾਬ ਬਾਰੇ। ਬੜੇ ਚਾਅ ਨਾਲ।
ਅੱਜ ਲੇਖਕ ਹੈ, ਬੋਲ ਸਕਦਾ ਹੈ, ਲਿਖ ਸਕਦਾ ਹੈ।
ਪਰ ਅੱਜ ਚੁੱਪ ਹੈ ਵਿਚਾਰਾ।
ਲੱਗਦਾ ਲੇਖਕ ਤੋਂ ਬਾਅਦ ਹੁਣ ਪਾਠਕ ਬਣਨਾ ਲੋਚਦੈ।

## ਜੋਗੇ ਭੰਗਲ

*ਭੰਗਲ ਕਲਾਂ, ਨਵਾਂ ਸ਼ਹਿਰ-144514*
*ਮੋ.+9194659-52938*

## ਉਹ ਕੈਦੋਂ ਨਹੀਂ ਸੀ

ਇਸ਼ਕ ਵਿਚ ਟੰਗ ਅੜਾਉਣ ਵਾਲਾ
ਉਹ ਖ਼ੁਦ ਕੈਦੋਂ ਨਹੀਂ ਸੀ।
ਉਹਦੇ ਅੰਦਰ ਵੀ ਇਕ ਦਰਿਆ ਵਗਦਾ ਸੀ
ਉਸ ਦਰਿਆ 'ਚ ਇਕ ਉਬਾਲ ਸੀ
ਕੋਈ ਕਿਨਾਰੇ ਭੰਨਦਾ ਵੇਗ ਸੀ।
ਇਸ਼ਕ ਵਿਚ_____..
ਉਹ ਵੀ ਚਾਹੁੰਦਾ ਸੀ
ਝਨਾ 'ਚ ਠਿੱਲ ਜਾਣਾ
ਕਿਸੇ ਸੋਹਣੀ ਖ਼ਾਤਿਰ ਗੋਤਾ ਖਾਣਾ
ਉਹ ਦਰਿਆ 'ਚ ਮੇਲਦਾ ਜ਼ਖ਼ਮੀ ਨਾਗ ਸੀ
ਜੋ ਵੀ ਘੜਾ ਲੈ ਕੇ ਆਇਆ
ਉਹਦੇ ਡੰਗ ਨੇ ਨਾਗ-ਬਲ ਪਾਇਆ।
ਇਸ਼ਕ ਵਿਚ_____.
ਉਹ ਤਾਂ ਚਾਹੁੰਦਾ ਸੀ
ਕਿਸੇ ਸੱਸੀ ਲਈ
ਥੱਲ 'ਚ ਚਸ਼ਮਾ ਬਣ ਕੇ ਫੁੱਟਣਾ
ਪਰੰਤੂ ਉਹ ਮਚਦਾ ਰਿਹਾ
ਆਪਣੇ ਹੀ ਅੰਦਰ ਦੇ ਕਿਸੇ ਮਾਰੂਥਲ 'ਚ
ਜੋ ਇਸ਼ਕ 'ਚ ਕਮਲਾ ਹੋਇਆ
ਲਾਟ ਦੁਆਲੇ ਨੱਚਿਆ

ਉਸ ਰਾਖ ਕਰ ਸੁੱਟਿਆ।
ਇਸ਼ਕ ਵਿਚ______
ਉਸ ਨੇ ਚਾਹਿਆ
ਕਿਸੇ ਕਮਲ ਨੂੰ ਚੁੰਮਣਾ
ਉਹਦੇ ਅੰਦਰ ਆਲੋਪ ਹੋ ਜਾਣਾ
ਜਿਸ ਨੇ ਮਸਲੇ ਤਿੱਤਲੀਆਂ ਦੇ ਖੰਭ
ਉਹ ਉਹਦੇ ਅੰਦਰ ਦੀ ਜ਼ਖ਼ਮੀ ਉਡਾਨ ਸੀ।
ਇਸ਼ਕ ਵਿਚ______
ਉਹ ਵੀ ਚਾਹੁੰਦਾ ਸੀ
ਕੋਈ ਘਟਾ ਉੱਠੇ
ਸੋਹਣੇ ਨੀਲੇ-ਹਰੀਅਲ ਜਿਹੇ ਪਹਾੜ ਤੋਂ
ਉਹ ਪੈਲਾਂ ਪਾ ਪਾ ਨੱਚੇ
ਪਰ ਉਹ ਘੂਰਦਾ ਰਿਹਾ ਆਪਣੇ ਹੀ ਪੱਟਾਂ ਨੂੰ
ਜਿਹਨਾਂ 'ਤੇ ਉਹ ਮੋਰਨੀਆਂ ਨਚਾਉਣਾ ਚਾਹੁੰਦਾ ਸੀ
ਪਰ ਜੋ ਉਸ ਕੀਤਾ
ਉਹਦੇ ਪੱਟ ਦਾ ਇਕ ਫੱਟ ਸੀ
ਉਹ ਖ਼ੁਦ ਕੈਦੋਂ ਨਹੀਂ ਸੀ।
ਇਸ਼ਕ ਵਿਚ__________.

*ਪਿੰਡ/ ਡਾ- ਅਵਾਂਖਾ, ਜ਼ਿਲ੍ਹਾ/ਤਹਿ- ਗੁਰਦਾਸਪੁਰ*
*ਫੋਨ : 9781825255*

## ਬਿਸ਼ੰਬਰ ਅਵਾਂਖੀਆ

### ਗ਼ਜ਼ਲ

ਇਮਾਰਤ ਤਾਣ ਨਾ ਐਡੀ ਕਿ ਧੁੱਪ ਨੂੰ ਆਉਣ ਦੇ ।
ਇਨ੍ਹਾਂ ਝੁੱਗੀਆਂ ਨੂੰ ਵੀ ਥੋੜ੍ਹਾ ਜਿਹਾ ਮੁਸਕਾਉਣ ਦੇ।

ਤੂੰ ਕੱਲਿਆਂ ਹੀ ਇਹ ਅੰਬਰ ਬੈਠਿਆਂ ਏਂ ਸਾਂਭ ਕੇ,
ਕਦੀ ਸਾਨੂੰ ਵੀ ਅੰਬਰ ਨੂੰ ਜ਼ਰਾ ਹੱਥ ਲਾਉਣ ਦੇ।

ਸਫ਼ਲਤਾ ਵਾਸਤੇ ਹਰ ਪੈਂਤਰਾ ਅਜ਼ਮਾ ਲਿਆ,
ਜ਼ਰਾ ਮਿਹਨਤ ਨੂੰ ਵੀ ਥੋੜ੍ਹਾ ਜਿਹਾ ਅਜ਼ਮਾਉਣ ਦੇ।

ਇਵੇਂ ਹੱਥ ਜੋੜ ਕੇ ਮਿਲਣਾ ਕਿਸੇ ਨੂੰ ਕੁੱਝ ਨਹੀਂ,
ਕਿ ਝੰਡਾ ਮੁੜ ਬਗਾਵਤ ਦਾ ਕੋਈ ਲਹਿਰਾਉਣ ਦੇ।

ਜੇ ਅੱਜ ਮਿਲਿਆ ਨਹੀਂ ਕੰਮ, ਫੇਰ ਕੀ? ਕੱਲ੍ਹ ਨੂੰ ਸਹੀ,
ਕਿ ਦੇ ਕੇ ਆਸ ਝੂਠੀ ਫੇਰ ਮਨ ਸਮਝਾਉਣ ਦੇ।

ਸਿਖਾਵਾਂਗੇ ਸਬਕ਼ ਤੈਨੂੰ ਨਿਕੰਮੇ ਲੀਡਰਾ,
ਜ਼ਰਾ ਮਤਦਾਨ ਦਾ ਫਿਰ ਦੌਰ ਲਾਗੇ ਆਉਣ ਦੇ।

*ਪਿੰਡ-ਸੁਖਾਣਾ, ਲੁਧਿਆਣਾ*
*9855448646*

## ਸੁਖਦੀਪ ਸਿੰਘ 'ਸੁਖਾਣਾ'

## ਸਮੇਂ ਸਮੇਂ ਦੀ ਗੱਲ

ਨਾ ਕਿੱਕਰ, ਨਾ ਟਾਹਲੀ, ਨਾ ਹੀ ਤੂਤ ਸੰਭਾਲੇ ਗਏ,
ਇਨ੍ਹਾਂ ਬਾਝੋਂ ਹੁਣ ਭਲਾ ਕਦ ਛਾਵਾਂ ਲੱਭਦੀਆਂ ਨੇ।
ਖੋ ਗਏ ਦੂਰ ਬਰੋਟੇ ਬਈ ਮੇਰੇ ਪਿੰਡ ਦੀਆਂ ਜੂਹਾ ਤੋਂ,
ਨਾ ਪਿੱਪਲਾਂ ਦੇ ਥੱਲੇ ਹੁਣ ਉਹ ਸੱਥਾ ਸੱਜਦੀਆਂ ਨੇ।
ਕੋਈ ਨਾ ਖੇਡੇ ਗੁੱਲੀ-ਡੰਡਾ, ਨਾ ਛੂਹ-ਸਲਾਕੀ ਜੀ,
ਨਾ ਉਹ ਲੱਭਣ ਤ੍ਰਿੰਝਣ ਤੇ ਨਾ ਤੀਆਂ ਲੱਗਦੀਆਂ ਨੇ।
ਮਾਪੇ 'ਕੱਲ੍ਹੇ ਛੱਡ ਕੇ ਪੀੜੀ ਭੱਜੇ ਵਿਦੇਸ਼ਾਂ ਨੂੰ,
ਘਰ ਦੀਆਂ ਕੰਧਾਂ ਨਾਲ ਵਿਲਕਦੀਆਂ ਮਾਵਾਂ ਲੱਭਦੀਆਂ ਨੇ।
ਕੋਈ ਨਾ ਮੰਗਦਾ ਧੀ ਇਥੇ ਅੱਡ ਝੋਲੀ ਰੱਬ ਕੋਲੋਂ,
ਹਰ ਕਿਸੇ ਦੀਆਂ ਦਿਲੋਂ ਦੁਆਵਾਂ ਪੁੱਤਰ ਮੰਗਦੀਆਂ ਨੇ।
ਨਸ਼ਿਆਂ ਦੇ ਵਿਚ ਰੁੜਦੀ ਜਾਵੇ ਜਵਾਨੀ ਬੱਚਦੀ ਨੀ,
ਹਰ ਤੀਜੇ ਪਿੰਡ ਦਿਸਣ ਲਾਟਾਂ ਸਿਵ੍ਹੇ ਦੀ ਅੱਗ ਦੀਆਂ ਨੇ।
ਖੌਰੇ ਕੀਹਦੀ ਨਜ਼ਰ ਲੱਗੀ ਮੇਰੇ ਪੰਜਾਬ ਵਿਚਾਰੇ ਨੂੰ,
ਵੇਖ ਹਾਲਾਤ ਇਹੋ ਜੇ 'ਸੁੱਖੇ' ਦੀਆਂ ਅੱਖਾਂ ਵੱਗਦੀਆਂ ਨੇ।

# 'ਜਿਉਣਾ ਸੱਚ ਬਾਕੀ ਝੂਠ' ਦੇ ਭਾਸ਼ਾਈ ਅਤੇ ਮਨੋਵਿਗਿਆਨਕ ਸੰਦਰਭ

*ਕੁਲਦੀਪ ਸਿੰਘ ਦੀਪ (ਡਾ.)*

ਦੁਨੀਆ ਦੀ ਹਰ ਭਾਸ਼ਾ ਦੇ ਸਾਹਿਤ ਦੀ ਟੈਕਸਟ ਭਾਸ਼ਾਈ ਰੂਪ ਵਿਚ ਇਕ ਸੱਭਿਆਚਾਰਕ ਟੈਕਸਟ ਹੁੰਦੀ ਹੈ। ਉਸ ਭਾਸ਼ਾ ਦੇ ਸ਼ਬਦ ਮਹਿਜ ਅੱਖਰਾਂ ਦੇ ਜੋੜ ਤੋਂ ਬਣੇ ਸ਼ਬਦ ਨਹੀਂ ਹੁੰਦੇ ਹਨ, ਬਲਕਿ ਉਹਨਾਂ ਸ਼ਬਦਾਂ ਦਾ ਇਕ ਸੱਭਿਆਚਾਰਕ ਸੰਦਰਭ ਹੁੰਦਾ ਹੈ ਅਤੇ ਹਰ ਸ਼ਬਦ ਇਕ ਸੰਕਲਪ ਦੇ ਰੂਪ ਵਿਚ ਆਪਣੇ ਸੱਭਿਆਚਾਰਕ ਸੰਦਰਭ ਵਿਚ ਹੀ ਡੀਕੋਡ ਹੁੰਦਾ ਹੈ। ਜਿਵੇਂ ਚੰਨ ਸ਼ਬਦ ਦਾ ਕੋਸ਼ਗੱਤ ਅਰਥ ਹਰ ਭਾਸ਼ਾ ਵਿਚ ਇੱਕੋ ਹੈ ਹੈ ਪਰ ਸਭਿਆਚਾਰ ਅਰਥ ਵੱਖਰਾ ਹੈ। ਸਪੇਨ ਦੀ ਲੋਕਧਾਰਾ ਵਿਚ ਚੰਨ ਮੁਹਬੱਤ ਦਾ ਦੁਸ਼ਮਣ ਹੈ ਅਤੇ ਦੋਖੀ ਤਾਕਤ ਦਾ ਮੈਟਾਫਰ ਬਣ ਕੇ ਉਭਰਦਾ ਹੈ ਜਦ ਕਿ ਉਹੀ ਚੰਨ ਜਦ ਭਾਰਤੀ ਲੋਕਧਾਰਾ ਦੇ ਸੰਦਰਭ ਵਿਚ ਡੀਕੋਡ ਹੁੰਦਾ ਹੈ ਤਾਂ ਚੰਨ ਅਤੇ ਚਾਨਣੀ ਮੁਹਬੱਤ ਦਾ ਮੈਟਾਫਰ ਬਣ ਕੇ ਉਭਰਦੇ ਹਨ। ਇਸੇ ਤਰ੍ਹਾਂ ਚਾਚਾ ਅਤੇ ਅੰਕਲ ਡਿਕਸ਼ਨਰੀ ਵਿਚ ਸਮਾਨ ਅਰਥੀ ਹੋਣ ਦੇ ਬਾਵਜੂਦ ਸੱਭਿਆਚਾਰਕ ਸੰਦਰਭ ਵਿਚ ਸਮਾਨਾਰਥਕ ਨਹੀਂ। ਪੱਛਮੀ ਸੰਦਰਭ ਵਿਚ ਇਸ ਦਾ ਅਰਥ 'ਪਿਤਾ ਤੋਂ ਬਿਨਾ ਬਾਕੀ ਸਾਰੇ ਅੰਕਲ' ਦੇ ਰੂਪ ਵਿਚ ਲਿਆ ਜਾਂਦਾ ਹੈ ਜਦ ਕਿ ਭਾਰਤੀ ਸੰਦਰਭ ਵਿਚ ਇਸ ਦਾ ਅਰਥ ਪਿਤਾ ਦੇ ਛੋਟੇ ਭਰਾ ਤੋਂ ਲਿਆ ਜਾਂਦਾ ਹੈ। ਇਕ ਬੱਚੇ ਲਈ ਬਸ ਕੰਡਕਟਰ ਅਤੇ ਟਾਫੀਆਂ ਵੇਚਣ ਵਾਲਾ ਦੁਕਾਨਦਾਰ ਅੰਕਲ ਹੋ ਸਕਦਾ ਹੈ ਪਰ ਚਾਚਾ ਨਹੀਂ ਹੋ ਸਕਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਭਾਸ਼ਾ ਵਿਚ ਅਰਥ ਸਿਰਫ ਸ਼ਾਬਦਿਕ ਹੀ ਨਹੀਂ ਹੁੰਦੇ ਬਲਕਿ ਸੰਦਰਭ ਯੁਕਤ ਹੁੰਦੇ ਹਨ ਅਤੇ ਸੰਦਰਭ ਦੀਆਂ ਜੜ੍ਹਾਂ ਅੱਗੋ ਉਸ ਦੇ ਸੱਭਿਆਚਾਰਕ ਧਰਾਤਲ ਵਿਚ ਹੁੰਦੀਆਂ ਹਨ।

ਸਾਹਿਤ ਇਕ ਸ਼ਾਬਦਿਕ ਕਲਾ ਹੈ ਜਿਸ ਵਿਚ ਸ਼ਬਦ ਦੇ ਮਾਧਿਅਮ ਰਾਹੀਂ ਕਿਸੇ ਵਿਚਾਰ ਜਾਂ ਵਸਤੂ ਨੂੰ ਕਿਸੇ ਵਿਸ਼ੇਸ਼ ਵਿਧਾ ਵਿਚ

*2891, ਅਰਬਨ ਅਸਟੇਟ, ਪਟਿਆਲਾ।*
*ਫੋਨ : 9876820600, 9855255956*

ਬੰਨ੍ਹ ਕੇ ਸੁਹਜਾਤਮਕ ਤਰੀਕੇ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ। ਕੋਈ ਵਿਚਾਰ ਜਾਂ ਵਸਤੂ ਉੱਪਰੀ ਨਜ਼ਰੇ ਸਾਡੇ ਸੁਚੇਤ ਮਨ ਵਿੱਚੋਂ ਪੈਦਾ ਹੁੰਦੇ ਹਨ ਪਰ ਇਹ ਅਧੂਰਾ ਸੱਚ ਹੈ। ਪੂਰਾ ਸੱਚ ਇਹ ਹੈ ਕਿ ਕੋਈ ਵਿਚਾਰ/ਜਜ਼ਬਾ ਜਾਂ ਵਸਤੂ ਅਚਨਚੇਤ ਰੂਪ ਵਿਚ ਤੁਹਾਡੇ ਸੁਚੇਤ ਮਨ ਵਿੱਚੋਂ ਨਹੀਂ ਪੈਦਾ ਹੁੰਦਾ ਬਲਕਿ ਇਸ ਪਿੱਛੇ ਤੁਹਾਡਾ ਅਵਚੇਤਨ ਕਾਰਜਸ਼ੀਲ ਹੁੰਦਾ ਹੈ। ਮਨੁੱਖ ਦੀਆਂ ਸਭ ਪ੍ਰਕਾਰ ਦੀਆਂ ਪ੍ਰਤੀਕਿਰਆਵਾਂ ਦਾ ਮੂਲ ਆਧਾਰ ਮਨੁੱਖੀ ਅਵਚੇਤਨ ਹੀ ਹੁੰਦਾ ਹੈ। ਅਵਚੇਤਨ ਆਦਿਮ ਜਜ਼ਬਿਆਂ ਦਾ ਮੁਜੱਸਮਾ ਹੁੰਦਾ ਹੈ। ਇਹਨਾਂ ਆਦਿਮ ਜਜ਼ਬਿਆਂ ਵਿਚ ਪਿਆਰ (ਵਸਲ ਤੇ ਵਿਛੋੜਾ), ਤਰਸ, ਡਰ, ਘਿਰਣਾ, ਗੁੱਸਾ, ਜੋਸ਼ ਆਦਿ ਸਭ ਪ੍ਰਕਾਰ ਦੇ ਜਜ਼ਬੇ ਆ ਸ਼ਾਮਿਲ ਹੁੰਦੇ ਹਨ। ਜਦ ਵੀ ਮਨੁੱਖ ਕੋਈ ਕਰਮ ਕਰਦਾ ਹੈ ਜਾਂ ਕਿਸੇ ਕੀਤੇ ਹੋਏ ਕਰਮ ਦੇ ਖਿਲਾਫ਼ ਆਪਣਾ ਪ੍ਰਤੀਕਰਮ ਦਿੰਦਾ ਹੈ ਤਾਂ ਉਸ ਦੀ ਪ੍ਰਤੀਕਰਿਆ ਦਾ ਆਧਾਰ ਇਹੋ ਜਜ਼ਬੇ ਹੁੰਦੇ ਹਨ ਜੋ ਉਸ ਦੇ ਅਵਚੇਤਨ ਦਾ ਅਹਿਮ ਹਿੱਸਾ ਹੁੰਦੇ ਹਨ। ਮਨੁੱਖੀ ਅਵਚੇਤਨ ਦਾ ਨਿਰਮਾਣ ਇਕ ਦਿਨ ਵਿਚ ਨਹੀਂ ਹੁੰਦਾ ਬਲਕਿ ਇਕ ਖਾਸ ਭੂਗੋਲਿਕ ਖਿੱਤੇ ਵਿਚ ਵੱਸਣ ਵਾਲੇ ਸਮੂਹ ਦੀਆਂ ਭੂਗੋਲਿਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸੰਰਚਨਾਵਾਂ ਉਸ ਦੇ ਵਿਹਾਰ ਦੇ ਪੈਟਰਨਾਂ ਨੂੰ ਆਹਿਸਤਾ ਆਹਿਸਤਾ ਨਿਰਧਾਰਿਤ ਕਰਦੀਆਂ ਹਨ। ਸਹਿਜ ਰੂਪ ਵਿਚ ਚੱਲਣ ਵਾਲੇ ਇਸ ਅਮਲ ਰਾਹੀਂ ਕਿਸੇ ਵਿਅਕਤੀ ਜਾਂ ਕੌਮ ਦਾ ਅਵਚੇਤਨ ਤੈਅ ਹੁੰਦਾ ਹੈ। ਇਸ ਅਵਚੇਤਨ ਦਾ ਪ੍ਰਗਟਾਵਾ ਉਸ ਦੀ ਹਰ ਪ੍ਰਤੀਕਿਰਿਆ ਵਿੱਚੋਂ ਹੁੰਦਾ ਹੈ। ਇਹ ਪ੍ਰਗਟਾਵਾ ਉਂਞ ਤਾਂ ਬਹੁਤ ਸਾਰੇ ਰੂਪਾਂ ਵਿਚ ਹੋ ਸਕਦਾ ਹੈ ਪਰ ਮੁੱਖ ਤੌਰ 'ਤੇ ਇਸ ਦੇ ਦੋ ਹੋਰ ਰੂਪ ਹਨ:

- ਅਸ਼ਾਬਦਿਕ
- ਸ਼ਾਬਦਿਕ

ਅਸ਼ਾਬਦਿਕ ਪ੍ਰਤੀਕਿਰਿਆ ਵਿਚ ਮਨੁੱਖ ਦੇ ਅੰਗਾਂ ਦੀ ਭਾਸ਼ਾ (ਨ੍ਰਿਤ, ਖੇਡ, ਲੜਾਈ), ਹਾਵ-ਭਾਵਾਂ ਦੀ ਭਾਸ਼ਾਂ (ਨਾਟਕ), ਰੰਗਾਂ ਦੀ ਭਾਸ਼ਾ (ਚਿਤਰਕਲਾ), ਸੁਰਾਂ ਦੀ ਭਾਸ਼ਾ (ਸੰਗੀਤ), ਪਦਾਰਥ ਜਿਵੇਂ ਗਾਰਾ, ਚੂਨਾ, ਪੱਥਰ, ਮਿੱਟੀ ਆਦਿ ਦੀ ਭਾਸ਼ਾ (ਬੁੱਤ ਸ਼ਾਜ਼ੀ) ਆਦਿ ਸ਼ਾਮਿਲ ਹਨ। ਜਦ ਕਿ ਸ਼ਾਬਦਿਕ ਭਾਸ਼ਾ ਵਿਚ ਸ਼ਬਦ ਦੇ ਮਾਧਿਅਮ ਰਾਹੀਂ ਜਜ਼ਬਿਆਂ ਦਾ ਪ੍ਰਸਤੁਤੀਕਰਨ ਸ਼ਾਮਿਲ ਹੈ। ਇਸ ਵਿਚ ਸਾਹਿਤ ਦੇ ਵੱਖ-ਵੱਖ ਰੂਪ ਆ ਜਾਂਦੇ ਹਨ।

ਕਿਸੇ ਸ਼ਾਬਦਕਿ ਟੈਕਸਟ ਦਾ ਅਧਿਐਨ ਕਰਨ ਦਾ ਅਰਥ ਸਿਰਫ਼ ਇਹ ਮਹੱਤਵਪੂਰਨ ਨਹੀਂ ਕਿ ਉਸ ਵਿਚ ਕੀ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ ਬਲਕਿ ਇਹ ਵੀ ਉੱਨਾ ਹੀ ਮਹੱਤਵਪੂਰਨ ਹੈ ਕਿ ਕਹੀ ਜਾਣ ਵਾਲੀ ਗੱਲ ਕਿਸ ਮਾਧਿਅਮ ਰਾਹੀਂ ਅਤੇ ਕਿੰਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਮ੍ਹਣੇ ਆ ਸਕੀ ਹੈ। ਇਸ ਦ੍ਰਿਸ਼ਟੀ ਤੋਂ ਜਦ ਅਸੀਂ ਗਲਪ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਜੋ ਗੱਲ ਸਭ ਤੋਂ ਮਹੱਤਵਪੂਰਨ ਸਮਝ ਵਿਚ ਆਉਂਦੀ ਹੈ, ਉਹ ਇਹ ਹੈ ਕਿ ਸਾਰੀਆਂ ਗਲਪੀ ਵੰਨਗੀਆਂ ਕੁੱਝ ਪਾਤਰਾਂ ਰਾਹੀਂ ਸਿਰਜੇ ਕਥਾਨਕ ਉੱਪਰ ਹੀ ਨਿਰਭਰ ਕਰਦੀਆਂ ਹਨ। ਇਹ ਪਾਤਰ ਮਹਿਜ ਇਕ ਵਿਅਕਤੀ (ਮਰਦ/ਔਰਤ) ਹੀ ਨਹੀਂ ਹੁੰਦੇ ਬਲਕਿ ਇਕ ਸਮੂਹ ਦੇ ਸਭਿੱਆਚਾਰਕ ਅਵਚੇਤਨ ਵਿੱਚੋਂ ਸਹਿਜ ਰੂਪ ਵਿਚ ਕਸ਼ੀਦੀ ਜੀਵਨ ਜਾਚ ਦੇ ਪ੍ਰਤੀਨਿਧ ਪਾਤਰ ਹੁੰਦੇ ਹਨ। ਇਸ ਲਈ ਇਹਨਾਂ ਪਾਤਰਾਂ ਰਾਹੀਂ ਸਿਰਜਿਆ ਕਥਾਨਕ ਮਹਿਜ ਸ਼ਾਬਦਿਕ ਸੰਰਚਨਾ ਨਹੀਂ ਹੁੰਦਾ ਬਲਕਿ ਇਹ ਇਕ ਸੱਭਿਆਚਾਰਕ ਟੈਕਸਟ ਹੁੰਦੀ ਹੈ ਅਤੇ ਜਿਸ ਦੇ ਅਰਥਾਂ ਤੀਕ ਪਹੁੰਚਣ

ਲਈ ਉਸ ਸਮੂਹ ਦੇ ਸੱਭਿਆਚਾਰਕ ਸਰੋਕਾਰਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ।

ਜਤਿੰਦਰ ਸਿੰਘ ਹਾਂਸ ਰਚਿਤ ਪੁਸਤਕ 'ਜਿਉਣਾ ਸੱਚ ਬਾਕੀ ਝੂਠ' ਨੂੰ ਵੀ ਜਦ ਅਸੀਂ ਇਸ ਨਜ਼ਰੀਏ ਤੋਂ ਪਰਖਦੇ ਹਾਂ ਤਾਂ ਇਹ ਇਕ ਅਜਿਹੀ ਸੱਭਿਆਚਾਰਕ ਟੈਕਸਟ ਦੇ ਰੂਪ ਵਿਚ ਅਸਤਿਤਵ ਧਾਰਨ ਕਰਦੀ ਹੈ, ਜੋ ਆਦਿਮ ਜਜ਼ਬਿਆਂ ਦੀ ਪੇਸ਼ਕਾਰੀ ਦੇ ਰੂਪ ਵਿਚ ਵੀ ਮਹੱਤਵਪੂਰਨ ਹੈ ਅਤੇ ਆਪਣੀ ਸੱਭਿਆਚਾਰਕ ਟੈਕਸਟ ਦੇ ਰੂਪ ਵਿਚ ਵੀ ਨਵੇਂ ਪ੍ਰਤਿਮਾਨ ਸਿਰਜਦੀ ਹੈ। ਆਦਿਮ ਜਜ਼ਬਿਆਂ ਦੇ ਨਜ਼ਰੀਏ ਤੋਂ ਇਸ ਪੁਸਤਕ ਵਿਚ ਸ਼ਾਮਿਲ ਸਾਰੀਆਂ ਕਹਾਣੀਆਂ ਹੀ ਬਹੁਤ ਅਹਿਮ ਹਨ। ਜਤਿੰਦਰ ਹਾਂਸ ਨੇ ਇਹਨਾਂ ਕਹਾਣੀਆਂ ਦੇ ਪਾਤਰਾਂ ਦੀ ਨਿਰਮਾਣਕਾਰੀ ਇਸ ਰੂਪ ਵਿਚ ਕੀਤੀ ਹੈ ਕਿ ਉਹਨਾਂ ਰਾਹੀਂ ਮਨੁੱਖੀ ਵਿਹਾਰ ਦੇ ਵਿੱਲਖਣ ਪੈਟਰਨ ਸਾਹਮਣੇ ਆਉਂਦੇ ਹਨ। ਇਹਨਾਂ ਕਹਾਣੀਆਂ ਦੇ ਸਾਰੇ ਮੁੱਖ ਪਾਤਰ ਆਪਣੀਆਂ ਉਦਾਹਰਨਾਂ ਆਪ ਹਨ, ਜੋ ਕਿਸੇ ਵੀ ਹੋਰ ਪਾਤਰ ਨਾਲ ਨਹੀਂ ਮਿਲਦੇ। ਇਹ ਸਾਰੇ ਪਾਤਰ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਜਦ ਕੁਦਰਤ ਨੇ ਕਿਸੇ ਵੀ ਮਨੁੱਖ ਨੂੰ ਨਾ ਅਕਲ ਅਤੇ ਨਾ ਸ਼ਕਲ ਪੱਖੋਂ ਇਕੋ ਜਿਹਾ ਸਿਰਜਿਆ ਹੈ, ਤਾਂ ਫਿਰ ਉਹਨਾਂ ਮਨੁੱਖਾਂ ਨੂੰ ਨਾ ਇੱਕੋ ਟਰੀਟਮੈਂਟ ਦਿੱਤਾ ਜਾ ਸਕਦਾ ਹੈ ਅਤੇ ਨਾ ਉਹਨਾਂ ਦੀ ਪ੍ਰਤੀਕਿਰਿਆ ਇੱਕੋ ਜਿਹੀ ਹੋ ਸਕਦੀ ਹੈ। ਜਦ ਕਿ ਸਮਾਜ ਉਹਨਾਂ ਦੀ ਫਰੇਮਿੰਗ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਿਅਕਤੀ ਅਤੇ ਸਮਾਜ ਦੇ ਰਿਸ਼ਤੇ ਦਾ ਇਹੀ ਦਵੰਦ ਹੈ। ਇਕ ਪਾਸੇ ਵਿਅਕਤੀਆਂ ਨੇ ਆਪਣੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਘੱਟੋ ਘੱਟ ਸਾਂਝੇ ਹਿੱਤਾਂ ਦੇ ਆਧਾਰ 'ਤੇ ਸਮਾਜ ਦੀ ਸਿਰਜਣਾ ਕਰਕੇ, ਇਸ ਨੂੰ ਆਪਣੇ ਆਪ 'ਤੇ ਲਾਗੂ ਕੀਤਾ ਅਤੇ ਦੂਜੇ ਪਾਸੇ ਉਸ ਦਾ ਨਿੱਜ ਉਸ ਦੁਆਰਾ ਸਿਰਜੀ ਇਸ ਸਮੂਹਕ ਸੰਰਚਨਾ ਦੇ ਨਿਯਮਾਂ ਅਤੇ ਨਿਰਧਾਰਿਤ ਟੈਬੂਜ਼ ਨੂੰ ਭੰਗ ਵੀ ਕਰਦਾ ਹੈ ਅਤੇ ਸੋਧ ਵੀ ਕਰਦਾ ਹੈ ਅਤੇ ਰੱਦ ਵੀ ਕਰਦਾ ਹੈ। ਇਸ ਪ੍ਰਕਾਰ ਮਨੁੱਖ ਦਾ ਜੀਵਵਿਗਿਆਨ ਨੇਮ ਪ੍ਰਬੰਧ, ਸਮਾਜਿਕ ਅਤੇ ਸੱਭਿਆਚਾਰਕ ਨੇਮ ਪ੍ਰਬੰਧ ਟਕਰਾਵੇਂ ਅਤੇ ਸਾਪੇਖਿਕ ਰਿਸ਼ਤੇ ਵਿਚ ਬੱਝ ਕੇ ਵਿਕਸਿਤ ਹੁੰਦੇ ਹਨ। ਮਨੁੱਖ ਆਪਣੀ ਅਵਚੇਤਨੀ ਵਿਲੱਖਣਤਾ ਕਾਰਨ ਕਦੇ ਵੀ ਮੁਕੰਮਲ ਤੌਰ 'ਤੇ ਸਮੂਹ ਵਿਚ ਜਜ਼ਬ ਨਹੀਂ ਹੁੰਦਾ ਬਲਕਿ ਸਮੂਹ ਦਾ ਹਿੱਸਾ ਬਣ ਕੇ ਵੀ ਆਪਣੀ ਵਿੱਲਖਣਤਾ ਘੜਦਾ ਹੈ ਅਤੇ ਇਸ ਨੂੰ ਸੁਤੰਤਰ ਰੂਪ ਵਿਚ ਕਾਇਮ ਵੀ ਰੱਖਦਾ ਹੈ। ਉਹ ਆਪਣੀ ਇਸ ਵਿੱਲਖਣ ਹਸਤੀ ਲਈ ਜੂਝਦਾ ਹੈ ਅਤੇ ਕਈ ਵਾਰ ਕਿਸੇ ਨੂੰ ਮਾਰਦਾ ਵੀ ਹੈ ਜਾਂ ਖ਼ੁਦ ਮਰਦਾ ਵੀ ਹੈ। ਉਸ ਦੀ ਇਕ ਟੱਕਰ ਬਹੁਪਰਤੀ ਹੁੰਦੀ ਹੈ :

- ਸਮਾਜਿਕ ਸੰਰਚਨਾ ਦਾ ਪ੍ਰਤਿਨਧ ਬਣੇ ਕਿਸੇ ਇਕ ਵਿਅਕਤੀ ਨਾਲ ਟੱਕਰ
- ਸਮਾਜਿਕ ਸੰਰਚਨਾ ਦਾ ਪ੍ਰਤੀਨਿਧ ਬਣੇ ਪੂਰੇ ਜਾਂ ਅਧੂਰੇ ਸਮੂਹ ਨਾਲ ਟੱਕਰ
- ਵਿਅਕਤੀ ਦੀ ਵਿਅਕਤੀ ਨਾਲ ਟੱਕਰ

ਜਦ ਵੀ ਕੋਈ ਗਲਪੀ ਜਾਂ ਨਾਟਕੀ ਰਚਨਾ ਦੀ ਸਿਰਜਣਾ ਹੁੰਦੀ ਹੈ ਤਾਂ ਸਿਰਜਕ ਇਸ ਦੇ ਮਨੋਵਿਗਿਆਨਕ ਧਰਾਤਲ ਵਿੱਚੋਂ ਹੀ ਆਪਣਾ ਕਥਾ ਵਸਤੂ ਉਸਾਰਦਾ ਹੈ ਅਤੇ ਇਸੇ ਵਿੱਚੋਂ ਹੀ ਆਪਣੇ ਪਾਤਰਾਂ ਦੀ ਨਿਰਮਾਣਕਾਰੀ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਜੇਕਰ ਜਤਿੰਦਰ ਹਾਂਸ ਦੇ ਕਹਾਣੀ ਸੰਗ੍ਰਹਿ 'ਜਿਉਣਾ ਸੱਚ ਬਾਕੀ ਝੂਠ' ਨੂੰ ਪੜਚੋਲੀਏ ਤਾਂ ਇਹ ਕਹਾਣੀ ਸੰਗ੍ਰਹਿ ਮਨੁੱਖੀ ਅਵਚੇਤਨ ਵਿਚ ਪਲਦੇ ਆਦਿਮ ਜਜ਼ਬਿਆਂ ਅਤੇ ਸੱਭਿਆਚਾਰਕ ਟੈਕਸਟ ਦੇ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਟੈਕਸਟ ਹੈ। ਆਦਿਮ ਜਜ਼ਬਿਆਂ ਦੀ ਦ੍ਰਿਸ਼ਟੀ ਤੋਂ ਇਸ ਪੁਸਤਕ ਵਿਚ ਸ਼ਾਮਿਲ ਉਸ

ਦੀਆਂ ਕਹਾਣੀਆਂ ਦੇ ਅਜਿਹੇ ਪਾਤਰਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਉਹਨਾਂ ਦੇ ਅਵਚੇਤਨੀ ਅਤੇ ਭਾਸ਼ਾਈ ਸੰਦਰਭ ਦਾ ਵਿਸ਼ਲੇਸ਼ਣ ਕਰਨਾ ਮਹੱਵਪੂਰਨ ਹੋਵੇਗਾ ਜੋ ਮਨੋਵਿਗਿਆਨ ਪੱਖੋਂ ਬਹੁਤ ਅਹਿਮ ਹਨ ਅਤੇ ਜਿਨ੍ਹਾਂ ਦੇ ਅਵਚੇਤਨ ਨੇ ਅਤੇ ਵਿਹਾਰ ਦੇ ਪੈਟਰਨਾਂ ਨੇ ਆਪੋ ਆਪਣੇ ਦਾਇਰਿਆਂ ਵਿਚ ਨਵੇਂ ਪ੍ਰਤੀਮਾਨ ਸਿਰਜੇ ਹਨ। ਅਜਿਹੇ ਕੁਝ ਅਹਿਮ ਪਾਤਰ ਇਸ ਪ੍ਰਕਾਰ ਹਨ:

- '' ਖਾਲੀ ਨਹੀਂ ਹੁੰਦਾ ਵਿਚ ਜਿੰਦੂ
- ਲਵ-ਜ਼ਿਹਾਦ ਦੀ ਨਾਇਕਾ
- ਬਾਕੀ ਸਭ ਝੂਠ ਹੈ ਦਾ ਡੈਡੀ
- ਲੁਤਰੋ ਦੀ ਲੁਤਰੋ ਅਤੇ ਉਸ ਦੀ ਮਾਲਕਣ
- ਅੰਨ ਬ੍ਰਹਮ ਹੈ ਦਾ ਕਾਮਰੇਟ, ਪੂਜਾ ਅਤੇ ਸਲੋਨੀ
- ਅੱਧੇ ਸੌ ਦਾ ਨੋਟ ਦੀ ਤਾਰੋ
- ਰਸ ਰੰਗ ਦਾ ਫੋਹੜ ਛੜਾ, ਬਾਪੂ ਅਤੇ ਜੈਲੋ
- ਗਹਿਣਾ ਦੀ ਮਾਂ ਤੇ ਭੂਆ
- ਵਿਸ਼ਵ ਸੁੰਦਰੀ ਵਿਚਲਾ ਮਰਦ

ਇਹਨਾਂ ਵਿੱਚੋਂ 'ਲਵ ਜ਼ਿਹਾਦ' ਅਤੇ 'ਵਿਸ਼ਵ ਸੁੰਦਰੀ' ਕਹਾਣੀ ਦੇ ਪਾਤਰਾਂ ਨੂੰ ਛੱਡ ਕੇ ਬਾਕੀ ਸਾਰੇ ਪਾਤਰ ਇਕ ਖਾਲਸ ਪਰੰਪਰਾਵਾਦੀ ਸਮੂਹਕ ਅਵਚੇਤਨ ਵਿੱਚੋਂ ਕਸੀਦੇ ਹੋਏ ਪਾਤਰ ਹਨ ਜੋ ਆਪਣਾ ਵਿਅਕਤਿਤਵ ਅਤੇ ਸੱਭਿਆਚਾਰਕ ਖਾਸਾ ਤਬਦੀਲ ਨਹੀਂ ਕਰਦੇ। ਇਸ ਪ੍ਰਕਿਰਿਆ ਵਿਚ ਉਹ ਭਾਵੇਂ ਸਾਮਜਿਕ ਵਰਤਾਰਿਆਂ ਅਤੇ ਬਦਲਦੇ ਮੁੱਲ ਪ੍ਰਬੰਧ ਦੇ ਹੱਥੋਂ ਪੀੜਤ ਵੀ ਹੁੰਦੇ ਹਨ, ਪਰ ਇਕ ਵਿਸ਼ੇਸ਼ ਜੀਵਨ ਅਤੇ ਮੁੱਲ ਪ੍ਰਬੰਧ ਵਿੱਚੋਂ ਵਿਕਸਿਤ ਹੋਇਆ ਉਹਨਾਂ ਦਾ ਸੱਭਿਆਚਾਰਕ ਅਵਚੇਤਨ ਉਹਨਾਂ ਦੇ ਕਿਰਦਾਰ ਨੂੰ ਬੰਨ੍ਹ ਕੇ ਰੱਖਦਾ ਹੈ। ਇਹ ਪਾਤਰ ਕੋਈ ਵੱਡੀ ਕਰਾਂਤੀ ਦੇ ਸਿਰਜਕ ਭਾਵੇਂ ਨਾ ਬਣਨ ਪਰ ਇਹਨਾਂ ਦਾ ਆਪਣੀ ਵਿਲੱਖਣਤਾ ਨੂੰ ਬਣਾਈ ਰੱਖਣਾ ਵੀ ਕੋਈ ਘੱਟ ਚੁਣੌਤੀਪੂਰਨ ਨਹੀਂ ਹੈ। ਕਹਾਣੀਕਾਰ ਦੀ ਪ੍ਰਾਪਤੀ ਇਸ ਤੱਥ ਵਿਚ ਹੈ ਕਿ ਉਹ ਆਪਣੀ ਭਾਸ਼ਾਈ ਸਮਰੱਥਾ ਰਾਹੀਂ ਇਹਨਾਂ ਪਾਤਰਾਂ ਦੀ ਨਿਰਮਾਣਕਾਰੀ ਇਸ ਪ੍ਰਕਾਰ ਕਰਦਾ ਹੈ ਕਿ ਇਹਨਾਂ ਦਾ ਉਹ ਅਵਚਤੇਨ ਉੱਭਰ ਕੇ ਸਾਮ੍ਹਣੇ ਆਵੇ ਜੋ ਇਹਨਾਂ ਦੇ ਵਿਹਾਰ ਦੇ ਪੈਟਰਨਾਂ ਨੂੰ ਨਿਯਮਿਤ ਕਰਦਾ ਹੈ। ਉਹ ਕਿਸੇ ਵੀ ਪਾਤਰ ਤੇ ਆਪਣਾ ਇੱਛਿੱਤ ਯਥਾਰਥ ਥੋਪਦਾ ਨਹੀਂ ਬਲਕਿ ਉਹਨਾਂ ਨੂੰ ਪਾਠਕੀ ਅਵਚੇਤਨ ਵਿਚ ਇਸ ਤਰ੍ਹਾਂ ਤੋਰ ਦਿੰਦਾ ਹੈ ਕਿ ਪਾਠਕ ਇਹਨਾਂ ਦੇ ਨਾਲ-ਨਾਲ ਤੁਰੇ ਅਤੇ ਇਹਨਾਂ ਦੀ ਵਿਲੱਖਣਤਾ ਨੂੰ ਪਛਾਣੇ। ਪਾਤਰਾਂ ਦਾ ਇਹ ਸਜੀਵ, ਸੁਭਾਵਕ ਅਤੇ ਸਹਿਜ ਵਿਕਾਸ ਹੀ ਇਹਨਾਂ ਕਹਾਣੀਆਂ ਦੀ ਸੱਭ ਤੋਂ ਵੱਡੀ ਪ੍ਰਾਪਤੀ ਹੈ।

ਪਹਿਲੀ ਕਹਾਣੀ ਦਾ ਕੇਂਦਰੀ ਪਾਤਰ ਜਿੰਦੂ ਬਹੁਤ ਮਹਤਵਪੂਰਨ ਬਾਲ ਪਾਤਰ ਹੈ ਜੋ ਇੱਕੋ ਵੇਲੇ ਸਾਡੇ ਸਮਾਜ ਦੀਆਂ ਕਈ ਪਰਤਾਂ ਨੂੰ ਉਧੇੜਦਾ ਹੈ :

- ਇਕ ਦਲਿਤ ਪਾਤਰ ਦੇ ਤੌਰ 'ਤੇ ਉਹ ਉਹਨਾਂ ਬੱਚਿਆਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਇਸ ਵੇਲੇ ਸਾਧਨਹੀਣ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਹਨ।
- ਇਕ ਅਜਿਹੇ ਬੱਚੇ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਸਿੱਖਿਆ ਨੀਤੀ ਦੇ ਮਕਾਨਕੀ ਏਜੰਡੇ ਵਿਚ ਫਿੱਟ ਨਹੀਂ ਬੈਠਦਾ।

- ਇਕ ਅਜਿਹੇ ਬੱਚੇ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਜ਼ਿੰਦਗੀ ਨੂੰ ਆਪਣੀ ਮਰਜ਼ੀ ਅਤੇ ਜ਼ਿੰਦਾਦਿਲੀ ਨਾਲ ਜਿਉਣਾ ਚਾਹੁੰਦਾ ਹੈ।

ਕਹਾਣੀ ਤੁਲਨਾਤਮਕ ਸੰਦਰਭ ਸਿਰਜਦੀ ਹੋਈ ਕਈ ਧਰਾਤਲਾਂ ਦੀ ਆਪਸ ਵਿਚ ਤੁਲਨਾ ਕਰਦੀ ਹੈ। ਪਹਿਲੀ ਤੁਲਨਾ ਉਹਨਾਂ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਨਾਲ ਹੈ ਜਿਹਨਾ ਵਿਚ ਅੱਜ ਕੱਲ੍ਹ ਜਿੰਦੂ ਵਰਗੇ ਦਲਿਤ ਵਰਗ ਦੇ ਹੀ ਬੱਚੇ ਜ਼ਿਆਦਾਤਰ ਪੜ੍ਹਦੇ ਹਨ। ਸਥਿਤੀਆਂ ਦਾ ਅਜੀਬ ਕਿਸਮ ਦਾ ਦੁਖਾਂਤ ਹੈ ਕਿ ਮੈਡਮ ਮੋਨਿਕਾ ਜਿੱਥੇ ਪੜ੍ਹਾਉਂਦੀ ਹੈ, ਉੱਥੇ ਉਸ ਦਾ ਬੱਚਾ ਨਹੀਂ ਪੜ੍ਹਦਾ। ਕਿਉਂਕਿ ਉਹ ਸਕੂਲ ਉਸ ਦੇ ਜਾਂ ਉਸ ਦੇ ਬੱਚਿਆਂ ਦੀਆਂ ਅਕਾਂਖਿਆਵਾਂ ਦੇ ਹਾਣ ਦਾ ਨਹੀਂ ਹੈ। ਪਰ ਦੂਜੇ ਪਾਸੇ ਜਿਸ ਸਕੂਲ ਵਿਚ ਉਸ ਦਾ ਬੱਚਾ ਪੜ੍ਹਦਾ ਹੈ ਅਤੇ 'ਉੱਚ ਪਾਏ' ਦੀ ਸਿੱਖਿਆ ਲੈ ਰਿਹਾ ਹੈ, ਉੱਥੇ ਅਲਕਾ ਵਰਗੀਆਂ ਅਧਿਆਪਕਾਵਾਂ ਨੂੰ ਨਿਗੂਣੀ ਤਨਖਾਹ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਮੈਡਮ ਮੋਨਿਕਾ ਲਈ ਆਪਣਾ ਬੱਚਾ ਸੋਨੇ ਦਾ ਖਰਾ ਰੁਪਈਆ ਹੈ ਪਰ ਉਸ ਲਈ ਜਿੰਦੂ ਵਰਗੇ ਬੱਚੇ ਗਿਲਟ ਦੀ ਧਾਤ ਵਰਗੇ ਹਨ, ਜੋ ਕਿਸੇ ਵੀ ਰੂਪ ਵਿਚ ਸੋਨੇ ਦੇ ਤੁੱਲ ਨਹੀਂ ਹੋ ਸਕਦੇ। ਸਥਿਤੀਆਂ ਦਾ ਦੁਖਾਂਤ ਇਹ ਵੀ ਹੈ ਕਿ ਜਿਸ ਦਲਿਤ ਵਰਗ ਦੇ ਜਿੰਦੂ ਵਰਗੇ ਬੱਚਿਆਂ ਨੂੰ ਮੋਨਿਕਾ ਮੈਡਮ ਗਿਲਟ ਕਹਿ ਕੇ 'ਹੀਣੇ' ਕਰਾਰ ਦੇ ਰਹੀ ਹੈ, ਉਹ ਖ਼ੁਦ ਉਸ ਵਰਗ ਨਾਲ ਸਬੰਧਤ ਹੈ ਅਤੇ ਉਸ ਸ਼੍ਰੇਣੀ ਦਾ ਲਾਭ ਲੈ ਕੇ ਉਹਨਾਂ ਦਾ ਸਾਰਾ ਪਰਿਵਾਰ ਨੌਕਰੀਆਂ ਤੇ ਪਰਮੋਸ਼ਨਾਂ ਲੈ ਰਿਹਾ ਹੈ।

ਜਿੰਦੂ ਦੇ ਰੂਪ ਵਿਚ ਇਸ ਕਹਾਣੀ ਦਾ ਦੂਜਾ ਵੱਡਾ ਮਸਲਾ ਸਿੱਖਿਆ ਦੇ ਨਾਂ 'ਤੇ ਦਿੱਤੀ ਜਾ ਰਹੀ ਅ-ਸਿੱਖਿਆ ਦਾ ਹੈ। ਸਾਡੀ ਸਿੱਖਿਆ ਅਤੇ ਸਿੱਖਿਆ ਨੀਤੀ ਦੇ ਕੇਂਦਰ ਵਿਚ ਬੱਚਾ ਨਹੀਂ ਹੈ। ਜੇ ਅਜਿਹਾ ਹੁੰਦਾ ਤਾਂ ਸਾਡੀ ਸਿੱਖਿਆ ਦਾ ਪਹਿਲਾ ਏਜੰਡਾ ਬੱਚਿਆਂ ਦੀ ਰੁਚੀ ਅਤੇ ਉਸ ਦੀਆਂ ਆਦਿਮ ਪ੍ਰਵਿਰਤੀਆਂ ਦੀ ਪਛਾਣ ਕਰਨ ਦਾ ਹੋਣਾ ਚਾਹੀਦਾ ਸੀ ਤਾਂ ਜੋ ਹਰ ਬੱਚੇ ਨੂੰ ਉਹ ਸਿਖਾਇਆ ਜਾਂਦਾ ਜੋ ਉਹ ਸਿੱਖ ਸਕਦਾ ਹੈ ਜਾਂ ਸਿੱਖਣਾ ਚਾਹੁੰਦਾ ਹੈ। ਥਾਮਸ ਐਡੀਸ਼ਨ ਤੋਂ ਲੈ ਕੇ ਜਿੰਦੂ ਤੱਕ ਪਤਾ ਨਹੀਂ ਅਸੀਂ ਕਿੰਨੇ ਬੱਚਿਆਂ ਨੂੰ 'ਡਫਰ', ਬੇਵਕੂਫ, ਮਿੱਟੀ ਦੇ ਮਾਧੋ, ਇੱਲਤੀ, ਸਿਆਸਤੀ ਆਦਿ ਕਹਿ ਕੇ ਜ਼ਿੰਦਗੀ ਦੀ ਮੁੱਖ ਧਾਰਾ ਵਿੱਚੋਂ ਕੱਢ ਦਿੰਦੇ ਹਾਂ। ਜਿੰਦੂ ਉਹਨਾਂ ਸਾਰੇ ਬੱਚਿਆਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਸਾਡੀ ਸਿੱਖਿਆ ਨੀਤੀ ਦੇ ਫਰੇਮ ਵਿਚ ਕਿੱਧਰੇ ਫਿਟ ਨਹੀਂ ਬੈਠ ਰਹੇ। ਇਸ ਦੀ ਨਜ਼ਰ ਵਿਚ ਉਹ ਨਖਿੱਧ ਅਤੇ ਨਿਖੱਟੂ ਹਨ ਪਰ ਅਸਲ ਵਿਚ ਉਹ ਸਿਰਜਣਾਤਮਕ ਰੁਚੀਆਂ ਦੇ ਧਾਰਨੀ ਹਨ। ਤਰਾਸਦੀ ਇਹ ਹੈ ਕਿ ਸਾਡੀ ਸਿੱਖਿਆ ਨੀਤੀ ਵਿਚ ਉਹਨਾਂ ਦੀ ਸਿਰਜਣਾਤਮਕਤਾ ਲਈ ਕੋਈ ਸਪੇਸ ਨਹੀਂ ਹੈ। ਕੁਦਰਤ ਨੇ ਹਰ ਮਨੁੱਖ ਨੂੰ ਵਿਲੱਖਣ ਬਣਾਇਆ ਹੈ ਪਰ ਸਾਡੀ ਸਿੱਖਿਆ ਫੇਰ ਸਾਰਿਆਂ ਨੂੰ ਇਕੋ ਫਰੇਮ ਵਿਚ ਢਾਲ ਰਹੀ ਹੈ। ਮੱਛੀ ਨੂੰ ਦਰਖ਼ਤ ਤੇ ਚੜ੍ਹਾਉਣ ਲਈ ਸਾਰਾ ਜ਼ੋਰ ਲਗਾਇਆ ਜਾ ਰਿਹਾ ਹੈ ਤੇ ਬਾਂਦਰ ਨੂੰ ਡੁਬਕੀਆਂ ਮਾਰਨਾ ਸਿਖਾਉਣ ਲਈ ਸਿਰ ਖਪਾਇਆ ਜਾ ਰਿਹਾ ਹੈ। ਇਹ ਕਹਾਣੀ ਇਕ ਪਾਸੇ ਜਿੰਦੂ ਦੀ ਸਿਰਜਣਾਤਮਕਤਾ ਨੂੰ ਅੱਗੇ ਲਿਆ ਰਹੀ ਹੈ ਅਤੇ ਦੂਜੇ ਪਾਸੇ ਸਾਡੇ ਸਿੱਖਿਆ ਤੰਤਰ ਦੇ ਉਸ ਨਖਿੱਧ ਵਿਹਾਰ 'ਤੇ ਉਂਗਲ ਰੱਖ ਰਹੀ ਹੈ ਜੋ ਉਸ ਦੀ ਰਚਨਾਤਮਕਤਾ ਨੂੰ ਮਾਰ ਕੇ ਆਪਣੀ ਨਖਿੱਧਤਾ ਨੂੰ ਤਾਂ ਛੁਪਾਉਂਦੀ ਹੈ ਅਤੇ ਜਿੰਦੂ ਵਰਗਿਆਂ ਨੂੰ ਨਖਿੱਧ ਹੋਣ ਦੇ ਫਤਵੇ ਦਿੰਦੀ ਹੈ। ਕਹਾਣੀ ਵਿਚ ਥਾਂ ਥਾਂ ਜਿੰਦੂ ਦੀ ਸਿਰਜਣਾਤਮਕਤਾ ਸਾਮ੍ਹਣੇ ਆਉਂਦੀ ਹੈ :

- ਉਹ ਹਾਜ਼ਰ ਜੁਆਬ ਹੈ।

- ਉਸ ਦੇ ਜੁਆਬ ਘਸੇ ਪਿਟੇ ਨਹੀਂ, ਉਸ ਅੰਦਰ ਵੱਖਰਾ ਅਤੇ ਵਿਲੱਖਣ ਸੋਚਣ ਦਾ ਹੁਨਰ ਹੈ।
- ਉਹ ਆਮ ਬੱਚਿਆਂ ਵਰਗਾ 'ਗੂੰਗਾ ਊਠ' ਨਹੀਂ, ਬਲਕਿ ਆਤਮਵਿਸ਼ਵਾਸੀ ਹੈ।
- ਉਸ ਅੰਦਰ ਦੂਜੇ ਬੰਦੇ ਨੂੰ 'ਪੜ੍ਹਨ', 'ਫੜ੍ਹਨ' ਅਤੇ ਉਸ ਦਾ ਕਿਰਦਾਰ 'ਘੜ੍ਹਨ' ਦੀ ਕਮਾਲ ਦੀ ਸ਼ਕਤੀ ਹੈ। ਇਸੇ ਲਈ ਉਹ ਮੈਡਮ ਮੋਨਿਕਾ ਦਾ ਨਾਮਕਰਨ ਇਕ ਮਿੰਟ ਵਿਚ 'ਬੱਤਖ' ਕਰ ਦਿੰਦਾ ਹੈ।
- ਉਹ ਬਹੁਤ ਸਿਰਜਣਾਤਮਕ ਹੈ ਕਿਉਂਕਿ ਉਹ ਹਰ ਗੱਲ 'ਤੇ 'ਐਕਸਪੈਰੀਮੈਂਟ' ਕਰਦਾ ਹੈ। ਵੱਧ ਸਿਰਜਣਾਤਮਕ ਬੱਚੇ ਚੀਜ਼ਾਂ ਨੂੰ ਉਲਟਾ-ਪੁਲਟਾ ਕਰਕੇ ਅਤੇ ਖੋਲ੍ਹ ਕੇ ਜਾਂ ਤੋੜ-ਮਰੋੜ ਕੇ ਵਧੇਰੇ ਦੇਖਦੇ ਹਨ ਕਿਉਂਕਿ ਉਹਨਾਂ ਅੰਦਰ ਨਵਾਂ ਜਾਣਨ ਅਤੇ ਕਰਨ ਦੀ ਉਤਸੁਕਤਾ ਹੁੰਦੀ ਹੈ। ਜਿਵੇਂ ਜਿੰਦੂ ਬੈਗ ਦੀ ਜਿੱਪ ਨਾਲ ਕਰਦਾ ਹੈ।
- ਜਦ ਉਸ ਨੂੰ ਮੌਕਾ ਮਿਲਦਾ ਹੈ ਤਾਂ ਉਹ ਬਹੁਤ ਮੌਲਿਕ ਤਰੀਕੇ ਨਾਲ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਉਂਦਾ ਹੈ। ਉਹ ਆਪਣੇ ਹਰਮਨ ਪਿਆਰੇ ਅਧਿਆਪਕ ਦੇ ਮਨ ਦੀ ਗੱਲ ਉਸ ਦੇ ਕਹਿਣ ਤੋਂ ਪਹਿਲਾਂ ਬੁੱਝ ਲੈਂਦਾ ਹੈ । ਜਦ ਉਸ ਨੂੰ ਸਕਿੱਟ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਮੌਕੇ ਤੇ ਹੀ ਇੰਪਰੋਵਾਈਜ਼ ਕਰਕੇ ਆਪਣੇ ਨਿੱਜੀ ਜੀਵਨ ਨਾਲ ਜੁੜੀ ਹੋਈ ਸਕਿੱਟ ਕਰਦਾ ਹੈ।
- ਉਸ ਦੀ ਸਾਰੀ ਪ੍ਰਤਿਭਾ ਨੂੰ ਇਗਨੋਰ ਕਰਕੇ ਮੈਡਮ ਮੋਨਿਕਾ ਉਸ ਨੂੰ ਨਿਰਾਸ਼ ਕਰਦੀ ਹੈ ਜਦ ਕਿ ਦੂਜਾ ਅਧਿਆਪਕ ਜਦ ਇਹ ਕਹਿੰਦਾ ਹੈ ਕਿ, "ਫਿਲਮਾਂ ਦਾ ਹੀਰੋ ਬਣੂੰਗਾ ਸਾਡਾ ਰਾਜਾ....ਆਪਾਂ ਸਕੂਲ 'ਚ ਨਾਟਕ ਤਿਆਰ ਕਰਾਂਗੇ" ਤਾਂ ਉਸ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਹੈ। ਇਹ ਚਮਕ ਹੀ ਇਹ ਸਿੱਧ ਕਰਦੀ ਹੈ ਕਿ '' ਖਾਲੀ ਨਹੀਂ ਹੁੰਦਾ ਅਤੇ ਇਸ ਚਮਕ ਨੂੰ ਸਮਝਣਾ, ਪਰਿਭਾਸ਼ਿਤ ਕਰਨਾ ਅਤੇ ਚਮਕ ਦੀ ਤਲਾਸ਼ ਕਰਕੇ ਹੋਰ ਚਮਕਾਉਣਾ ਹੀ ਸਾਡੀ ਸਿੱਖਿਆ ਨੀਤੀ ਦਾ ਏਜੰਡਾ ਹੋਣਾ ਚਾਹੀਦਾ ਹੈ ਪਰ ਜਿਸ ਸਿੱਖਿਆ ਨੀਤੀ ਦੇ ਤਹਿਤ ਸਕੂਲਾਂ ਨੂੰ ਚਲਾਉਣ ਵਾਲੇ ਮੰਤਰੀ ਹੀ ਇਸ ਨੂੰ 'ਢਾਬੇ' ਕਹਿ ਕੇ ਤਿਰਸਕਾਰਿਤ ਕਰਦੇ ਹੋਣ ਅਤੇ ਜਿੱਥੇ ਵੱਖ ਵੱਖ ਪ੍ਰਾਜੈਕਟਾਂ ਦੇ ਨਾਂ 'ਤੇ ਬੱਚਿਆਂ ਦੀ ਸਿਰਜਣਾਤਮਕਤਾ ਅਤੇ ਵਿਲੱਖਣਤਾ ਨੂੰ ਮਾਰ ਕੇ ਉਹਨਾਂ ਨੂੰ ਇਕੋ ਕਿਸਮ ਦੇ ਟੀਚੇ ਅਤੇ ਟਰੀਟਮੈਂਟ ਦੇਕੇ ਮਸ਼ੀਨਾਂ ਬਣਾਇਆ ਜਾ ਰਿਹਾ ਹੋਵੇ, ਉੱਥੇ ਇਸ ਕਹਾਣੀ ਦੇ ਜਿੰਦੂ ਵਰਗੇ ਪਾਤਰਾਂ ਦਾ ਮਹੱਤਵ ਬਹੁਤ ਵਧ ਜਾਂਦਾ ਹੈ।

ਇਸੇ ਤਰ੍ਹਾਂ 'ਬਾਕੀ ਸਭ ਝੂਠ ਆ' ਕਹਾਣੀ ਦਾ ਮੁੱਖ ਪਾਤਰ 'ਡੈਡੀ' ਬਹੁਤ ਹੀ ਜ਼ਿੰਦਾਦਿਲ ਪਾਤਰ ਹੈ। ਜਗੀਰਦਾਰੀ ਮੁੱਲ ਪ੍ਰਬੰਧ ਦੀ ਪ੍ਰਤੀਨਿਧਤਾ ਕਰਨ ਵਾਲਾ ਇਹ ਪਾਤਰ ਵਿਸ਼ਵਾਸ ਦੇ ਸਿਰ 'ਤੇ ਜਿਉਂਦਾ ਹੈ। ਇਹ ਕਹਾਣੀ ਭਾਰਤੀ ਅਵਚੇਤਨ ਵਿਚ ਪਈ ਇਸ ਮਿੱਥ ਕਿ 'ਮਰਨਾ ਸੱਚ ਤੇ ਜਿਉਣਾ ਝੂਠ' ਨੂੰ ਉਲਟਾ ਕੇ 'ਜਿਉਣਾ ਸੱਚ ਬਾਕੀ ਝੂਠ' ਦੀ ਧਾਰਨਾ ਨੂੰ ਸਥਾਪਤ ਕਰਦੀ ਹੈ। ਇਸ ਕਹਾਣੀ ਵਿਚ ਜਗਜੀਤ ਦਾ ਡੈਡੀ ਇਸੇ ਧਾਰਨਾ ਦੇ ਮੁਤਾਬਕ ਜ਼ਿੰਦਗੀ ਜਿਉਂਦਾ ਹੈ। ਉਸ ਨੂੰ ਸਿੱਖ ਗੁਰੂਆਂ ਖਾਸ ਕਰ ਗੁਰੂ ਗੋਬਿੰਦ ਸਿੰਘ 'ਤੇ ਅਥਾਹ ਵਿਸ਼ਵਾਸ ਹੈ। ਇਸ ਵਿਸ਼ਵਾਸ ਦੇ ਆਧਾਰ 'ਤੇ ਹੀ ਉਸ ਨੂੰ ਪਿੰਡ ਦੇ ਲੋਕਾਂ ਨੇ 'ਗੁਰੂ ਮਾਰਾਜ' ਦੀ ਛੇੜ ਵੀ ਪਾਈ ਹੈ। 'ਗੁਰੂ ਮਾਰਾਜ' ਉਸ ਦਾ ਤਕੀਆ ਕਲਾਮ ਬਣ ਚੁੱਕਿਆ ਹੈ ਅਤੇ ਇਹ ਹਰ ਥਾਂ ਵਾਰ-

ਵਾਰ ਆਪਣੇ ਵਿਸ਼ਵਾਸ ਨੂੰ ਦੁਹਰਾਉਂਦਾ ਹੈ:

ਇਕ ਦਿਨ ਮੈਂ 'ਮਾਰੂ ਰਾਗ' ਗਾਉਂਦਾ, ਤੂਤ ਦੀ ਛਾਵੇਂ ਬਾਣ ਦੇ ਮੰਜੇ 'ਤੇ ਪੈ ਗਿਆ। 'ਧਰਮਰਾਜ ਦੀ ਧੀ' ਨੇ ਮੈਨੂੰ ਆ ਘੇਰਿਆ।

....ਸੱਚੇ ਪਾਤਸ਼ਾਹ, 'ਗੁਰੂ ਮਾਰਾਜ' ਨੀਲੇ ਘੋੜੇ ਤੇ ਸਵਾਰ, ਉਹਨਾਂ ਦੇ ਹੱਥ ਵਿਚ ਲਿਸ਼ਕ ਰਹੀ ਤਲਵਾਰ, ਮੋਢੇ 'ਤੇ ਬਾਜ਼, ਉਹਨਾਂ ਦੇ ਚਿਹਰੇ ਦੀ ਤਾਬ ਝੱਲੀ ਨਾ ਜਾਵੇ। ਮੇਰਾ ਮੋਢਾ ਥਾਪੜ ਕੇ ਕਿਹਾ, "ਬੇਟਾ ਕਦੇ ਹਿੰਮਤ ਨੀ ਹਾਰਨੀ।"

ਦਰਅਸਲ ਉਹ ਅਜਿਹਾ ਪਾਤਰ ਹੈ ਜਿਸ ਦੇ ਪੋਟੇ-ਪੋਟੇ ਵਿਚ ਵਿਸ਼ਵਾਸ ਹੈ, ਰਿਸ਼ਤਿਆਂ ਦਾ ਅਹਿਸਾਸ ਹੈ, ਜਿਉਣ ਦੀ ਭਰਪੂਰ ਤਮੰਨਾ ਹੈ ਅਤੇ ਇਸ ਤਮੰਨਾ ਲਈ ਜੂਝ ਮਰਨ ਦੀ ਦਲੇਰੀ ਹੈ। ਇਸ ਵਿਸ਼ਵਾਸ ਦੀ ਤਾਕਤ ਦੇ ਸਿਰ 'ਤੇ ਹੀ ਉਹ ਟਰਾਲੀ ਦੇ ਥੱਲੇ ਆਪਣੀ ਲੱਤ ਦੇ ਦਿੰਦਾ ਹੈ, ਟਰੈਕਟਰ ਨੂੰ ਅੱਗ ਦੀਆਂ ਲਪਟਾਂ ਵਿੱਚੋਂ ਵੀ ਬਚਾ ਲੈਂਦਾ ਹੈ ਅਤੇ ਆਪਣੇ ਘਰ ਦੀ ਥੁੜ੍ਹੀ ਟੁੱਟੀ ਕਬੀਲਦਾਰੀ ਨੂੰ ਸੂਤ ਸਿਰ ਕਰ ਲੈਂਦਾ ਹੈ। ਜਗੀਰੂ ਦੌਰ ਦੇ ਰਿਸ਼ਤੇ ਨਾ ਸਿਰਫ ਬੰਦਿਆਂ ਤੱਕ ਹੀ ਹੁੰਦੇ ਹਨ, ਬਲਕਿ ਹਰ ਉਸ ਚੀਜ਼ ਨਾਲ ਵੀ ਹੁੰਦੇ ਹਨ ਜਿਸ ਨੇ ਉਹਨਾਂ ਦੀ ਜ਼ਿੰਦਗੀ ਨੂੰ ਚੰਗੇ ਜਾਂ ਮਾੜੇ ਰੂਪ ਵਿਚ ਪ੍ਰਭਾਵਿਤ ਕੀਤਾ ਹੋਵੇ। ਉਹਨਾਂ ਦਾ ਪਸ਼ੂਆਂ ਨਾਲ ਵੀ ਮਨੁੱਖਾਂ ਵਰਗਾ ਨਾਤਾ ਹੁੰਦਾ ਹੈ ਅਤੇ ਖੇਤੀ ਦੇ ਸੰਦਾਂ, ਵਿਸ਼ੇਸ਼ ਤੌਰ 'ਤੇ ਟਰੈਕਟਰ ਨਾਲ ਵੀ ਜਿੰਦ-ਜਾਨ ਦਾ ਰਿਸ਼ਤਾ ਹੁੰਦਾ ਹੈ। ਜਗਜੀਤ ਦੇ ਡੈਡੀ ਦਾ ਵੀ ਆਪਣੇ ਟਰੈਕਟਰ ਨਾਲ ਘਰ ਦੇ ਜੀਆਂ ਵਰਗਾ ਰਿਸ਼ਤਾ ਹੈ। ਜਦ ਪੂੰਜੀਵਾਦੀ ਦੌਰ ਦਾ ਸਿੱਖਿਆ-ਯਾਫ਼ਤਾ ਜਗਜੀਤ ਟਰੈਕਟਰ ਨੂੰ ਕਬਾੜੀਆਂ ਨੂੰ ਵੇਚ ਦਿੰਦਾ ਹੈ ਤਾਂ ਉਸ ਦਾ ਟਰੈਕਟਰ ਪ੍ਰਤੀ ਸਜਿੰਦ ਰਿਸ਼ਤਾ ਅਤੇ ਵੇਦਨਾ ਉੱਭਰ ਕੇ ਸਾਮ੍ਹਣੇ ਆਉਂਦੀ ਹੈ।

"ਉਏ ਕੰਜਰਾ, ਕਬਾੜੀਏ ਤਾਂ ਬੁੱਚੜ ਹੁੰਦੇ ਨੇ। ਬੁਚੱੜਾਂ ਨੂੰ ਤਾਂ ਜੇ ਸਾਲ ਭਰ ਕਿਸੇ ਡੰਗਰ ਦਾ ਦੁੱਧ ਪੀ ਲਈਏ ਤਾਂ ਆਪਾਂ ਉਹ ਨਹੀਂ ਵੇਚਦੇ। ਤੂੰ ਜੀਹਦੀ ਸਾਰੀ ਉਮਰ ਕਮਾਈ ਖਾਧੀ ਉਹੀ ਬੁੱਚੜਾਂ ਹੱਥ ਫੜਾ ਤਾ, ਉਹਦਾ ਉਹਨਾਂ ਨਟ ਨਟ ਕਰਕੇ ਵੇਚ ਦੇਣਾ।"

ਇਸ ਤੋਂ ਪਹਿਲਾਂ ਵੀ ਟਰੈਕਟਰ ਪ੍ਰਤੀ ਉਸ ਦੇ ਅਜਿਹੇ ਭਾਵ ਸਾਮ੍ਹਣੇ ਆਉਂਦੇ ਹਨ। ਆਪਣੇ ਮੁੰਡੇ ਪ੍ਰਤੀ ਵੀ ਉਸ ਦੇ ਵੱਡੇ ਵਿਸ਼ਵਾਸ ਸਨ। ਉਹ ਹਮੇਸ਼ਾ ਆਸ਼ਾਵਾਦੀ ਨਜ਼ਰੀਏ ਨਾਲ ਆਖਦਾ, "ਮੇਰਾ ਜਗਜੀਤ ਵਧੀਆ ਤੇ ਵੱਡਾ ਬੰਦਾ ਬਣੂ, ਮੈਂ ਇਹਦੇ ਸਿਰ 'ਤੇ ਰਾਜ ਭੋਗਣਾ।" ਹਲਾਂਕਿ ਜਗਜੀਤ ਪੂੰਜੀਵਾਦੀ ਪ੍ਰਬੰਧ ਦੇ ਫਰੇਮ ਵਿੱਚੋਂ ਵਿਕਸਿਤ ਹੋਇਆ ਨੌਜਵਾਨ ਹੈ ਜਿਸ ਕੋਲ ਨਾ ਆਸ ਹੈ ਨਾ ਵਿਸ਼ਵਾਸ ਹੈ, ਨਾ ਰਿਸ਼ਤਾ ਹੈ ਨਾ ਅਪਣੱਤ। ਉਸ ਦੇ ਡੈਡੀ ਦੀਆਂ ਉਸ ਤੋਂ ਆਸਾਂ ਵਧਦੀਆਂ ਜਾ ਰਹੀਆਂ ਸਨ ਪਰ ਉਹ ਲਗਾਤਾਰ ਡਗਮਗਾ ਰਿਹਾ ਸੀ। ਨੌਕਰੀ ਨਾ ਮਿਲਣ ਕਰਕੇ ਉਹ ਨਿਰਾਸ਼ ਵੀ ਰਹਿੰਦਾ ਅਤੇ ਨਸ਼ੇ ਵੀ ਕਰਦਾ। ਪੂਜੀਵਾਦੀ ਪ੍ਰਬੰਧ ਦੀ 'ਵਰਤੋ ਅਤੇ ਸੁੱਟੋ' ਦੀ ਧਾਰਨਾ ਮੁਤਾਬਕ ਉਸ ਦਾ ਟਰੈਕਟਰ ਪ੍ਰਤੀ ਉਸ ਦੇ ਡੈਡੀ ਵਰਗਾ ਲਗਾਅ ਕਦੇ ਵੀ ਨਹੀਂ ਸੀ। ਸਗੋਂ ਉਹ ਇਕ ਸਟੇਜ 'ਤੇ ਜਾ ਕੇ ਪੁਰਾਣੇ ਟਰੈਕਟਰ ਤੋਂ ਖਿਝਦਾ ਹੈ ਜਦ ਉਹ ਟੋਚਨ ਮੁਕਾਬਲੇ ਵਿਚ ਪੁਰਾਣੇ ਟਰੈਕਟਰ ਕਰਕੇ ਹਾਰ ਜਾਂਦਾ ਹੈ। ਇਸ ਲਈ ਉਹ ਡੈਡੀ ਦੀ ਗ਼ੈਰਹਾਜ਼ਰੀ ਵਿਚ ਕਬਾੜੀਆਂ ਨੂੰ ਟਰੈਕਟਰ ਵੇਚ ਦਿੰਦਾ ਹੈ ਜਿਸ ਕਾਰਨ ਉਸ ਦਾ ਡੈਡੀ ਨਾਲ ਤਕਰਾਰ ਹੁੰਦਾ ਹੈ ਅਤੇ ਜਿੱਦਬਾਜ਼ੀ ਵਿਚ ਉਹ ਸਪਰੇਅ ਪੀਣ ਲੱਗਦਾ ਹੈ। ਉਸ ਨੂੰ ਰੋਕਣ 'ਤੇ ਉਹ ਫਹੁੜਾ ਚੁੱਕ

ਕੇ ਘੁੰਮਾ ਦਿੰਦਾ ਹੈ ਅਤੇ ਬਾਪ ਦਾ ਸਿਰ ਫਾੜ ਦਿੰਦਾ ਹੈ। ਕਹਾਣੀ ਦਾ ਕਲਾਈਮੈਕਸ ਵਿਸ਼ਵਾਸ ਦਾ ਉਹ ਸਿਖ਼ਰ ਹੈ ਜੋ ਜਗਜੀਤ ਦੇ ਡੈਡੀ ਨੂੰ ਬਹੁਤ ਸ਼ਸ਼ਕਤ ਅਤੇ ਯਾਦਗਾਰ ਪਾਤਰ ਬਣਾ ਦਿੰਦਾ ਹੈ। ਪੁੱਤ ਹੱਥ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਅਤੇ ਪੁੱਤ ਦੇ ਜੇਲ੍ਹ ਜਾਣ ਤੋਂ ਬਾਅਦ ਵੀ ਜਦ ਉਹ ਪੱਟੀਆਂ ਵਿਚ ਲਿਪਟਿਆ ਆਪਣੇ ਪੁੱਤ ਨੂੰ ਇਹ ਕਹਿੰਦਾ ਹੈ ਕਿ :

"ਉਏ ਕੁਝ ਨਹੀਂ ਹੁੰਦਾ, ਮੈਨੂੰ 'ਗੁਰੂ ਮਾਰਾਜ' ਦਾ ਥਾਪੜਾ। ਖੱਟਾ ਖ਼ੂਨ ਸੀ ਉਹ ਨਿਕਲ ਗਿਆ।"

"ਇਕ ਗੱਲ ਮੇਰੀ ਪੱਲੇ ਬੰਨ੍ਹ ਲਾ ਜਿਹੜੀ ਮੈਂ 'ਗੁਰੂ ਮਾਰਾਜ' ਤੋਂ ਸਿੱਖੀ ਆ 'ਜਿਉਣਾ ਸੱਚ ਆ...ਬਾਕੀ ਸਭ ਝੂਠ ਆ....ਇਕ ਵਾਰ ਨਾ ਕੀ ਹੋਇਆ..."

ਇਹ ਇਸ ਪਾਤਰ ਦੀ ਜ਼ਿੰਦਾਦਿਲੀ, ਵਿਸ਼ਵਾਸ ਅਤੇ ਮੁਆਫ਼ ਕਰ ਦੇਣ ਦੀ ਪ੍ਰਵਿਰਤੀ ਦਾ ਸਿਖ਼ਰ ਹੈ ਜਿਸ ਨਾਲ ਇਹ ਪਾਤਰ ਪੰਜਾਬੀ ਗਲਪ ਦੇ ਸ਼ਕਤੀਸ਼ਾਲੀ ਪਾਤਰਾਂ ਵਿਚ ਸ਼ੁਮਾਰ ਕਰ ਜਾਂਦਾ ਹੈ।

ਆਦਿਮ ਅਵਚੇਤਨ ਦੀ ਦ੍ਰਿਸ਼ਟੀ ਤੋਂ 'ਲੁਤਰੋ' ਕਹਾਣੀ ਦੇ ਦੋਵੇਂ ਪਾਤਰ ਮਾਲਕਣ ਅਤੇ ਨੌਕਰਾਣੀ ਮੁੱਕੋ ਕਮਾਲ ਦੇ ਪਾਤਰ ਹਨ। ਜਿੱਥੇ ਮਾਲਕਣ ਰਾਹੀਂ ਆਧੁਨਿਕ ਦੌਰ ਵਿਚ ਇਕਲਾਪੇ ਵਿਚ ਜ਼ਿੰਦਗੀ ਜਿਉਣ ਵਾਲੇ ਲੋਕਾਂ ਦੀ ਪੀੜ ਸਾਮ੍ਹਣੇ ਆਉਂਦੀ ਹੈ ਉੱਥੇ ਮੁੱਕੋ ਇਸ ਕਹਾਣੀ ਦੀ ਬਹੁਤ ਹੀ ਜਾਨਦਾਰ ਪਾਤਰ ਹੈ ਜੋ ਹਰ ਹਾਲਤ ਵਿਚ ਜ਼ਿੰਦਗੀ ਜਿਉਣਾ ਲੋਚਦੀ ਹੈ। ਉਸ ਦੇ ਧੜਕਦੇ ਅਹਿਸਾਸ ਉਸ ਦੀ ਸਾਧਨਹੀਣਤਾ ਦੇ ਖਲਾਅ ਨੂੰ ਵੀ ਭਰ ਦਿੰਦੇ ਹਨ ਅਤੇ ਉਸ ਦੀ ਆਰਥਿਕਤਾ ਦਾ ਵੀ ਮਜ਼ਬੂਤ ਨੁੰਮਣਾ ਬਣ ਜਾਂਦੇ ਹਨ। ਮੁੱਕੋ ਤੇ ਉਹ ਬਜ਼ੁਰਗ ਔਰਤ ਜ਼ਿੰਦਗੀ ਦੇ ਦੋ ਸਿਰੇ ਹਨ, ਦੋਵਾਂ ਦਾ ਆਪੋ ਆਪਣਾ ਆਰਥਿਕ ਅਤੇ ਸਮਾਜਿਕ ਧਰਾਤਲ ਹੈ ਜਿਸ ਵਿੱਚੋਂ ਉਹਨਾਂ ਦਾ ਵਿਲੱਖਣ ਅਵਚੇਤਨ ਵਿਕਸਿਤ ਹੋਇਆ ਹੈ। ਬਜ਼ੁਰਗ ਔਰਤ ਜਿੱਥੇ ਅੱਖੜ ਸੁਭਾਅ ਦੀ ਹੈ, ਉੱਥੇ ਮੁੱਕੋ ਜ਼ਿੰਦਾਦਿਲ ਅਤੇ ਚੰਚਲ ਸੁਭਾਅ ਦੀ ਹੈ। ਬਜ਼ੁਰਗ ਔਰਤ ਸਰਦੇ-ਬਰਦੇ ਘਰ ਦੀ ਹੈ ਪਰ ਕੁਝ ਆਪਣੇ ਅੱਖੜ ਸੁਭਾਅ ਕਾਰਨ ਤੇ ਕੁਝ ਪੂੰਜੀਵਾਦੀ ਜੀਵਨ ਜਾਚ ਦੀ ਨਿੱਜ-ਪ੍ਰਸਤੀ ਕਾਰਨ ਉਸ ਦਾ ਮੁੰਡਾ ਅਤੇ ਨੂੰਹ ਉਸ ਕੋਲ ਨਹੀਂ ਰਹਿੰਦੇ। ਉਹ ਰਿਸ਼ਤਿਆਂ ਦੇ ਵਿਗੋਚੇ ਕਾਰਨ ਸਰੀਰਕ ਤੌਰ 'ਤੇ ਵੀ ਪੀੜਤ ਹੈ ਤੇ ਮਾਨਸਿਕ ਤੌਰ 'ਤੇ ਵੀ ਪੀੜਤ ਹੈ। ਉਸ ਨੂੰ ਜ਼ਿੰਦਗੀ ਪ੍ਰਤੀ ਹਜ਼ਾਰਾਂ ਗਿਲੇ ਹਨ ਪਰ ਫੇਰ ਵੀ ਜ਼ਿੰਦਗੀ ਜਿਉਣ ਦੇ ਆਹਰ ਵਿਚ ਹੈ। ਦੂਜੇ ਪਾਸੇ ਮੁੱਕੋ ਦਾ ਪਤੀ ਸ਼ਰਾਬੀ ਕਬਾਬੀ ਅਤੇ ਐਬੀ ਹੈ ਜੋ ਨਾ ਕੰਮ ਕਰਦਾ ਹੈ, ਨਾ ਮੁੱਕੋ ਨੂੰ ਸਵੀਕਾਰ ਕਰਦਾ ਹੈ ਬਲਕਿ ਉਸ ਦੇ ਕਿਰਦਾਰ 'ਤੇ ਸ਼ੱਕ ਕਰਦਾ ਹੈ। ਮੁੱਕੋ ਬਹੁਤ ਖ਼ੁੱਦਾਰ ਚਰਿੱਤਰ ਦੀ ਧਾਰਨੀ ਹੈ। ਉਹ ਦੀ ਹੋਣੀ ਜਨਮ ਤੋਂ ਹੀ ਤ੍ਰਾਸਦੀ ਭਰਪੂਰ ਰਹੀ ਹੈ। ਉਸ ਦਾ ਬਾਪ ਦਲੀਪਾ ਉਸ ਦੇ ਜਨਮ 'ਤੇ ਇਹ ਕਹਿ ਕੇ ਆਪਣੀ ਪਤਨੀ 'ਤੇ ਸ਼ੱਕ ਕਰਦਾ ਹੈ ਕਿ "ਸਾਡੇ ਖ਼ਾਨਦਾਨ 'ਚ ਤਾਂ ਕੁੜੀ ਹੋਈ ਨਹੀਂ, ਦੱਸ ਇਹ ਕੀਹਦੀ ਆ।" ਰੁਲ਼-ਖੁਲ਼ ਕੇ ਪਲੀ ਤੇ ਜਦ ਵਿਆਹੀ ਗਈ ਤਾਂ ਪਤੀ ਦੇ ਤਸ਼ੱਦਦ ਦਾ ਸ਼ਿਕਾਰ ਹੋਈ ਅਤੇ ਅਖ਼ੀਰ ਉਸ ਨੂੰ ਛੱਡ ਕੇ ਭੱਜ ਆਈ। ਮਾਲਕਣ ਦੇ ਇਹ ਪੁੱਛਣ ਤੇ ਕਿ "ਤੈਨੂੰ ਤੇਰਾ ਘਰ ਆਲਾ ਨੀ ਯਾਦ ਆਉਂਦਾ?" ਉਸ ਦੇ ਅੰਦਰਲੀ ਖਿਝ, ਦਲੇਰੀ, ਪੀੜ ਅਤੇ ਖ਼ੁੱਦਾਰੀ ਵਿਸਫੋਟ ਵਾਂਗ ਬਾਹਰ ਆਉਂਦੀ ਹੈ :

"ਹਾੜੇ ਬੀਬੀ ਉਹਦਾ ਨਾਂ ਨਾ ਲੈ, ਚੁੱਲ੍ਹੇ 'ਚ ਜਾਣੇ ਦਾ। ਉਹਨੂੰ ਯਾਦ ਕਰਕੇ ਤਾਂ

ਮੇਰੀ ਰੂਹ ਕੰਬ ਜਾਂਦੀ ਆ। ਬੀਬੀ ਉਹਦੀ ਸੋਚ ਨੀ ਵਧੀਆ। ਉਹ ਕਿਸੇ ਕੰਮ ਦਾ ਡੱਕਾ ਦੂਹਰਾ ਕਰਕੇ ਰਾਜੀ ਨੀ। ਸਾਰਾ ਦਿਨ ਨਸ਼ੇ ਕਰਦਾ ਤੁਰਿਆ ਰਹਿੰਦਾ। ਮੈਂ ਹੀ ਉੱਥੇ ਫੈਕਟਰੀ ਚ ਕੰਮ ਕਰਕੇ ਘਰ ਤੋਰਦੀ ਸੀ। ਕੇਰਾਂ ਬੀਬੀ ਮੇਰੇ ਤੇ ਮਿੱਟੀ ਦਾ ਤੇਲ ਪਾ ਤਾ, ਬਸ ਉਹਨੂੰ ਤੀਲਾਂ ਦੀ ਡੱਬੀ ਨੀ ਲੱਭੀ। ਮੈਂ ਭੱਜ ਕੇ ਬੀਹੀ 'ਚ ਨਿਕਲ ਆਈ, ਲੋਕਾਂ ਨੇ ਮੇਰੀ ਜਾਨ ਬਚਾਈ। ਕੇਰਾਂ ਤਾਂ ਬੀਬੀ ਉਹਨੇ ਮੇਰਾ ਸੁੱਤੀ ਪਈ ਦਾ ਗਲ ਘੁੱਟਤਾ। ਮੇਰਾ ਤਾਂ ਰੌਲਾ ਪਾਉਣ ਨੂੰ ਵੀ ਬੋਲ ਨਾ ਨਿੱਕਲੇ। ਜੇ ਮੈਨੂੰ ਕੁਛ ਹੋ ਜਾਂਦਾ, ਮੇਰੇ ਤਾਂ ਬੱਚੇ ਰੁਲ ਜਾਂਦੇ। ਬਸ ਉਹਨੂੰ ਇਹੀ ਦੁੱਖ ਆ ਮੈਂ ਹੱਸਦੀ ਕਿਉਂ ਆ। ਅਖੇ ਲੋਕ ਸ਼ੱਕ ਕਰਦੇ ਨੇ। ਸ਼ੱਕ ਹਰਾਮੀ ਆਪ ਕਰਦਾ। ਇਕ ਗੱਲ ਦੱਸਾਂ ਬੀਬੀ ਇਹ ਸ਼ੱਕ ਬੜੀ ਬੁਰੀ ਬੀਮਾਰੀ ਆ। ਸ਼ੱਕ ਕਰਕੇ ਜ਼ਿੰਦਗੀ ਬਰਬਾਦ ਹੋ ਜਾਂਦੀ ਆ, ਦੋਵਾਂ ਜੀਆਂ ਦੀ। ਸ਼ੱਕ ਕਰਕੇ ਜ਼ਿੰਦਗੀ ਬਰਬਾਦ ਕਰਨ ਨਾਲੋਂ ਵਿਸ਼ਵਾਸ ਕਰਕੇ ਧੋਖਾ ਖਾ ਲੈਣਾ ਕਿਤੇ ਚੰਗਾ।"

ਉਹ ਇਕ ਪਾਸੇ ਪਤੀ ਦੀਆਂ ਵਧੀਕੀਆਂ ਕਾਰਨ ਉਸ ਨੂੰ ਛੱਡ ਦਿੰਦੀ ਹੈ ਪਰ ਦੂਜੇ ਪਾਸੇ ਕੈਂਸਰ ਨਾਲ ਪੀੜਤ ਆਪਣੇ ਪਿਤਾ ਅਤੇ ਆਪਣੇ ਬੱਚਿਆਂ ਦਾ ਬੇਹੱਦ ਖਿਆਲ ਰੱਖਦੀ ਹੈ। ਬੇਓੜਕ ਕੰਮ ਕਰਦੀ ਹੈ, ਹਰ ਪਲ ਹੱਸਦੀ ਹੈ ਅਤੇ ਉਸ ਨੇ ਜ਼ਿੰਦਗੀ ਜਿਉਣ ਦਾ ਚਾਅ, ਨਖਰਾ ਤੇ ਮੜ੍ਹਕ ਬਣਾ ਕੇ ਰੱਖੀ ਹੋਈ ਹੈ। ਇਕ ਪਾਸੇ ਉਸ ਦੀ ਮਾਲਕਣ ਹੈ ਜੋ ਆਪਣੇ ਇਕਲਾਪੇ ਦੀ ਸਤਾਈ ਜ਼ਿੰਦਗੀ ਤੋਂ ਨਿਰਾਸ਼ ਵੀ ਹੈ ਅਤੇ ਜ਼ਿੰਦਗੀ ਪ੍ਰਤੀ ਨਾਰਾਜ਼ ਵੀ ਹੈ, ਦੂਜੇ ਪਾਸੇ ਉਹ ਨਾ ਕੇਵਲ ਆਪਣੇ ਕੰਮਾਂ ਨੂੰ ਅਤੇ ਤਰਜ਼ੀਹਾਂ ਨੂੰ ਇਨਜੁਆਏ ਕਰਦੀ ਹੈ, ਬਲਕਿ ਆਲੇ ਦੁਆਲੇ ਨਾਲ ਵੀ ਜ਼ਿੰਦਾਦਿਲੀ ਵਾਲਾ ਸੰਵਾਦ ਕਾਇਮ ਕਰਦੀ ਹੈ ਅਤੇ ਜਿਉਣ ਦੇ ਖ਼ੂਬਸੂਰਤ ਬਹਾਨੇ ਲੱਭਦੀ ਹੈ। ਮਾਲਕਣ ਦੁਆਰਾ ਇਹ ਪੁੱਛਣ 'ਤੇ ਕਿ ਉਹ ਆਪਣੀਆਂ ਗੁਆਂਢਣਾਂ ਦੀ ਲੜਾਈ ਵਿਚ ਕੀ ਕਰਦੀ ਸੀ, ਉਸ ਨੇ ਕਿਹਾ ਕਿ :

"ਬੀਬੀ ਮੈਂ ਤਾਂ ਉਹਨਾਂ ਦੀ ਲੜਾਈ ਦੇਖਣੀ ਸੀ। ਜਦੋਂ ਉਹ ਲੜਦੀਆਂ ਨੇ ਇਕ ਦੂਜੀ ਨੂੰ ਮਿਹਣੇ ਮਾਰਦੀਆਂ ਨੇ, ਤਾਂ ਪਤਾ ਲੱਗ ਜਾਂਦਾ, ਕਿਹੜੀ ਕੀਹਦੇ ਨਾਲ ਆ ...।" ਉਹ ਹੱਸਣ ਲੱਗਦੀ।

–"ਨੀ ਦੁਰ ਫਿਟੇ ਮੂੰਹ, ਮੈਂ ਤੇਰੀ ਹਫਤੇ ਦੀ ਤਨਖਾਹ ਕੱਟੂੰ...।"

–"ਨਾ ਬੀਬੀ ਐਂ ਨਾ ਕਰੀਂ, ਮੈਂ ਤਾਂ ਦਿਨ ਤਿਹਾਰ ਦੀ ਵੀ ਛੁੱਟੀ ਨੀ ਕਰਦੀ।"

–"ਜੇ ਕਿਤੇ ਫਿਰ ਤੇਰੀਆਂ ਗੁਆਂਢਣਾਂ ਆਪਸ ਵਿਚ ਲੜ ਪਈਆਂ?"

–"ਫਿਰ ਤਾਂ ਬੀਬੀ ਬੇਵਾਹ, ਫੇਰ ਤਾਂ ਛੁੱਟੀ ਕਰਨੀ ਹੀ ਪੈਣੀ ਆਂ, ਭਾਵੇਂ ਮਹੀਨੇ ਦੀ ਹੀ ਤਨਖਾਹ ਕੱਟ ਲਈਂ। ਲੜਾਈ ਤਾਂ ਮੈਂ ਦੇਖਣੀ ਹੀ ਦੇਖਣੀ ਆ।" ਉਹ ਹੱਸਦੀ ਹੱਸਦੀ ਘਰੋਂ ਬਾਹਰ ਨਿਕਲ ਗਈ।

–"ਤੇਰਾ ਬੇੜਾ ਤਰ ਜੇ ...ਹਰਾਂਬੜ ਜਹਾਨ ਦੀ।" ਮੇਰਾ ਵੀ ਹਾਸਾ ਨਿਕਲ ਗਿਆ।

'ਅੰਨ ਬ੍ਰਹਮ ਹੈ' ਕਹਾਣੀ ਵਿਚਲੇ ਪਾਤਰ ਕਾਮਰੇਟ ਅਤੇ ਪੂਜਾ (ਕੁਦੇਸਣ)ਵੱਖੋ ਵੱਖਰੇ ਧਰਾਤਲ ਦੇ ਪਾਤਰ ਹਨ। ਕਾਮਰੇਟ ਪਾਤਰ ਉਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਬਿਨਾ ਕਿਸੇ ਸਿਆਸਤ ਅਤੇ ਸੁਆਰਥ ਦੇ ਆਪਣੀ ਸਮਰੱਥਾ ਮੁਤਾਬਕ ਥੁੜ੍ਹੇ-ਟੁੱਟੇ ਲੋਕਾਂ ਦੀ ਲੜਾਈ

ਲੜਦਾ ਹੈ। ਉਸ ਨੂੰ ਸਿਧਾਂਤਕ ਤੌਰ 'ਤੇ ਕਿਸੇ ਸਮਾਜਵਾਦੀ ਫਿਲਾਸਫੀ ਦੀ ਸਮਝ ਨਹੀਂ ਪਰ ਵਿਹਾਰਕ ਤੌਰ 'ਤੇ ਉਹ ਆਪਣੇ ਅਮਲ ਵਿੱਚੋਂ ਜਮਾਤੀ ਦੁਸ਼ਮਣ ਦੀ ਪਛਾਣ ਕਰਦਾ ਹੈ ਅਤੇ ਆਪਣੇ ਵਿੱਤ ਤੇ ਸਮਝ ਮੁਤਾਬਕ ਉਹਨਾਂ ਨਾਲ ਲੜਾਈ ਲੜਦਾ ਹੈ। ਉਹ ਜਿੰਨਾ ਥੁੜ੍ਹੇ-ਟੁੱਟੇ ਲੋਕਾਂ ਲਈ ਲੜਾਈ ਲੜਦਾ ਹੈ, ਉਹਨਾਂ ਵਿਚ ਉਹ ਕਿਸਾਨ ਵੀ ਹਨ ਜਿਨ੍ਹਾਂ ਲਈ ਉਹ ਗੱਡੀ ਦੀ ਲੀਹ ਤੇ ਲੇਟ ਕੇ ਟਰੇਨ ਰੋਕਦਾ ਹੈ, ਉਹ ਗ਼ਰੀਬ ਤਬਕਾ ਵੀ ਹੈ, ਜਿਨ੍ਹਾਂ ਦੇ ਭਾਰੀ ਬਾਰਿਸ਼ ਕਾਰਨ ਘਰ-ਘਾਟ ਤਬਾਹ ਹੋ ਜਾਂਦੇ ਹਨ, ਜਿੰਨ੍ਹਾ ਲਈ ਉਹ ਗੁਦਾਮ ਦੀ ਕਣਕ ਲੋਕਾਂ ਵਿਚ ਵੰਡਣ ਲਈ 'ਮੋਰਚਾ' ਲਾਉਂਦਾ ਹੈ ਅਤੇ ਥੋੜ੍ਹੀ-ਬਹੁਤ ਭੋਇੰ ਜੋ ਉਸ ਕੋਲ ਸੀ, ਉਹ ਵੀ ਵੇਚ ਦਿੰਦਾ ਹੈ। ਇਸੇ ਤਰ੍ਹਾਂ ਉਸ ਦੀ ਇਕ ਲੜਾਈ ਵਿਚ ਕੁਦੇਸਣ ਔਰਤ ਪੂਜਾ ਅਤੇ ਉਸ ਦੀ ਧੀ ਸਲੋਨੀ ਵੀ ਹੈ। ਇਹ ਵੀ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਇਥੇ ਢਿੱਡ ਦੀ ਭੁੱਖ ਨੂੰ ਸ਼ਾਂਤ ਕਰਨ ਲਈ ਔਰਤਾਂ ਆਪਣਾ ਸਰੀਰ ਵੇਚ ਦਿੰਦੀਆਂ ਹਨ ਪਰ ਜ਼ਾਲਮ ਖ਼ਰੀਦਦਾਰ ਉਹਨਾਂ ਦਾ ਮਾਸ ਨੋਚ ਕੇ ਵੀ ਤਰਸ ਨਹੀਂ ਕਰਦੇ ਬਲਕਿ ਅਗਾਂਹ ਵੇਚ ਦਿੰਦੇ ਹਨ ਅਤੇ ਉਹ ਆਪਣੇ ਢਿੱਡ ਦੀ ਅੱਗ ਬੁਝਾਉਣ ਲਈ ਗਾਹਕ ਦਰ ਗਾਹਕ ਭੁਗਤਾਉਂਦੀ ਪਥਰਾ ਜਾਣ ਵਾਲੀ ਸਥਿਤੀ ਵਿਚ ਪਹੁੰਚ ਜਾਂਦੀ ਹੈ। ਸਿਰਫ਼ ਇੱਥੇ ਹੀ ਬਸ ਨਹੀਂ, ਇਹ ਸੰਤਾਪ ਸਿਰਫ ਪੂਜਾ ਤੱਕ ਹੀ ਨਹੀਂ ਰੁਕਦਾ ਬਲਕਿ ਹੋਰ ਵੀ ਕਰੂਰ ਰੂਪ ਵਿਚ ਉਹਨਾਂ ਦੀਆਂ ਧੀਆਂ ਸਲੋਨੀਆਂ ਤੱਕ ਵੀ ਪਹੁੰਚਦਾ ਹੈ ਜੋ ਵਿਸ਼ਵਾਸ ਦੀ ਪੱਧਰ 'ਤੇ ਆਪਣੀ ਮੁੱਠੀ ਵਿਚ ਅੰਨ ਲੈ ਕੇ ਕਿਸੇ 'ਇੱਲ-ਬਲਾਅ' ਤੋਂ ਆਪਣੇ ਆਪ ਨੂੰ ਸੁਰੱਖਿਅਤ ਮੰਨ ਕੇ 'ਅੰਨ ਬ੍ਰਹਮ' ਦੀ ਤਲਾਸ਼ ਵਿਚ ਰਾਤ ਦੇ ਹਨੇਰੇ ਵਿਚ ਘਰੋਂ ਬਾਹਰ ਨਿਕਲਦੀ ਹੈ ਪਰ ਜ਼ਾਲਮ ਦਰਿੰਦੇ ਉਸ ਦਾ ਵੀ ਸਰੀਰ ਨੋਚ ਕੇ ਉਸ ਨੂੰ ਮਰਿਆਂ ਵਰਗੀ ਕਰਕੇ ਸੁੱਟ ਜਾਂਦੇ ਹਨ। ਸਥਿਤੀਆਂ ਦੀ ਨਿਰਦੈਤਾ ਇਸ ਤੱਥ ਵਿਚ ਪਈ ਹੈ ਕਿ ਜਿੱਥੇ ਬਾਫਰ ਪਈ ਕਣਕ ਨੂੰ ਲੋਕਾਂ ਵਿਚ ਵੰਡਣ ਦੀ ਜ਼ਿੱਦ ਕਾਰਨ ਲੋਕਾਂ ਦੀ ਸਰਕਾਰ ਦੁਆਰਾ ਕਾਮਰੇਟ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ ਹੈ, ਉੱਥੇ ਅਖੀਰ ਤੇ ਵਾਪਰੀ ਘਟਨਾ ਵਿਚ ਜਦ ਕੋਈ ਵੀ ਸਲੋਨੀ ਨੂੰ ਚੁੱਕਣ ਲਈ ਤਿਆਰ ਨਹੀਂ ਹੁੰਦਾ, ਤੱਦ ਬਿਨਾ ਐਂਬੂਲੈਂਸ ਦੀ ਉਡੀਕ ਕੀਤਿਆਂ ਆਪਣੇ ਮੋਟਰਸਾਈਕਲ ਤੇ ਸਲੋਨੀ ਨੂੰ ਹਸਪਤਾਲ ਪਹੁੰਚਾਉਣ ਵਾਲੇ ਕਾਮਰੇਟ ਨੂੰ ਹੀ ਬਲਾਤਕਾਰ ਦੇ ਕੇਸ ਵਿਚ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਅਸਲ ਦੋਸ਼ੀ ਆਪਣੇ ਆਪ ਨੂੰ ਸਾਫ਼ ਬਚਾ ਲੈਂਦੇ ਹਨ ਤਾਂ ਇਹ ਸਾਡੇ ਸਮਾਜ ਦੀ ਘੋਰ ਤ੍ਰਾਸਦੀ ਬਣ ਜਾਂਦੀ ਹੈ।

ਕਹਾਣੀ 'ਅੱਧੇ ਸੌ ਦਾ ਨੋਟ' ਇਸ ਸੰਗ੍ਰਹਿ ਦੇ ਇਕ ਹੋਰ ਸ਼ਸਕਤ ਪਾਤਰ ਤਾਰੋ ਦੇ ਅਵਚੇਤਨ ਦੀਆਂ ਵਿਭਿੰਨ ਪਰਤਾਂ ਨੂੰ ਸਾਮ੍ਹਣੇ ਲਿਆਉਂਦੀ ਹੈ। ਤਾਰੋ ਕੁਦਰਤ ਅਤੇ ਰਿਸ਼ਤਿਆਂ ਨਾਲ ਇਕਸੁਰ ਅਜਿਹਾ ਚਰਿੱਤਰ ਹੈ ਜੋ ਕੁਦਰਤ ਨਾਲ ਆਪਣੀ ਇਕਸੁਰਤਾ ਵਿੱਚੋਂ ਅਤੇ ਜ਼ਿੰਦਗੀ ਜਿਉਣ ਦੀ ਭਰਪੂਰ ਲੋਚਾ ਵਿੱਚੋਂ ਜਿਉਣ ਦੇ ਵਸੀਲੇ ਤਲਾਸ਼ ਕਰਦੀ ਹੈ। ਕਹਾਣੀ ਵਿਚ ਦੋ ਕਥਾਵਾਂ ਸਮਾਨਾਂਤਰ ਵਿਕਾਸ ਕਰਦੀਆਂ ਹਨ। ਇਕ ਤਾਰੋ ਦੇ ਪਰਿਵਾਰ ਦੀ ਕਥਾ ਹੈ ਜਿਸ ਵਿਚ ਉਸ ਦਾ ਨਸ਼ੇੜੀ ਪਤੀ, ਉਸ ਦਾ ਪੁੱਤਰ ਲਾਲੀ ਅਤੇ ਉਸ ਦੀ ਆਪਣੇ ਨਿੱਜ ਤੱਕ ਸੀਮਤ ਨੂੰਹ ਸ਼ਾਮਿਲ ਹਨ। ਦੂਜੇ ਪਾਸੇ ਇਸ ਦੇ ਸਮਾਨਾਂਤਰ ਰੁਮਿੰਦਰ ਢਿੱਲੋਂ ਦਾ ਪਰਿਵਾਰ ਹੈ ਜਿਸ ਵਿਚ ਉਸ ਦਾ ਪਿਤਾ ਸਾਧੂ ਬਾਬਾ, ਉਸ ਦੀ ਕੁਦੇਸਣ ਪਤਨੀ, ਰੁਮਿੰਦਰ ਢਿੱਲੋਂ ਅਤੇ ਉਸ ਦੀ ਪਤਨੀ ਸ਼ਾਮਿਲ ਹਨ। ਕਹਾਣੀ ਵਿਚ ਵੱਡੇ ਉਲਟਫੇਰ ਵਾਪਰਦੇ ਹਨ। ਰੁਮਿੰਦਰ ਢਿੱਲੋਂ ਦਾ ਪਰਿਵਾਰ ਪਿੰਡ ਵਿਚ ਹਾਸ਼ੀਏ 'ਤੇ ਹੁੰਦਾ ਹੈ। ਉਹ ਰੁਮਿੰਦਰ ਢਿੱਲੋਂ ਜਿਸ ਨੂੰ ਬਿਲਕੁਲ ਵੀ ਸਮਝ ਨਾ ਹੋਣ ਕਰਕੇ 'ਅੱਧੇ

ਸੌ ਦਾ ਨੋਟ' ਦੀ ਅੱਲ ਪਾਈ ਗਈ ਸੀ, ਜਿਸ ਦਾ ਬਾਪ ਅਵਤਾਰ ਕੌਰ ਦੇ ਘਰਦਿਆਂ ਤੋਂ ਮੁੱਲ ਦੀ ਤੀਵੀਂ ਲਿਆਉਣ ਲਈ ਪੈਸੇ ਮੰਗ ਕੇ ਲੈ ਕੇ ਜਾਂਦੇ ਹਨ ਅਤੇ ਬਾਅਦ ਵਿਚ ਆਪਣੀ ਸੁਣੱਖੀ ਕੁੜੀ/ਭੈਣ ਦਾ ਵਿਆਹ ਕਿਸੇ ਦੁਹਾਜੂ ਨਾਲ ਕਰ ਦਿੰਦੇ ਹਨ, ਜਿਸ ਦੇ ਸਿੱਟੇ ਵਜੋਂ ਸਾਰਾ ਟੱਬਰ ਕਨੇਡਾ ਚਲਾ ਜਾਂਦਾ ਹੈ ਅਤੇ ਭਾਰਤ ਦਾ 'ਅੱਧੇ ਸੌ ਦਾ ਨੋਟ' ਉੱਧਰ ਸੈਟਲ ਹੋ ਕੇ ਵੱਡੇ ਬਿਜ਼ਨਸ ਦੇ ਰੂਪ ਵਿਚ 'ਡਾਲਰਾਂ' ਦਾ ਮਾਲਕ ਬਣ ਜਾਂਦਾ ਹੈ। ਇਸ ਦੇ ਉਲਟ ਅਵਤਾਰ ਪੁੱਤ ਅਤੇ ਨੂੰਹ ਦੇ ਹੱਥੋਂ ਅਪਮਾਨਿਤ ਹੋ ਕੇ ਉਸ ਦੇ ਫਾਰਮ ਹਾਊਸ 'ਤੇ ਬੇਰ ਤੋੜਨ ਦੀ ਨੌਕਰੀ ਕਰਦੀ ਹੈ। ਅਵਤਾਰ ਕੋਲ ਸੁਨਹਿਰਾ ਅਤੀਤ ਹੈ ਪਰ ਸਾਧਨਹੀਨ ਅਤੇ ਸੰਵੇਦਨਹੀਨ ਵਰਤਮਾਨ ਹੈ। ਦੂਜੇ ਪਾਸੇ ਰੁਮਿੰਦਰ ਢਿੱਲੋਂ ਕੋਲ ਸਾਧਨਹੀਨ ਅਤੀਤ ਹੈ ਪਰ ਸੁਨਹਿਰਾ ਵਰਤਮਾਨ ਹੈ। ਤਾਰੋ ਦਾ ਪਾਤਰ ਪੰਜਾਬੀਆਂ ਦੀ ਉਸ ਮਾਨਸਿਕਤਾ ਦਾ ਪ੍ਰਤੀਬਿੰਬ ਹੈ ਜਿਸ ਦੇ ਤਹਿਤ ਅਸੀਂ ਵਿਦੇਸ਼ ਪਹੁੰਚਣ ਲਈ ਕੁਝ ਵੀ ਕਰ ਸਕਦੇ ਹਾਂ। ਕਨੇਡਾ ਦੇ ਰੂਪ ਵਿਚ ਪ੍ਰਵਾਸ ਸਾਡੇ ਲੋਕਾਂ ਦੀ ਜ਼ਿੰਦਗੀ 'ਤੇ ਬਹੁਤ ਜ਼ਿਆਦਾ ਅਸਰ ਅੰਦਾਜ਼ ਹੈ। ਇੱਥੇ ਇਕ ਪਾਸੇ ਤਾਰੋ ਅਤੇ ਮੋਗੇ ਵਰਗੇ ਕਿੰਨੇ ਹੀ ਬਜ਼ੁਰਗ ਔਰਤਾਂ ਅਤੇ ਮਰਦ ਉਸ ਰੁੱਤੇ ਬੇਰ ਤੋੜਦੇ ਹਨ, ਜਿਸ ਰੁੱਤੇ ਪੰਜਾਬ ਵਿਚ ਉਹਨਾਂ ਔਲਾਦ ਦੇ ਸਿਰ ਤੇ 'ਸਰਦਾਰੀ' ਭੋਗਣੀ ਹੁੰਦੀ ਹੈ। ਨਾ ਇੱਥੇ ਇਹਨਾਂ ਦੀ ਜ਼ਿੰਦਗੀ ਇਹਨਾਂ ਦੀ ਮਰਜ਼ੀ ਹੁੰਦੀ ਹੈ ਅਤੇ ਨਾ ਹੀ ਮੌਤ। ਇਸ ਲਈ ਮੋਗੇ ਦੀ ਮੌਤ ਤੋਂ ਬਾਅਦ ਦੀ ਸਥਿਤੀ ਨੂੰ ਦੇਖਦਿਆਂ ਤਾਰੋ ਰੁਮਿੰਦਰ ਢਿੱਲੋਂ ਦੀ ਪਤਨੀ ਨੂੰ ਆਪਣੀ ਮਜ਼ਦੂਰੀ ਵਿੱਚੋਂ ਕੁਝ ਪੈਸੇ ਰੱਖਣ ਨੂੰ ਕਹਿੰਦੀ ਹੈ ਤਾਂ ਜੋ ਉਸ ਦੀ ਡੈੱਡ ਬੌਡੀ ਮਰਨ ਤੋਂ ਬਾਅਦ 'ਡੱਬੇ' ਵਿਚ ਬੰਦ ਕਰਕੇ ਪੰਜਾਬ ਭੇਜੀ ਜਾ ਸਕੇ। ਤਾਰੋ ਦੇ ਸ਼ਬਦਾਂ ਵਿਚ :

"ਨਾ ਭਾਈ ਕੁੜੀਏ, ਤੂੰ ਸਿਆਣੀ ਐਂ। ਇਹ ਪੁੰਨ ਜ਼ਰੂਰ ਖੱਟ ਲਈਂ। ਲਾਲੀ ਨਾ ਮੈਨੂੰ ਹੱਥ ਲਾਵੇ। ਏਥੇ ਦੇ ਸਕਿਆਂ ਨਾਲੋਂ ਪੰਜਾਬ ਦੇ ਬਗਾਨੇ ਚੰਗੇ। ਦੁੱਖ-ਸੁੱਖ 'ਚ ਤਾਂ ਖੜਦੇ ਨੇ। ਆਪਣੇ ਪਿੰਡ ਦੇ ਲੋਕਾਂ ਨੇ ਆਪੇ ਮੈਨੂੰ ਦਾਗ ਲਾ ਦੇਣਾ। ਪੌਣੇ ਤਿੰਨ ਕੁਆਂਟਲ ਲੱਕੜਾਂ ਪਾ ਕੇ। ਏਥੇ ਦੇ ਲੋਕਾਂ 'ਚ ਤਾਂ ਮੈਂ ਰਲ ਨੀ ਸਕੀ। ਏਥੇ ਦੇ ਭੂਤ ਪ੍ਰੇਤਾਂ ਨੇ ਵੀ ਮੈਨੂੰ ਨਾਲ ਨੀ ਰਲਾਉਣਾ।"

ਤਾਰੋ ਭਾਰਤੀ ਰਿਸ਼ਤਿਆਂ ਦੇ ਉਸ ਤਣਾਓ ਦਾ ਵੀ ਪ੍ਰਤੀਕ ਹੈ ਜੋ ਪ੍ਰਵਾਸ ਵਿਚ ਸੈਟਲ ਹੋਏ ਜਾਂ ਹੋ ਰਹੇ ਬੱਚਿਆਂ ਦੇ ਮਾਪੇ ਭੁਗਤ ਰਹੇ ਹਨ। ਖੁੱਲ੍ਹੀਆਂ ਹਵਾਵਾਂ ਤੇ ਫਿਜ਼ਾਵਾਂ ਵਿਚ ਵਿਚਰਨ ਵਾਲੇ ਇਹਨਾਂ ਬਜ਼ੁਰਗਾਂ ਨੂੰ ਜਾਂ ਤਾਂ ਬੇਸਮੈਂਟਾਂ ਵਿਚ ਅਗਿਆਤਵਾਸ ਭੋਗਣੇ ਪੈਂਦੇ ਹਨ ਜਾਂ ਫਿਰ ਈਰਖਾਵਸ ਨੂੰਹਾਂ ਦਾ ਸ਼ਿਕਾਰ ਹੋ ਕੇ ਅਗਿਆਤਵਾਸ ਤੋਂ ਬਣਵਾਸ ਪ੍ਰਾਪਤ ਹੋ ਜਾਂਦਾ ਹੈ। ਇਸੇ ਲਈ ਉਹ ਕਹਿੰਦੀ ਹੈ ਕਿ "ਕਨੇਡਾ ਕਾਲਵਾਸ ਦੀ ਧਰਤੀ ਆ। ਜਿਹੜੀ ਧਰਤੀ 'ਤੇ ਜਾ ਕੇ ਸਰਵਣ ਆਪਣੇ ਮਾਂ-ਪਿਓ ਨੂੰ ਗਾਲ੍ਹਾਂ ਕੱਢਣ ਲੱਗ ਗਿਆ ਸੀ ਜਿਨ੍ਹਾਂ ਦੀ ਵਹਿੰਗੀ ਚੁੱਕੀ ਫਿਰਦਾ ਸੀ।" ਇਹ ਕਰੂਰ ਯਥਾਰਥ ਵੀ ਸਾਮ੍ਹਣੇ ਆਉਂਦਾ ਹੈ ਕਿ ਪੰਜਾਬੀ ਪ੍ਰਵਾਸ ਵਿਚ ਇਕੱਲੇ ਨਹੀਂ ਗਏ ਬਲਕਿ ਆਪਣੀਆਂ ਸ਼ੋਸ਼ਣੀ ਅਤੇ ਲੀਚੜ ਪ੍ਰਵਿਰਤੀਆਂ ਵੀ ਨਾਲ ਹੀ ਲੈ ਕੇ ਗਏ ਹਨ। ਰੁਮਿੰਦਰ ਢਿੱਲੋਂ ਵਰਗੇ ਅਨੈਤਿਕ ਤਰੀਕਿਆਂ ਰਾਹੀਂ ਕਨੇਡਾ ਪਹੁੰਚੇ ਤੇ ਉੱਥੇ ਪੰਜਾਬੀ ਭਾਈਚਾਰੇ ਦੀਆਂ ਮਜ਼ਬੂਰੀਆਂ ਦਾ ਫਾਇਦਾ ਉਠਾ ਕੇ ਨਿਰਧਾਰਿਤ ਮਜ਼ਦੂਰੀ ਤੋਂ ਕਿਤੇ ਘੱਟ ਰੇਟਾਂ 'ਤੇ ਮਜ਼ਦੂਰੀ ਕਰਵਾ ਕੇ ਆਪ ਰਾਤੋ ਰਾਤ ਅਮੀਰ ਹੋ ਰਹੇ ਹਨ ਤੇ ਦੂਜਿਆਂ ਨੂੰ ਮਾਨਸਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਪਰੇਸ਼ਾਨ ਕਰ ਰਹੇ ਹਨ। ਜਗੀਰੂ ਅਣਖ ਦੀ ਪਾਣ 'ਤੇ ਲੱਗੇ ਇਹ ਪੰਜਾਬੀ ਕੁੜਦੇ ਵੀ

ਹਨ, ਚਿੜਦੇ ਵੀ ਹਨ, ਖਿਝਦੇ ਵੀ ਹਨ ਤੇ ਰਿਝਦੇ ਵੀ ਹਨ ਪਰ ਮਜ਼ਬੂਰੀ ਵਿਚ ਇਹ ਸਭ ਕੁਝ ਬਰਦਾਸ਼ਤ ਵੀ ਕਰਦੇ ਹਨ। ਉਹਨਾਂ ਦਾ 'ਸ਼ਾਹਾਨਾ' ਅਤੀਤ ਪਰਛਾਵੇਂ ਵਾਂਗ ਉਹਨਾਂ ਦਾ ਖਹਿੜਾ ਨਹੀਂ ਛੱਡਦਾ। ਜਗੀਰੂ ਦੌਰ ਦੇ ਰਿਸ਼ਤੇ ਅਤੇ ਧਾਰਨਾਵਾਂ ਉਹਨਾਂ ਨੂੰ ਵਾਰ-ਵਾਰ ਅਤੀਤ ਵੱਲ ਮੋੜਦੀਆਂ ਹਨ ਅਤੇ ਉਹ ਵਰਤਮਾਨ ਅਤੇ ਅਤੀਤ ਦੇ ਪ੍ਰਤੀਮਾਨਾਂ ਵਿਚ ਆਏ ਤਣਾਅ ਦੀ ਹੋਣੀ ਨੂੰ ਨਿਰੰਤਰ ਭੋਗਦੇ ਹੋਏ ਟੁੱਟੀ ਹੋਈ ਜ਼ਿੰਦਗੀ ਜਿਉਂਦੇ ਹਨ। ਇਸ ਤਣਾਅ ਦਾ ਇਕ ਸਿਰਾ ਆਰਥਿਕ ਹੈ ਤਾਂ ਦੂਜਾ ਸਿਰਾ ਉਸ ਦੇ ਅਤੇ ਕੁਦਰਤ ਨਾਲ ਸਬੰਧਾਂ ਦਾ ਵੀ ਹੈ। ਤਾਰੋ ਦਾ ਜਿਸ ਤਰ੍ਹਾਂ ਦਾ ਕੁਦਰਤ ਨਾਲ ਮੋਹ ਹੈ, ਜਿਸ ਰੂਪ ਵਿਚ ਉਹ ਰੁੱਖਾਂ, ਟਾਹਣੀਆਂ, ਪੱਤਿਆਂ, ਫੁੱਲਾਂ, ਕੁੱਤਿਆਂ, ਬਿੱਲੀਆਂ ਨਾਲ ਇਕਸੁਰਤਾ ਦਾ ਰਿਸ਼ਤਾ ਸਿਰਜਦੀ ਹੈ, ਇਹ ਰਿਸ਼ਤਾ ਆਧੁਨਿਕ ਜੀਵਨ ਜਾਚ ਵਿਚ ਤਾਰ-ਤਾਰ ਹੁੰਦਾ ਹੈ ਤਾਂ ਉਹ ਇਸ ਟੁੱਟ ਭੱਜ ਵਿੱਚੋਂ ਮਾਨਸਿਕ ਵਿਖੰਡਨ ਦਾ ਸ਼ਿਕਾਰ ਹੁੰਦੀ ਹੈ।

ਕਹਾਣੀ 'ਰਸ-ਰੰਗ' ਬਿਲਕੁਲ ਵੱਖਰੇ ਧਰਾਤਲ ਦੀ ਕਹਾਣੀ ਹੈ। ਔਰਤ ਮਰਦ ਦੇ ਸਦੀਵੀ ਰਿਸਤੇ ਦੀਆਂ ਬੁਨਿਆਦਾਂ ਫਰੋਲਣ ਵਾਲੀ ਇਹ ਕਹਾਣੀ ਮਨੁੱਖ ਦੇ ਮੋਹ ਮੁਹਬੱਤ ਵਰਗੇ ਬੁਨਿਆਦੀ ਭਾਵਾਂ ਤੋਂ ਚੱਲ ਕੇ ਵਿਆਹ ਵਰਗੇ ਸਮਾਜਿਕ ਰਿਸ਼ਤਿਆਂ ਦੇ ਸੱਚ-ਕੁਸੱਚ ਨੂੰ ਪ੍ਰਸਤੁਤ ਕਰਦੀ ਹੈ। ਕਹਾਣੀ ਵਿਚ ਤਿੰਨ ਧਿਰਾਂ ਹਨ। ਪਹਿਲੀ ਧਿਰ ਫੋਹੜ ਤੇ ਉਹਦੀ ਪਤਨੀ ਅਮਨ ਹੈ। ਦੂਜੀ ਧਿਰ ਪਤਨੀ ਦੇ ਹੁੰਦਿਆਂ ਪ੍ਰੇਮਿਕਾ ਹੰਢਾਉਣ ਵਾਲਾ ਫੋਹੜ ਦਾ ਬਾਪੂ ਅਤੇ ਉਸ ਦੀ ਪ੍ਰੇਮਿਕਾ ਜੈਲੋ ਹੈ ਅਤੇ ਤੀਜੀ ਧਿਰ ਸਮਾਜ ਹੈ ਜੋ ਸੈਕਸ, ਪ੍ਰੇਮ ਅਤੇ ਵਿਆਹ ਵਰਗੇ ਵਰਤਾਰਿਆਂ ਲਈ ਪ੍ਰਤੀਮਾਨ ਘੜਦਾ ਹੈ। ਇਹ ਸਮਾਜ ਪਹਿਲਾਂ ਫੋਹੜ ਨੂੰ ਇਹ ਤਾਹਨੇ ਮਾਰਦਾ ਹੈ ਕਿ ਉਹ ਵਿਆਹ ਨਹੀਂ ਕਰਵਾਉਂਦਾ। ਫਿਰ ਇਹ ਤਾਹਨੇ ਮਾਰਦਾ ਹੈ ਕਿ ਉਹ ਆਪਣੀ ਪਤਨੀ ਨਾਲ ਨਿਭਾਅ ਨਹੀਂ ਸਕਿਆ। ਇਹੀ ਸਮਾਜ ਫੋਹੜ ਦੇ ਬਾਪੂ ਨੂੰ ਇਹ ਅਹਿਸਾਸ ਕਰਵਾ ਕੇ ਨਮੋਸ਼ੀ ਦੀ ਡੂੰਘੀ ਖੱਡ ਵਿਚ ਡੇਗ ਦਿੰਦਾ ਹੈ ਉਸ ਦਾ ਪੁੱਤ 'ਨਾਮਰਦ' ਨਿਕਲਿਆ। ਬਾਪੂ ਜਿਹੜਾ ਸਾਰੀ ਉਮਰ ਜੈਲੋ ਨਾਲ ਅਨੈਤਿਕ ਰਿਸ਼ਤਾ ਨਿਭਾਉਂਦਾ ਹੈ, ਇਸ ਗੱਲੋਂ ਘੱਟ ਦੁਖੀ ਹੈ ਕਿ ਉਸ ਦੀ ਨੂੰਹ ਉਸ ਦੇ ਪੁੱਤ ਨੂੰ ਛੱਡ ਕੇ ਚਲੀ ਗਈ ਹੈ, ਬਲਕਿ ਇਸ ਗੱਲੋਂ ਵੱਧ ਦੁਖੀ ਹੈ ਕਿ ਇਕ ਦੂਹਰੇ ਰਿਸ਼ਤੇ ਹੰਢਾਉਣ ਵਾਲੇ 'ਮਰਦ' ਦੇ ਘਰ 'ਨਾਮਰਦ' ਔਲਾਦ ਪੈਦਾ ਹੋਈ ਹੈ। ਇਹ ਕੰਪਲੈਕਸ ਉਸ ਉੱਪਰ ਏਨਾ ਹਾਵੀ ਹੋ ਜਾਂਦਾ ਹੈ ਕਿ ਉਹ ਜੈਲੋ ਰਾਹੀਂ ਫੋਹੜ ਨੂੰ ਪਰਖਣਾ ਚਾਹੁੰਦਾ ਹੈ ਤੇ ਜਦ ਫੋਹੜ ਇਸ ਪਰਖ ਵਿਚ ਕਾਮਯਾਬ ਹੋ ਜਾਂਦਾ ਹੈ ਤਦ ਉਹ ਆਪਣੇ ਯਾਰਾਂ ਨੂੰ ਮੀਟ ਸ਼ਰਾਬ ਦੀ ਪਾਰਟੀ ਕਰਦਾ ਹੈ। ਦੂਜੇ ਪਾਸੇ ਫੋਹੜ ਆਪਣੀ ਤਰ੍ਹਾਂ ਦਾ ਵਿਲੱਖਣ ਪਾਤਰ ਹੈ ਜੋ ਵਿਆਹ, ਪ੍ਰੇਮ, ਸੈਕਸ ਆਦਿ ਵਿਸ਼ਿਆਂ 'ਤੇ ਆਪਣੀ ਤਰ੍ਹਾਂ ਦੇ ਹੀ ਵਿਲੱਖਣ ਵਿਚਾਰ ਰੱਖਦਾ ਹੈ। ਉਹ ਸੁਹਾਗ ਰਾਤ ਨੂੰ 'ਬਲਾਤਕਾਰ' ਕਹਿੰਦਾ ਹੈ ਅਤੇ ਇਸ ਧਾਰਨਾ ਦਾ ਹਾਮੀ ਹੈ ਕਿ ਪਹਿਲਾਂ ਉਹਨਾਂ ਵਿਚ ਮੁਹੱਬਤ ਦਾ ਰਿਸ਼ਤਾ ਪੈਦਾ ਹੋ ਜਾਵੇ, ਤਦ ਉਹ ਇਕ ਦੂਜੇ ਨਾਲ ਸਰੀਰਕ ਸਬੰਧ ਬਣਾਉਣਗੇ। ਨਾ ਉਹ ਆਪਣੀ ਪਤਨੀ ਅਮਨ ਦੇ ਇਸ਼ਾਰਿਆਂ ਨੂੰ ਸਮਝ ਸਕਿਆ ਤੇ ਨਾ ਅਮਨ ਉਸ ਦੀਆਂ ਧਾਰਨਾਵਾਂ ਨੂੰ ਸਮਝ ਸਕੀ। ਜਿਸ ਚੀਜ਼ ਦੀ ਅਮਨ ਫੋਹੜ ਤੋਂ ਤਵੱਕੋਂ ਕਰਦੀ ਸੀ, ਫੋਹੜ ਉਸ ਨੂੰ ਉਸ ਰੂਪ ਵਿਚ ਦੇ ਨਹੀਂ ਸਕਿਆ ਤੇ ਜਿਸ ਮੋਹ ਦੀ ਫੋਹੜ ਉਸ ਤੋਂ ਤਵੱਕੋਂ ਕਰਦਾ ਸੀ, ਅਮਨ ਉਸ ਉਸ ਦੇ ਨੇੜੇ-ਤੇੜੇ ਨਾ ਜਾ ਸਕੀ। ਇਸੇ ਲਈ ਫੋਹੜ ਵਾਰ-ਵਾਰ ਕਹਿੰਦਾ ਹੈ ਕਿ "ਤੀਵੀਂ ਬੰਦੇ ਅੰਦਰਲੇ ਸ਼ੈਤਾਨ ਨੂੰ ਪਿਆਰ ਕਰਦੀ ਆ।" ਇਸ ਕਥਾ ਦਾ ਤੀਜਾ ਸਿਰਾ ਜੈਲੋ

ਹੈ ਜੋ ਬਿਨਾ ਸਮਾਜ ਦੀ ਪਰਵਾਹ ਕੀਤੇ ਫੋਹੜ ਦੇ ਬਾਪ ਨਾਲ ਨਾ ਕੇਵਲ ਜਿਉਂਦੇ ਜੀਅ 'ਮੋਹ' ਦਾ ਰਿਸ਼ਤਾ ਨਿਭਾਉਂਦੀ ਹੈ ਬਲਕਿ ਉਸ ਦੇ ਮਰਨ ਤੋਂ ਬਾਅਦ ਵੀ ਇਸ ਰਿਸ਼ਤੇ ਦੀ ਤੰਦ ਉਸੇ ਤਰ੍ਹਾਂ ਮਜ਼ਬੂਤ ਰਖਦੀ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਉਸ ਦਾ ਰਿਸ਼ਤਾ ਪਾਪ ਦਾ ਰਿਸ਼ਤਾ ਹੈ ਪਰ ਉਹਨਾਂ ਦੀ ਨਜ਼ਰਾਂ ਵਿਚ ਇਹ ਸਮਾਜ ਨੂੰ ਟਿੱਚ ਸਮਝ ਕੇ ਨਿਭਾਇਆ 'ਜ਼ਿੰਦਾਦਿਲੀ' ਦਾ ਰਿਸ਼ਤਾ ਹੈ ਜੋ ਸਰੀਰ ਤੋਂ ਲੈ ਕੇ ਰੂਹ ਤੀਕ ਜੁੜਿਆ ਹੋਇਆ ਸੀ। ਉਹ

- ਉਸ ਹਰ ਚੀਜ਼ 'ਤੇ ਆਪਣਾ ਹੱਕ ਸਮਝਦੀ ਹੈ ਜੋ ਫੋਹੜ ਦੇ ਬਾਪੂ ਦੀ ਹੈ...
- ਉਹ ਉਸ ਦੇ ਕਹਿਣ 'ਤੇ ਫੋਹੜ ਦੀ ਪਰਖ ਕਰਕੇ ਉਸ ਨੂੰ ਇਸ ਕੰਪਲੈਕਸ ਤੋਂ ਮੁਕਤ ਕਰਦੀ ਹੈ, ਕਿ ਫੋਹੜ ਸਰੀਰਕ ਤੌਰ 'ਤੇ ਨਪੁੰਸਕ ਨਹੀਂ ਹੈ।
- ਉਹ 'ਧੀਰੇ ਅਮਲੀ ਦੀ ਜੈਲੋ' ਬਣਨ ਦੀ ਥਾਂ 'ਕੈਲੇ ਜੁਗਤੀ ਦੀ ਜੈਲੋ' ਅਖਵਾਉਣ ਵਿਚ ਮਾਣ ਮਹਿਸੂਸ ਕਰਦੀ ਹੈ।
- ਉਹ ਮਰਨ ਤੋਂ ਬਾਅਦ ਵੀ ਕੈਲੇ ਨਾਲ ਆਪਣਾ ਰਿਸ਼ਤਾ ਨਿਭਾਉਂਦੀ ਹੋਈ ਉਸ ਦੀ ਯਾਦ ਦੇ ਸਹਾਰੇ ਜਿਉਂਦੀ ਹੈ।
- ਉਹ ਕੈਲੇ ਦੇ ਹਰ ਤਣਾਅ ਨੂੰ ਪਛਾਣਦੀ ਹੈ। ਇਸੇ ਲਈ ਉਹ ਅਖ਼ੀਰ 'ਤੇ ਫੋਹੜ ਨੂੰ ਕਹਿੰਦੀ ਹੈ ਕਿ "ਮੈਂ ਤਾਂ ਚਾਹੁੰਦੀ ਜਦ ਉਹ ਪੂਰਾ ਹੋਇਆ ਤੂੰ ਸੁਨਿਆਰੇ ਦਿਓਂ ਸੋਨੇ ਦੀ ਪੌੜੀ ਬਣਵਾ ਕੇ ਲਿਆਉਂਦਾ, ਉਹਦੇ ਪੈਰਾਂ ਨੂੰ ਛੁਹਾਉਂਦਾ, ਮੈਂ ਸਾਰੇ ਪਿੰਡ 'ਚ ਦਸਦੀ ਫਿਰਦੀ, ਪੜਪੋਤਿਆਂ-ਨਾਤਿਆਂ ਦਾ ਹੋ ਕੇ ਸਵਰਗਾਂ ਨੂੰ ਗਿਆ। ਅਸੀਂ ਉਹਨੂੰ ਸੋਨੇ ਦੀ ਪੌੜੀ ਚੜ੍ਹਾਇਆ।"

ਅਸਲ ਵਿਚ ਇਹ ਕਹਾਣੀ ਮਨੁੱਖੀ ਅਵਚੇਤਨ ਵਿਚ ਪਏ ਆਦਿਮ ਜਜ਼ਬਿਆਂ ਨੂੰ ਸਰਵਉੱਚ ਮੰਨਦੀ ਹੋਈ ਅਤੇ ਬਣਾਉਟੀ ਸਮਾਜਿਕ ਰਿਸ਼ਤਿਆਂ ਨੂੰ ਨਕਾਰਦੀ ਹੋਈ ਮੋਹ-ਪਿਆਰ ਦੇ ਰਿਸ਼ਤੇ ਦਾ ਬੁਨਿਆਦੀ ਪ੍ਰਤੀਮਾਨ ਸਿਰਜਦੀ ਹੈ ਜੋ ਕੈਲੇ ਦੇ ਅੰਦਰ ਵੀ ਪਿਆ ਹੈ, ਜੈਲੋ ਦੇ ਅੰਦਰ ਵੀ ਪਿਆ ਹੈ ਅਤੇ ਅਖ਼ੀਰ 'ਤੇ ਫੋਹੜ ਦਾ ਇਹ ਇਕਬਾਲੀਆ ਬਿਆਨ ਵੀ ਉਸ ਦੀ ਇਸੇ ਮਾਨਸਿਕਤਾ ਦੀ ਪ੍ਰੌੜ੍ਹਤਾ ਕਰਦਾ ਹੈ :

"ਮਾਂ ਤੇਰੇ ਵਰਗੀਆਂ ਮੋਹ ਪਿਆਰ ਦੀਆਂ ਦੇਵੀਆਂ ਤੇ ਸਿਆਣੀਆਂ ਤੀਮੀਆਂ ਦੇ ਸਿਰ 'ਤੇ ਧਰਤੀ ਖੜ੍ਹੀ ਆ।"...ਇਸ ਤਰ੍ਹਾਂ ਦੇ ਰੂਹਾਂ ਦੇ ਰਿਸ਼ਤੇ ਨੂੰ ਸਮਝਣ ਆਲੀ ਤੀਮੀਂ ਲਈ ਮੈਂ ਸਾਰੀ ਉਮਰ ਤਰਸਦਾ ਰਿਹਾ।

ਅਵਚੇਤਨ ਵਿਚ ਪਈਆਂ ਇੱਛਾਵਾਂ ਮਨੁੱਖੀ ਮਨ 'ਤੇ ਛਾ ਕੇ ਕਿਵੇਂ ਮਨੁੱਖ ਦੇ ਵਿਹਾਰ ਨੂੰ ਆਪਣੇ ਮੁਤਾਬਕ ਨਿਯੰਤਰਿਤ ਕਰਦੀਆਂ ਹਨ, ਇਸ ਦਾ ਪ੍ਰਮਾਣ 'ਗਹਿਣਾ' ਕਹਾਣੀ ਦੀ ਮੁੱਖ ਪਾਤਰ ਮੁੰਦਰੋ ਹੈ। ਸੱਜਣ-ਫੱਬਣ ਦੀ ਇੱਛਾ ਹਰ ਭਾਰਤੀ ਔਰਤ ਦੇ ਅਵਚੇਤਨ ਵਿਚ ਬਹੁਤ ਪ੍ਰਬਲ ਰੂਪ ਵਿਚ ਵੱਸੀ ਹੋਈ ਹੈ। ਇਸ ਸੱਜਣ-ਫੱਬਣ ਵਿਚ ਉਸ ਦੀ ਸਭ ਤੋਂ ਵੱਧ ਟੇਕ ਗਹਿਣਿਆਂ 'ਤੇ ਹੁੰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਮੁੰਦਰੋ ਅੰਦਰ ਵੀ ਕਮਾਲ ਦੀ ਸੱਜਣ-ਫੱਬਣ ਦੀ ਰੀਝ ਹੈ। ਉਹ ਚਾਹੁੰਦੀ ਹੈ ਕਿ ਉਸ ਦਾ ਡਿਜ਼ਾਇਨਦਾਰ ਗਲਮੇ ਵਾਲਾ ਸੂਟ ਹੋਵੇ। ਗੱਲ 'ਚ ਰਾਣੀਹਾਰ, ਬਾਹਾਂ ਵਿਚ ਚੂੜੇ, ਸੋਨੇ ਦੀਆਂ ਚੂੜੀਆਂ, ਹੱਥਾਂ 'ਚ ਛਾਪਾਂ-ਛੱਲੇ, ਸਿਰ ਤੇ ਸੱਗੀ ਫੁੱਲ ਅਤੇ ਕੰਨਾਂ ਵਿਚ ਵਾਲੀਆਂ ਹੋਣ। ਵਿਸ਼ੇਸ਼ ਤੌਰ 'ਤੇ ਵਾਲੀਆਂ ਇਸ ਕਹਾਣੀ ਦਾ ਅਜਿਹਾ ਮੈਟਾਫਰ

ਹੈ ਜੋ ਮੁੰਦਰੋ ਦੀ ਰੀਝ ਦਾ ਪਰਿਆਏ ਬਣ ਕੇ ਆਇਆ ਹੈ। ਬਚਪਨ ਦੀ ਕੰਨ ਵਿੰਨਾਉਣ ਦੀ ਘਟਨਾ ਤੋਂ ਲੈ ਕੇ ਅਖ਼ੀਰ ਵਿਚ ਵਾਲੀਆਂ ਪ੍ਰਾਪਤ ਕਰਨ ਦੀ ਰੀਝ ਦੇ ਤਹਿਤ ਆਪਣੇ ਪਤੀ ਪਾਲ ਦੇ ਮਰਨ ਦੀ ਇੱਛਾ ਤੱਕ ਦਾ ਸਿਖ਼ਰ ਇਸ ਮੈਟਾਫਰ ਦੀ ਸਮਰੱਥਾ ਦਰਸਾਉਂਦਾ ਹੈ। ਪਹਿਲਾਂ ਉਸ ਨੂੰ ਇਹ ਵਾਲੀਆਂ ਨਸੀਬ ਨਾ ਹੋਣਾ, ਪ੍ਰਾਪਤ ਹੋਣ 'ਤੇ ਸੁਹਾਗ ਰਾਤ ਵਾਲੇ ਦਿਨ ਹੀ ਲਾਹ ਲਏ ਜਾਣਾ, ਤੇ ਫਿਰ ਅਖ਼ੀਰ ਤੱਕ ਤਰਸਦੇ ਰਹਿਣਾ, ਵਾਲੀਆਂ ਦੇ ਵਿਗੋਚੇ ਦੇ ਦਰਦ ਨੂੰ ਹੋਰ ਤੀਬਰ ਕਰ ਦਿੰਦਾ ਹੈ। ਇਹ ਤੀਬਰਤਾ ਪਹਿਲਾਂ ਰਾਣੀ ਭੂਆ ਲਈ ਲਿਆਂਦੀਆਂ ਵਾਲੀਆਂ ਪਾਉਣ ਤੇ ਮੁੜ ਨਾ ਲਾਹੁਣ ਤੱਕ ਪਹੁੰਚਦੀ ਹੈ। ਬਾਅਦ ਵਿਚ ਜਦ ਹੈਪੀ ਉਹ ਵਾਲੀਆਂ ਮਾਂ ਦੇ ਕੰਨਾਂ 'ਚੋਂ ਉਤਰਵਾ ਲੈਂਦਾ ਹੈ ਤਾਂ ਉਸ ਦੁਆਰਾ ਆਪਣੇ ਪਤੀ ਦੀ ਦਵਾਈ ਮੁੜ ਕਾਂਸ 'ਤੇ ਰੱਖ ਕੇ ਇਹ ਕਹਿਣਾ ਉਸ ਨੂੰ ਆਪਣੀ ਅਵਚੇਤਨੀ ਇੱਛਾ ਦੇ ਸਿਖ਼ਰ 'ਤੇ ਲੈ ਜਾਂਦਾ ਹੈ :

"ਜੇ ਤੇਰਾ ਬਾਪ ਮਰਜੇ, ਤਾਂ ਤੇਰੇ ਮਾਮੇ ਵੀ ਮੈਨੂੰ ਵਾਲੀਆਂ ਪਾਉਣਗੇ?"

ਇਉਂ ਇਹ ਕਹਾਣੀ ਮਨੁੱਖੀ ਅਵਚੇਤਨ ਦੀ ਥਾਹ ਪਾਉਣ ਦੀ ਕੋਸ਼ਿਸ਼ ਦੇ ਰੂਪ ਵਿਚ ਪ੍ਰਵਾਨ ਚੜ੍ਹਦੀ ਹੈ।

ਇਸ ਸੰਗ੍ਰਹਿ ਦੀਆਂ 'ਲਵ ਜਿਹਾਦ' ਅਤੇ ਵਿਸ਼ਵ ਸੁੰਦਰੀ' ਕਹਾਣੀਆਂ ਬਿਲਕੁਲ ਵੱਖਰੇ ਧਰਾਤਲ ਦੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦੇ ਮੁੱਖ ਪਾਤਰ ਆਧੁਨਿਕ ਦੌਰ ਦੇ ਅਜਿਹੇ ਪਾਤਰ ਹਨ ਜੋ ਆਧੁਨਿਕ ਜੀਵਨ ਜਾਚ ਅਤੇ ਸੋਸ਼ਲ ਮੀਡੀਆ ਦੇ 'ਪਰੋਡਕਟ' ਹਨ। ਉਹ ਭਾਵੇਂ 'ਲਵ ਜ਼ਿਹਾਦ' ਦੀ ਨਾਇਕਾ ਹੈ ਤੇ ਭਾਵੇਂ 'ਵਿਸ਼ਵ ਸੁੰਦਰੀ' ਦਾ ਪੁਰਸ਼ ਪਾਤਰ ਅਤੇ ਔਰਤ ਪਾਤਰ ਹੈ, ਇਹ ਸਾਰੇ ਆਧੁਨਿਕ ਦੌਰ ਦੇ ਵਿਖੰਡਿਤ ਅਵਚੇਤਨ ਦੀ ਪ੍ਰਤੀਨਿਧਤਾ ਕਰਦੇ ਹਨ। ਇਕ ਪਾਸੇ ਤਾਂ ਇਹ ਪਾਤਰ ਆਪਣੇ ਬੁਨਿਆਦੀ ਅਵਚੇਤਨ ਨੂੰ ਬਚਾ ਕੇ ਰੱਖਣ ਦੇ ਆਹਰ ਵਿਚ ਹਨ ਪਰ ਦੂਜੇ ਪਾਸੇ ਆਧੁਨਿਕ ਤੌਰ 'ਤੇ ਸਾਰੇ ਆਰਥਿਕ, ਸਮਾਜਿਕ ਅਤੇ ਮੀਡੀਆ ਨਾਲ ਜੁੜੇ ਹੋਏ ਵਰਤਾਰੇ ਇਹਨਾਂ ਨੂੰ ਉਸ ਅਵਚੇਤਨ ਨਾਲੋਂ ਤੋੜ ਰਹੇ ਹਨ। ਭਾਰਤੀ ਕੁੜੀਆਂ ਜਿਸ ਰੂਪ ਵਿਚ ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਦੀਆਂ ਸਾਈਟਾਂ ਵਰਤ ਰਹੀਆਂ ਹਨ ਜਾਂ ਜਿਸ ਰੂਪ ਵਿਚ ਉਸ ਉਪਰ ਆਪਣੇ ਆਪ ਨੂੰ ਐਕਸਪੋਜ਼ ਕਰ ਰਹੀਆਂ ਹਨ, ਉਸ ਨਾਲ ਉਹ ਇਕ ਪਾਸੇ ਉਪਭੋਗੀ ਸੱਭਿਆਚਾਰ ਦਾ ਹਿੱਸਾ ਬਣ ਰਹੀਆਂ ਹਨ, ਨਾਲ ਹੀ ਇਸ ਦਾ ਸ਼ਿਕਾਰ ਵੀ ਹੋ ਰਹੀਆਂ ਹਨ। 'ਲਵ ਜ਼ਿਹਾਦ' ਦੀ ਨਾਇਕਾ ਨੈਤਿਕਤਾ ਦੇ ਕਈ ਸੁਆਲਾਂ ਦੇ ਸਨਮੁਖ ਹੈ। ਪਹਿਲਾ ਸਵਾਲ ਜੋ ਵਾਰ-ਵਾਰ ਇਸ ਕਹਾਣੀ ਦੇ ਪ੍ਰਸੰਗ ਵਿੱਚੋਂ ਨਾਇਕਾ ਰਾਹੀਂ ਉਭਾਰਿਆ ਜਾ ਰਿਹਾ ਹੈ ਕਿ : "ਕੀ ਪਿਆਰ ਕਰਨਾ ਪਾਪ ਹੈ? ਕੀ ਇਕ ਬੰਦੇ ਨੂੰ ਹੀ ਪਿਆਰ ਕਰ ਸਕਦੇ ਹਾਂ, ਇਕ ਤੋਂ ਜ਼ਿਆਦਾ ਨੂੰ ਪਿਆਰ ਨਹੀਂ ਕਰ ਸਕਦੇ। ਇਹ ਪਿਆਰ ਵੀ ਧਰਮ ਵਾਂਗ ਕੱਟੜ ਹੁੰਦਾ, ਜਿਹੜਾ ਇਹਦੇ ਨਿਯਮ ਨਹੀਂ ਮੰਨਦਾ, ਲੋਕ ਉਹਦੀ ਜਾਨ ਦੇ ਦੁਸ਼ਮਣ ਬਣ ਜਾਂਦੇ ਨੇ। ਉਹਨੂੰ ਕਾਫ਼ਰ ਕਹਿਣ ਲੱਗਦੇ ਨੇ। ਬੇਵਫ਼ਾ ਕਹਿਣ ਲੱਗਦੇ ਨੇ।" ਇਹ ਸੁਆਲ ਅੱਜ ਦੇ ਦੌਰ ਦੀ ਜ਼ਿੰਦਗੀ ਦੀ ਉਪਜ ਹੈ, ਨਹੀਂ ਤਾਂ ਸਾਡੇ ਸਾਂਸਕ੍ਰਿਤਕ ਮੁੱਲ ਵਿਧਾਨ ਵਿਚ ਤਾਂ ਅਜਿਹਾ ਸੋਚਣਾ ਵੀ ਪਾਪ ਹੈ। ਇਹ ਵੱਖਰੀ ਗੱਲ ਹੈ ਕਿ ਕਹਾਣੀ ਦੇ ਅੰਤ ਵਿਚ ਉਹ ਇਸ ਸਟੇਟਮੈਂਟ ਨੂੰ ਰੱਦ ਕਰਦੀ ਹੋਈ ਕਮਲ ਨੂੰ ਘਰ ਤੋਂ ਬਾਹਰ ਜਾਣ ਲਈ ਕਹਿੰਦੀ ਹੈ। ਕਹਾਣੀ ਦੀ ਨਾਇਕਾ ਨੇ ਜਿਸ ਤਰ੍ਹਾਂ ਆਪਣੇ ਆਪ ਨੂੰ ਐਕਸਪੋਜ਼ ਕੀਤਾ ਹੈ, ਉਸ ਰੂਪ ਵਿਚ ਉਸ ਦੇ ਸੰਕਟ ਵਿਚ ਫਸ ਜਾਣ ਤੋਂ ਬਾਅਦ ਵੀ ਉਸ

ਨੂੰ ਦਰਸ਼ਕਾਂ ਦੀ ਹਮਦਰਦੀ ਨਹੀਂ ਮਿਲਦੀ। ਉਹ ਵਾਰ-ਵਾਰ ਅਜਿਹਾ ਕੁਝ ਕਰਦੀ ਹੈ ਜੋ ਉਸ ਦੀਆਂ ਉਪਭੋਗੀ ਰੁਚੀਆਂ ਦਾ ਸੰਕੇਤ ਹੈ :

- ਖੁਸ਼ੀ ਧਾਲੀਵਾਲ ਦੇ ਨਾਂ ਤੇ ਆਈ ਡੀ ਬਣਾਉਣਾ
- ਮੁਸਕਾਨ ਲਿਖ ਕੇ ਸੈਲਫੀ ਪਾਉਣਾ
- ਪਿਆਰ ਦਾ ਲੰਗਰ ਲਾਉਣ ਬਾਰੇ ਸੋਚਣਾ
- ਸੈਲਫੀਆਂ ਪਾ ਪਾ ਸੋਸ਼ਲ ਮੀਡੀਆ ਦੀ ਹੀਰੋਇਨ ਬਣਨ ਦਾ ਸੁਪਨਾ
- ਆਪਣੇ ਪਤੀ ਨੋਵੀ ਦੇ ਹੁੰਦਿਆ ਕਮਲ ਨੂੰ ਬੁਲਾਉਣਾ

ਭਾਵੇਂ ਅਜਿਹਾ ਕਰਦੇ ਸਮੇਂ ਉਸ ਕੋਲ ਆਪਣਾ ਤਰਕ ਹੈ ਕਿ ਉਸ ਕੋਲ ਔਲਾਦ ਨਹੀਂ ਹੈ। ਉਸ ਨੂੰ ਇਹ ਵੀ ਪਤਾ ਲੱਗ ਚੁੱਕਿਆ ਹੈ ਕਿ ਨੁਕਸ ਮੇਰੇ ਵਿਚ ਨਹੀਂ, ਨੋਵੀ ਵਿਚ ਹੈ ਤਾਂ ਉਹ ਕਿਸੇ ਦੂਜੇ ਮਰਦ (ਕਮਲ) ਰਾਹੀਂ ਬੱਚਾ ਲੈਣ ਤੱਕ ਦੇ ਫੈਸਲੇ 'ਤੇ ਆ ਗਈ। ਉਸ ਦੀ ਅਜਿਹੀ ਮਾਨਸਿਕਤਾ ਬਣਨ ਵਿਚ ਭਾਵੇਂ ਸਾਡੇ ਸਮਾਜ ਦੀਆਂ ਔਰਤ ਵਿਰੋਧੀ ਸਥਿਤੀਆਂ ਜ਼ਿੰਮੇਵਾਰ ਹਨ। ਜਿਵੇਂ ਇਸ ਕਹਾਣੀ ਵਿਚ ਜੇਕਰ ਨਾਇਕਾ ਕੋਲ ਬੱਚਾ ਨਹੀਂ ਤਾਂ ਸਮਾਜ (ਸੱਸ) ਦਾ ਨਜ਼ਰੀਆ ਦੇਖੋ...

"ਗਧੀ ਘੋੜੀ ਹੋਵੇ ਤਾਂ ਆਸ ਹੁੰਦੀ ਹੈ ਬਈ ਉਹ ਸੂਆ ਦੇਣਗੀਆਂ। ਅਗੇ ਪੀੜ੍ਹੀ ਚੱਲੂ। ਅਸੀਂ ਤਾਂ ਖੱਚਰ ਪਾਲੀ ਹੋਈ ਆ। ਕਦੇ ਖੱਚਰ ਵੀ ਸੂਈ ਆ...? ਊਂ ਤਾਂ ਚੰਗਾ ਈ ਆ। ਪਤਾ ਨਹੀਂ ਕਿਹੜੀ ਜਾਤ-ਕੁਜਾਤ ਆ। ਪੀੜ੍ਹੀ ਚ ਕਾਣ ਪੈਣ ਨਾਲੋਂ ਤਾਂ ਬੰਦਾ ਔਤ ਈ ਚੰਗਾ..."

ਔਰਤ ਪ੍ਰਤੀ ਔਰਤ ਦਾ ਅਜਿਹਾ ਨਜ਼ਰੀਆ ਨਾ ਤਾਂ ਖੁਦ ਔਰਤ ਲਈ ਹੀ ਠੀਕ ਹੈ ਅਤੇ ਨਾ ਹੀ ਮਨੁੱਖਤਾ ਲਈ ਠੀਕ ਹੈ। ਇਹ ਸਮਾਜ ਇਕ ਪਾਸੇ ਔਰਤ ਦੇ ਵਿਆਹ ਦੇ ਮਸਲਿਆਂ ਨੂੰ ਪੈਸਿਆਂ ਦੇ ਪ੍ਰਦਰਸ਼ਨ ਨਾਲ ਜੋੜਦਾ ਹੈ, ਜਿਸ ਕਾਰਨ ਜੋੜ ਨਹੀਂ ਕਜੋੜ ਬਣਦੇ ਹਨ, ਜੋ ਹੌਲੀ-ਹੌਲੀ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਭਾਵੇਂ ਇਸ ਕਹਾਣੀ ਵਿਚ ਨਾਇਕਾ ਦੁਆਰਾ ਇਸ ਕਜੋੜ ਵਿਆਹ ਨੂੰ ਰੱਦ ਕਰਨਾ ਅਤੇ ਆਪਣੀ ਮਨ ਮਰਜੀ ਦੇ ਵਰ ਨਾਲ ਤੁਰ ਪੈਣਾ ਸਥਿਤੀਆਂ ਦਾ ਢੁਕਵਾਂ ਪ੍ਰਤੀਉਤਰ ਹੈ ਪਰ ਜਿਸ ਤਰ੍ਹਾਂ ਦੇ ਉਪਭੋਗੀ ਸੱਭਿਆਚਾਰ ਵਿਚ ਆਪਣੇ ਆਪ ਨੂੰ ਫਸਾ ਕੇ ਉਧਰ ਨੂੰ ਵਧਦੀ ਹੈ, ਇਸ ਨਾਲ ਉਹ ਆਪਣੇ ਸੰਕਟਾਂ ਦਾ ਹੱਲ ਤਾਂ ਤਲਾਸ਼ ਲੈਂਦੀ ਹੈ ਪਰ ਪਾਠਕ ਦੇ ਮਨ ਵਿਚ ਨਹੀਂ ਉਤਰਦੀ। ਦੂਜੀ ਸਥਿਤੀ ਵਿਚ ਵੀ ਉਸ ਦਾ ਕਮਲ ਨੂੰ ਘਰ ਵਿਚ ਬੁਲਾਉਣਾ ਤਰਕਸੰਗਤ ਨਹੀਂ ਜਾਪਦਾ, ਹਾਂ ਉਹ ਉਸ ਨੂੰ ਪਰਖ ਲੈਂਦੀ ਹੈ ਅਤੇ ਵਾਪਿਸ ਭੇਜ ਦਿੰਦੀ ਹੈ, ਇਹ ਉਸ ਦੀ ਲਿਆਕਤ ਹੈ ਅਤੇ ਆਪਣੇ ਸੱਭਿਆਚਾਰਕ ਮੁੱਲ ਪ੍ਰਬੰਧ ਵੱਲ ਮੋੜਾ ਵੀ ਹੈ। ਪਰ ਕੁਲ ਮਿਲਾ ਕੇ ਇਸ ਔਰਤ ਦਾ ਕਿਰਦਾਰ ਉੱਪਭੋਗੀ ਸੱਭਿਆਚਾਰ ਵਿਚ ਖੱਚਤ ਕਿਰਦਾਰ ਦੇ ਰੂਪ ਵਿਚ ਹੀ ਵਿਕਸਿਤ ਹੁੰਦਾ ਹੈ।

ਇਸੇ ਪੈਟਰਨ 'ਤੇ ਉੱਸਰੀ ਕਹਾਣੀ 'ਵਿਸ਼ਵ ਸੁੰਦਰੀ' ਵੀ 'ਲਵ ਜ਼ਿਹਾਦ' ਦੀ ਤਰ੍ਹਾਂ ਆਧੁਨਿਕ ਦੌਰ ਦੇ ਵਿਆਹ ਬਾਹਰੇ ਸਬੰਧਾਂ ਦੀ ਤਰਜ਼ਮਾਨੀ ਕਰਦੀ ਹੈ। ਕਹਾਣੀ ਦਾ ਨਾਇਕ ਆਪਣੀ ਸੋਹਣੀ ਸੁਣੱਖੀ ਪਤਨੀ ਦੇ ਹੁੰਦਿਆ ਰਾਜਵੀਰ ਨਾਲ ਪਹਿਲਾਂ ਆਨਲਾਈਨ ਰਿਸ਼ਤਾ ਕਾਇਮ ਕਰਦਾ ਹੈ ਅਤੇ ਬਾਅਦ ਵਿਚ ਉਸ ਨੂੰ ਆਫਲਾਈਨ ਵੀ ਮਿਲਦਾ ਹੈ। ਦੂਜੇ ਪਾਸੇ ਰਾਜਵੀਰ ਵੀ

ਆਪਣੇ ਪਤੀ ਦੇ ਹੁੰਦਿਆਂ ਦੂਜੇ ਮਰਦ ਨਾਲ ਰਿਸ਼ਤਾ ਜੋੜਦੀ ਹੈ। ਦਰਅਸਲ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਨੇ ਲੋਕਾਂ ਨੂੰ ਇਸ ਗੱਲ ਲਈ ਸੁਰਖਿਅਤ ਸਪੇਸ ਮੁਹੱਈਆ ਕੀਤੀ ਹੈ ਕਿ ਉਹ ਆਪਣੇ ਹਮਸਫਰ ਪਤੀ/ਪਤਨੀ ਤੋਂ ਬਿਨਾ ਵੀ ਜਿੱਥੇ ਮਰਜੀ ਰਿਸ਼ਤਾ ਕਾਇਮ ਕਰ ਲੈਣ। ਇਹਨਾਂ ਰਿਸ਼ਤਿਆਂ ਦੇ ਜਾਇਜ਼-ਨਜਾਇਜ਼ ਕਾਰਨ ਹੁੰਦੇ ਹਨ। ਜਿਵੇਂ ਇਸ ਕਹਾਣੀ ਵਿਚ ਰਾਜਵੀਰ ਦਾ ਤਰਕ ਸਮਝ ਆਉਂਦਾ ਹੈ ਕਿ ਉਸ ਦਾ ਪਤੀ ਉਸ ਦੀਆਂ ਰੀਝਾਂ ਪੂਰੀਆਂ ਕਰਨ ਦੀ ਥਾਂ 'ਤੇ ਵਿਦੇਸ਼ਾਂ ਵਿਚ ਬੈਠਾ ਹੈ। ਇਸ ਲਈ ਉਹ ਪਹਿਲਾਂ ਟਾਈਮਪਾਸ ਲਈ ਸੋਸ਼ਲ ਮੀਡੀਏ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਬਾਅਦ ਵਿਚ ਕਿਸੇ ਹੋਰ ਮਰਦ ਨਾਲ ਪ੍ਰੇਮ ਸਬੰਧ ਕਾਇਮ ਕਰ ਲੈਂਦੀ ਹੈ। ਉਸ ਕੋਲ ਆਪਣੀ ਨੇੜਤਾ ਦਾ ਤਰਕ ਵੀ ਹੈ ਅਤੇ ਕਿਸੇ ਹੱਦ ਤੱਕ ਦਿਲੀ ਸਾਂਝ ਵੀ ਪਰ ਇਸ ਕਹਾਣੀ ਦਾ ਮਰਦ ਪਾਤਰ ਸਭ ਕੁਝ ਕੋਲ ਹੁੰਦਿਆਂ-ਸੁੰਦਿਆਂ ਵੀ ਪਰ-ਔਰਤ ਨਾਲ ਸਬੰਧ ਕਾਇਮ ਕਰਦਾ ਹੈ। ਨਾ ਕੇਵਲ ਸਬੰਧ ਹੀ ਕਾਇਮ ਕਰਦਾ ਹੈ ਬਲਕਿ ਉਸ ਨੂੰ ਆਪਣੇ ਕਾਮ ਸਬੰਧਾਂ ਦੀ ਤ੍ਰਿਪਤੀ ਲਈ ਵੀ ਵਰਤਣਾ ਚਾਹੁੰਦਾ ਹੈ। ਨਾਲ ਹੀ ਉਸ ਦਾ ਲੀਚੜਪੁਣਾ ਵੀ ਉਸ ਵਕਤ ਸਾਮ੍ਹਣੇ ਆਉਂਦਾ ਹੈ ਜਦ ਉਹ ਖਰੀਦੇ ਗਏ ਸਮਾਨ ਦੇ ਪੈਸੇ ਦੇਣ ਦਾ ਢੌਂਗ ਕਰਦਾ ਹੈ। ਉਸ ਦਾ ਇਹ ਲੀਚੜਪੁਣਾ ਰਾਜਵੀਰ ਦੇ ਮਾਮਲੇ ਵਿਚ ਹੀ ਨਹੀਂ, ਉਸ ਦੀ ਆਪਣੀ ਪਤਨੀ ਹਰਮਨ ਦੇ ਮਾਮਲੇ ਵਿਚ ਵੀ ਹੈ। ਹਰਮਨ ਉਸ ਨੂੰ ਬਹੁਤ ਚਾਹੁੰਦੀ ਹੈ, ਉਸ ਦਾ ਬਹੁਤ ਖਿਆਲ ਰੱਖਦੀ ਹੈ ਪਰ ਉਹ ਫਿਰ ਵੀ ਉਸ ਦੀ ਪਰਵਾਹ ਨਾ ਕਰਕੇ, ਉਸ ਨੂੰ ਧੋਖਾ ਦਿੰਦਾ ਹੋਇਆ ਰਾਜਵੀਰ ਨਾਲ ਸਬੰਧ ਕਾਇਮ ਕਰਦਾ ਹੈ। ਇਉਂ ਇਹ ਕਹਾਣੀ ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਦਾ ਉਹ ਸੱਚ ਪ੍ਰਸਤੁਤ ਕਰ ਰਹੀ ਹੈ ਜੋ ਅਨੈਤਿਕ ਆਧਾਰਾਂ ਤੇ ਵਿਕਸਿਤ ਹੋ ਰਿਹਾ ਹੈ।

ਪਾਤਰਾਂ ਦੀ ਨਿਰਮਾਣਕਾਰੀ ਤੋਂ ਬਾਅਦ ਜਦ ਇਸ ਕਹਾਣੀ ਦੀ ਭਾਸ਼ਾ ਨੂੰ ਇਕ ਸੱਭਿਆਚਾਰਕ ਟੈਕਸਟ ਦੇ ਰੂਪ ਵਿਚ ਪਰਿਭਾਸ਼ਿਤ ਕਰਦੇ ਹਾਂ ਤਾਂ ਜਤਿੰਦਰ ਹਾਂਸ ਦੀ ਗਹਿਣ ਭਾਸ਼ਾਈ ਸਮਰੱਥਾ ਦੇ ਦੀਦਾਰ ਹੁੰਦੇ ਹਨ। ਇਸ ਵਿਚ ਉਸ ਦੀਆਂ ਉਪਭਾਸ਼ਾਈ, ਅੱਪਭਾਸ਼ਾਈ ਅਤੇ ਆਂਚਲਿਕ ਛੂਹਾਂ, ਸ਼ਕਤੀਸ਼ਾਲੀ ਮੈਟਾਫਰਾਂ ਅਤੇ ਪ੍ਰਤੀਕਾਂ ਨੂੰ ਸਿਰਜਣ ਦੀ ਮੌਲਿਕ ਸਮਰੱਥਾ ਸਾਮ੍ਹਣੇ ਆਉਂਦੀ ਹੈ। ਸਭ ਤੋਂ ਪਹਿਲਾਂ ਤਾਂ ਸਾਰੀਆਂ ਕਹਾਣੀ ਦੇ ਸਿਰਲੇਖ ਹੀ ਮੈਟਾਫੋਰੀਕਲ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹਨ । ''ਖਾਲੀ ਨਹੀਂ ਹੁੰਦਾ ਸਿਰਲੇਖ ਇਕ ਧੁਨੀਆਤਮਕ ਮੈਟਾਫਰ ਹੈ। ਪੰਜਾਬੀ ਭਾਸ਼ਾ ਦੀ ਧੁਨੀਆਂ ਵਿਚ'' ਦੇ ਹਾਸ਼ੀਆਕ੍ਰੀਤ ਹੋਣ ਦੇ ਸੰਦਰਭ ਰਾਹੀਂ ਜਿੰਦੂ ਵਰਗੇ ਪਾਤਰ ਦੀ ਹਾਸ਼ੀਆਕ੍ਰਿਤ ਸਥਿਤੀ ਨੂੰ ਪ੍ਰਸਤੁਤ ਕਰਨਾ ਬਹੁਤ ਹੀ ਵਿਲੱਖਣ ਕਿਸਮ ਦਾ ਭਾਸ਼ਾਈ ਪ੍ਰਯੋਗ ਹੈ। ਉਹ ਲੁਤਰੋ ਨੂੰ ਜੀਭ ਤੇ ਜ਼ੁਬਾਨ ਨਾਲੋਂ ਨਿਖੇੜ ਕੇ ਕਿਸੇ ਵਾਚਾਲ ਵਿਅਕਤੀ ਦੀ ਮਾਨਸਕਿਤਾ ਨੂੰ ਪ੍ਰਸਤੁਤ ਕਰਨ ਲਈ ਸ਼ਕਤੀਸ਼ਾਲੀ ਮੈਟਾਫਰ ਦੇ ਤੌਰ 'ਤੇ ਵਰਤਦਾ ਹੈ। ਇਸੇ ਤਰ੍ਹਾਂ 'ਅੱਧੇ ਸੌ ਦਾ ਨੋਟ' ਵੀ ਬਹੁਤ ਸ਼ਸ਼ਕਤ ਮੈਟਾਫੋਰੀਕਲ ਸਮਰੱਥਾ ਵਾਲਾ ਮੈਟਾਫਰ ਹੈ। ਕਿਸੇ ਮਿੱਟੀ ਦੇ ਮਾਧੋ ਵਿਅਕਤੀ ਨੂੰ ਉਸ ਦੀ ਅੱਧੀ ਅਧੂਰੀ ਸਮਝ ਦੇ ਆਧਾਰ 'ਤੇ ਪੰਜਾਹ ਦੇ ਨੋਟ ਦੀ ਪਛਾਣ ਨਾ ਕਰਨ ਕਰਕੇ ਅੱਧੇ ਸੌ ਦੇ ਨੋਟ ਨਾਲ ਤੁਲਨਾਉਣਾ ਚਰਿਤਰ ਉਸਾਰੀ ਦੀ ਅਹਿਮ ਜੁਗਤ ਹੈ।

ਕਹਾਣੀਕਾਰ ਕੋਲ ਜਿੱਥੇ ਆਪਣੇ ਵਸਤੂ ਮੁਤਾਬਕ ਢੁੱਕਵੇਂ ਪਾਤਰਾਂ ਦੀ ਨਿਰਮਾਣਕਾਰੀ ਕਰਨ ਦੀ ਸਮਰਥਾ ਹੈ ਉੱਥੇ ਨਿੱਕੀਆਂ-ਨਿੱਕੀਆਂ ਭਾਸ਼ਾਈ ਛੂਹਾਂ ਦੇ ਕੇ ਉਹਨਾਂ ਪਾਤਰਾਂ ਦੇ ਕਿਰਦਾਰ ਦੀ ਉਸਾਰੀ ਕਰਨ ਦੀ ਵੀ ਬਾਕਮਾਲ ਸਮਰਥਾ ਹੈ। ਕਿਸੇ ਦਮਿਤ ਔਰਤ ਦੀ ਪੀੜ ਅਤੇ ਉਮੀਦ ਨੂੰ ਉਹ ਇਹਨਾਂ ਸ਼ਬਦਾਂ ਵਿਚ ਅਭਿਵਿਅਕਤ ਕਰਦਾ ਹੈ :

"ਪੜ੍ਹਾਈ ਦੇ ਨਾਂ ਤੇ ਇਹਨੂੰ ਮੌਤ ਪੈਂਦੀ ਆ...ਮੈਂ ਤਾਂ ਨਰਕ ਭੋਗਦੀ ਆਂ ...ਤੂੰ ਪੜ੍ਹ ਕੇ ਦੁਨੀਆ ਦੇਖਣ ਜੋਗਾ ਹੋ ਜਾ..."

ਮੋਨਿਕਾ ਮੈਡਮ ਦੀ ਸਿੱਖਿਆ ਪ੍ਰਤੀ ਅਤੇ ਬੱਚਿਆਂ ਪ੍ਰਤੀ ਪਹੁੰਚ ਦ੍ਰਿਸ਼ਟੀ ਨੂੰ ਉਹ ਇੱਕੋ ਲਾਈਨ ਵਿਚ ਪ੍ਰਗਟਾ ਦਿੰਦਾ ਹੈ :

ਬੱਚੇ ਇਹਤੋਂ ਪਾਣੀ ਵਾਂਗ ਚਲਦੇ ਨੇ, ਕਿਉਂਕਿ ਕੰਨ ਤੱਤੇ ਕਰਨ ਲੱਗੇ ਘੌਲ ਨਹੀਂ ਕਰਦੀ।

('ਙ' ਖਾਲੀ ਨਹੀਂ ਹੁੰਦਾ)

'ਲਵ ਜ਼ਿਹਾਦ' ਵਿਚਲੀ ਔਰਤ ਦੀਆਂ ਉਪਭੋਗੀ ਰੁਚੀਆਂ ਦਾ ਪ੍ਰਗਟਾਵਾ ਕਰਨ ਲੱਗਿਆ ਉਹ ਉਪਭੋਗ ਦੀ ਭਾਸ਼ਾ ਹੀ ਵਰਤਦਾ ਹੈ: 'ਕਈ ਵਾਰ ਤਾਂ ਜੀਅ ਕਰਦਾ ਮੈਂ ਫੇਸਬੁੱਕ ਤੇ ਸਟੇਟਸ ਪਾ ਦੇਵਾਂ, ਅੱਜ ਮੈਂ ਪਿਆਰ ਦਾ ਲੰਗਰ ਲਾਵਾਂਗੀ। ਫਿਰ ਸਾਰਿਆਂ ਨੂੰ ਪੰਗਤ ਵਿਚ ਬਿਠਾ ਕੇ ਪਰਸਾਦ ਵਾਂਗ ਵੰਡ ਦੇਵਾਂ। ਮੇਰੇ ਕੋਲ ਫਿਰ ਵੀ ਬਥੇਰਾ ਬਚ ਜਾਣਾ ਪਰ ਅੱਜ ਮੈਂ ਲੰਗਰ ਤਾਂ ਨਹੀਂ ਲਾਵਾਂਗੀ, ਦਸਵਾਂ ਦਸੌਂਦ ਜ਼ਰੂਰ ਕੱਢੂੰ।'

'ਜਿਉਣਾ ਸੱਚ ਬਾਕੀ ਝੂਠ' ਕਹਾਣੀ ਦੇ ਮੁੱਖ ਪਾਤਰ ਡੈਡੀ ਵਰਗੇ ਵਿਲੱਖਣ ਪਾਤਰ ਦੇ ਆਦਿਮ ਜਜ਼ਬਿਆਂ ਦੀ ਉਸਾਰੀ ਲਈ ਉਹ ਬਹੁਤ ਢੁੱਕਵੀਂ ਭਾਸ਼ਾ ਦੀ ਵਰਤੋਂ ਕਰਦਾ ਹੈ :

- -'ਕੰਮ ਕਰਨ ਦੀ 'ਗੁਰਜ' ਤਾਂ ਡੈਡੀ ਦੇ ਹੱਥ ਹੈ ਹੀ ਸੀ... ਬੋਲਣ ਦੀ 'ਗੁਰਜ' ਵੀ ਉਹਨਾਂ ਦੇ ਹੱਥ ਸੀ।'
- -'ਟਰੈਕਟਰ ਘਰ ਦਾ ਜੀਅ ਈ ਹੁੰਦਾ, ਘਰ ਨਾਲ ਇਹਦੇ ਦੁੱਖ ਸੁੱਖ ਸਾਂਝੇ ਹੁੰਦੇ ਨੇ। ਖੇਤਾਂ 'ਚ ਝੂਲਦੀਆਂ ਫਸਲਾਂ ਦੇਖ ਕੇ ਇਹ ਖੁਸ਼ ਹੁੰਦਾ। ਜੇ ਮੀਂਹ, ਹਨੇਰੀ, ਗੜਿਆਂ 'ਚ ਫ਼ਸਲਾਂ ਖ਼ਰਾਬ ਹੋ ਜਾਣ ਤਾਂ ਇਹ ਉਦਾਸ ਹੋ ਜਾਂਦਾ।'
- -'ਮੈਂ ਗੋਹ ਵਾਂਗੂ ਪੈਰ ਅੜਾ ਲਏ, ਜਿਵੇਂ ਟੋਆ ਪੁੱਟ ਕੇ ਗੱਡਿਆਂ ਹੋਵਾਂ'

'ਲੁਤਰੋ' ਕਹਾਣੀ ਦੇ ਦੋਹਾਂ ਪਾਤਰਾਂ ਦੀ ਕਿਰਦਾਰ ਉਸਾਰੀ ਵੀ ਇਸੇ ਤਰ੍ਹਾਂ ਵਿਲੱਖਣ ਅੰਦਾਜ਼ ਵਿਚ ਕਰਦਾ ਹੈ। ਲੁਤਰੋ ਦੀ ਪਾਤਰ ਉਸਾਰੀ ਮਾਲਕਣ ਦੇ ਪਾਤਰ ਰਾਹੀਂ ਹੋ ਰਹੀ ਹੈ। ਪਹਿਲੀਆਂ ਲਾਈਨਾਂ ਹੀ ਇਕ ਪੂਰੇ-ਸੂਰੇ ਕਿਰਦਾਰ ਨੂੰ ਤੁਹਾਡੇ ਸਾਮ੍ਹਣੇ ਪ੍ਰਤੀਬਿੰਬਿਤ ਕਰ ਦਿੰਦੀਆਂ ਹਨ :

"ਦਿਲ ਕਰਦਾ ਕਮਜ਼ਾਤ ਨੂੰ ਗੁੱਤੋਂ ਫੜ੍ਹ ਕੇ ਘਰੋਂ ਕੱਢ ਦੇਵਾਂ। ਇਸ ਦੀ ਗਿੱਠ ਲੰਮੀ ਜ਼ੁਬਾਨ ਆ, ਕੈਂਚੀ ਵਾਂਗੂ ਲੁਤਰ-ਲੁਤਰ ਚੱਲਦੀ ਆ, ਇਸੇ ਲਈ ਮੈਂ ਇਹਨੂੰ ਲੁਤਰੋ ਕਹਿ ਦਿੰਦੀ ਹਾਂ। ਜਦ ਮੇਰਾ ਬਲੱਡ ਪ੍ਰੈਸ਼ਰ ਵਧਿਆ ਹੁੰਦਾ ਤਾਂ ਇਹਨੂੰ ਬਥੇਰਾ ਕੁਝ ਬੋਲ ਦਿੰਦੀ ਹਾਂ। ਇਸ ਦੀ ਉਹ ਗੱਲ ਆ, ਅਖੇ ਦੋ ਪਈਆਂ ਵਿਸਰ ਗਈਆਂ, ਸਦਕੇ ਮੇਰੀ ਢੂਹੀ ਦੇ । ਬਸ ਹਿੜ ਹਿੜ ਕਰਕੇ ਹੱਸੀਂ ਜਾਊ। ਕਈ ਵਾਰ ਤਾਂ ਮੇਰਾ ਬਲੱਡ ਪ੍ਰੈਸ਼ਰ ਇਸ ਗੱਲ ਨਾਲ ਵਧ ਜਾਂਦਾ, ਬਈ ਇਹਨੂੰ ਗਧਿਆਂ ਦੀ ਜਾਣੀ ਨੂੰ ਏਨਾ ਹਾਸਾ ਆਉਂਦਾ ਕਿੱਥੋਂ ਆ।"

ਜਦ ਮਾਲਕਣ ਆਪਣੇ ਪੁੱਤ ਲਾਲੀ ਨੂੰ 'ਆਪਣੀ ਰੰਨ ਦਾ ਪੁੱਤ' ਕਹਿੰਦੀ ਹੈ ਤਾਂ ਇਹ ਟੈਕਸਟ ਪੰਜਾਬ ਦੀ ਸਾਕਾਦਾਰੀ ਦੀਆਂ ਲਈ ਗੁੰਝਲਾਂ ਨੂੰ ਪ੍ਰਸੁਤਤ ਕਰ ਰਹੀ ਹੁੰਦੀ ਹੈ।

ਭਾਸ਼ਾਈ ਟੈਕਸਟ ਦੇ ਰੂਪ ਵਿਚ ਹਾਂਸ ਦੀ ਇਕ ਖ਼ੂਬੀ ਇਹ ਵੀ ਹੈ ਕਿ ਉਹ ਆਪਣੀ ਗੱਲ ਦੇ ਸੰਦਰਭ ਨੂੰ ਪਰਿਭਾਸ਼ਿਤ ਕਰਨ ਲਈ ਜਾਂ ਉਸ ਦੇ ਅਰਥਾਂ ਨੂੰ ਵਿਸਥਾਰਨ ਲਈ ਕਿਤੇ ਕਿਤੇ ਹੋਰ ਲਘੂ ਪ੍ਰਸੰਗਾਂ ਨੂੰ ਦ੍ਰਿਸ਼ਟਾਂਤ ਦੇ ਰੂਪ ਵਿਚ ਵਰਤਦਾ ਹੈ। ਜਿਵੇਂ ਇਸ ਕਹਾਣੀ ਵਿਚ ਉਹ ਸੱਜਰ ਸੂਈ ਮੱਝ ਨੂੰ ਵਪਾਰੀਆਂ ਦੁਆਰਾ ਲਿਜਾਣ ਵੇਲੇ ਕੱਟਰੂ ਨੂੰ ਟੋਕਰੇ ਵਿਚ ਪਾ ਕੇ ਸਾਈਕਲ 'ਤੇ ਬਿਠਾ ਕੇ ਲੈ ਜਾਣ ਵਾਲਾ ਪ੍ਰਸੰਗ ਇਸ ਤੱਥ ਦੀ ਪੁਸ਼ਟੀ ਲਈ ਵਰਤਦਾ ਹੈ ਜਿਸ ਤਰ੍ਹਾਂ ਉਹ ਕੱਟਰੂ ਦੇ ਰੂਪ ਵਿਚ ਮੱਝ (ਮਾਂ) ਦੀ ਮਮਤਾ ਨੂੰ ਕੈਸ਼ ਕਰਦਾ ਹੈ, ਉਸੇ ਤਰ੍ਹਾਂ ਉਸ ਦਾ ਪਤੀ ਵੀ ਸਕੂਲ 'ਚੋਂ ਉਸ ਦੀਆਂ ਬੱਚੀਆਂ ਨੂੰ ਚੁੱਕਣ ਆ ਗਿਆ ਸੀ। ਇਸੇ ਕਹਾਣੀ ਵਿਚ ਜਦ ਉਹ ਮਾਂ ਦੀ ਗੋਡਿਆਂ ਦੀ ਪੀੜ ਦਾ ਬਿਰਤਾਂਤ ਸਿਰਜਦਾ ਹੈ ਤਾਂ ਇਸ ਵਿਚੋਂ ਉਹ ਮਾਲਕਣ ਦੀ ਮਮਤਾ, ਖਿਝ ਅਤੇ ਪੀੜਾ ਨੂੰ ਜ਼ੁਬਾਨ ਦਿੰਦਾ ਹੈ :

"ਗੋਡਿਆਂ ਦਾ ਕੀ ਆ ਦੁਖਦੇ ਨੇ, ਟੁੱਟ ਕੇ ਤਾਂ ਡਿਗਦੇ। ਜਿਹੜਾ ਦੋ ਲੱਖ ਉਹਨਾਂ ਦੇ ਇਲਾਜ ਲਈ ਭੇਜਿਆ, ਜੀਅ ਕਰਦਾ ਆਪਣੀ ਭੈੜੀ ਬੂਥੀ ਆਲੀ ਨੂੰਹ ਨੂੰ ਭੇਜਦਾਂ ਤੇ ਕਹਾਂ, ਹਾੜੇ ਹਾੜੇ ਮੇਰਾ ਮੰਗੂ ਮੇਰੀ ਝੋਲੀ ਪਾ ਦੇ।

ਹਾਂਸ ਕੋਲ ਇਸ ਗੱਲ ਦੀ ਸਮਝ ਹੈ ਕਿ ਲਿੰਗਕ ਸੰਕਲਪਾਂ ਨੂੰ ਪਾਠਕਾਂ ਦੇ ਸਾਮ੍ਹਣੇ ਸਿੱਧੇ ਰੂਪ ਵਿਚ ਪਰੋਸਣਾ ਸ਼ਾਲੀਨਤਾ ਨਹੀਂ ਹੋਵੇਗੀ। ਇਸ ਲਈ ਉਹ ਅਜਿਹੇ ਵਕਤ ਬਹੁਤ ਹੀ ਸੰਕੇਤਕ ਭਾਸ਼ਾ ਵਰਤਦਾ ਹੋਇਆ ਸੰਕਲਪਾਂ ਨੂੰ ਸੁਹਜਾਤਮਕ ਤਰੀਕੇ ਨਾਲ ਪ੍ਰਸਤੁਤ ਕਰਦਾ ਹੈ। ਕੁਦੇਸਣ ਔਰਤ ਪੂਜਾ ਦੇ ਮੂੰਹੋਂ ਉਸ ਦੇ ਜਿਸਮਾਨੀ ਸ਼ੋਸ਼ਣ ਦੀ ਕਥਾ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ :

"ਸਰਦਾਰ ਜੀ ਦੁਨੀਆ ਬੀ ਮਤਲਬੀ ਆ। ਜੀਹਨੂੰ ਮੈਂ ਪਿਆਰ ਕੀਤਾ ਸੀ, ਉਹ ਮੈਨੂੰ ਵੇਚ ਕੇ ਭੱਜ ਗਿਆ। ਫਿਰ ਹੋਰ ਬਥੇਰੇ ਲੋਕ ਆ ਗੇ, ਜਿਹੜੇ ਕਹਿੰਦੇ ਤੈਨੂੰ ਪਿਆਰ ਕਰਦੇ ਆਂ । ਪਰ ਪਿਛਲੇ ਕਈ ਦਿਨਾਂ ਤੋਂ ਕੋਈ ਨਹੀਂ ਆਇਆ। ਸਭ ਨੂੰ ਪਤਾ ਸੀ ਮੇਰੇ ਬੱਚਾ ਹੋਣ ਵਾਲਾ। ਮੈਂ ਉਹਨਾਂ ਦੇ ਕੰਮ ਨਹੀਂ ਆ ਸਕਦੀ।

'ਅੱਧੇ ਸੌ ਦਾ ਨੋਟ' ਕਹਾਣੀ ਦੀ ਭਾਸ਼ਾ ਵੀ ਆਪਣੇ ਪਾਤਰਾਂ ਦੇ ਪ੍ਰਸੰਗ ਵਿਚ ਬਿਲਕੁਲ ਪ੍ਰਾਸੰਗਿਕ ਹੈ। ਰੁਮਿੰਦਰ ਢਿੱਲੋਂ ਦੇ ਕਿਰਦਾਰ ਤੇ ਟਿੱਪਣੀ ਕਰਦੀ ਹੋਈ ਤਾਰੋ ਨਾ ਸਿਰਫ਼ ਉਸ ਦਾ ਕਿਰਦਾਰ ਦਸਦੀ ਹੈ ਬਲਕਿ ਅਪਰਤੱਖ ਰੂਪ ਵਿਚ ਉਸ ਦਾ ਆਪਣਾ ਕਿਰਦਾਰ ਵੀ ਸਾਮ੍ਹਣੇ ਆ ਰਿਹਾ ਹੈ :

- -'ਉਹਦਾ ਫੂਕਣੇ ਦਾ ਬੋਲ ਏ ਇਹੋ ਜਿਹਾ। ਉਹਦੀ ਗੱਲ ਏ ਗਾਲ੍ਹ ਵਰਗੀ ਹੁੰਦੀ ਆ...'
- -'ਅੱਧੇ ਸੌ ਦੇ ਨੋਟ ਦੇ ਮੱਥੇ ਇੱਟ ਮਾਰ ਕੇ ਟੀਕ ਚਲਾ ਕੇ ਨਾ ਗਈ ਤਾਂ ਮੈਨੂੰ ਚੈਨ ਨਹੀਂ ਆਉਣੀ'
- -'ਬਈ ਹੁਣ ਲੰਡਰਾਂ ਤੇ ਫੰਡਰਾਂ ਦਾ ਜ਼ਮਾਨਾ ਆ ਗਿਆ। ਬੰਜਰ ਜ਼ਮੀਨਾਂ ਦੇ ਭਾਅ ਅਸਮਾਨ ਨੂੰ ਚੜ੍ਹ ਗਏ। ਖ਼ਾਨਦਾਨੀ ਬੰਦੇ ਦੀ ਹੁਣ ਕੁੱਤੇ ਜਿੰਨੀ ਸਿਆਣ ਨੀਂ। ਲੰਡਰ ਬੰਦੇ ਨੂੰ ਦੁਨੀਆਂ ਖੁਦ ਝੁਕ ਕੇ ਸਲਾਮਾਂ ਕਰਦੀ ਆ। '
- -'ਤੇਰੀ ਮਾਂ ਨੂੰ ਖਰੀਦਣ ਨੂੰ ਤੇਰਾ ਬਾਪ ਸਾਧੂ ਬਾਬੂ ਸਾਡਿਓਂ ਰੁਪਈਏ ਲੈ ਕੇ

ਗਿਆ ਸੀ। ਕੁੜੀ ਕਨੇਡਾ ਦੇ ਬੁੜ੍ਹੇ ਨੂੰ ਵਿਆਹ ਕੇ ਤੁਸੀਂ ਹੁਕਮ ਚਲਾਉਣ ਜੋਗੇ ਹੋ ਗੇ..ਜਿੰਨੇ ਮਰਜ਼ੀ ਡਾਲਰਾਂ 'ਚ ਖੇਡੀ ਜਾਓ। ਮੇਰੇ ਲਈ ਤਾਂ ਤੂੰ ਅਜੇ ਵੀ ਅੱਧੇ ਸੌ ਦਾ ਨੋਟ ਈ ਏਂ...'

ਸਿਰਫ ਰੁਮਿੰਦਰ ਸਿੰਘ ਹੀ ਨਹੀਂ, ਤਾਰੋ ਰਾਹੀਂ ਰੁੱਖਾਂ ਤੇ ਪੰਛੀਆਂ ਸਮੇਤ ਹੋਰ ਬਹੁਤ ਸਾਰੇ ਪਾਤਰਾਂ ਨਾਲ ਸਬੰਧਾਂ ਦੀ ਟੈਕਸਟ ਸਾਮ੍ਹਣੇ ਆ ਰਹੀ ਹੈ :

● -'ਮੈਂ ਤਾਂ ਇਹ ਤੱਤ ਕੱਢਿਆ, ਬੁੱਢੇ ਦਰਖ਼ਤਾਂ ਨੂੰ ਪੁੱਟ ਕੇ ਜਦੋਂ ਦੂਜੇ ਥਾਂ ਲਾਉਨੇ ਆਂ, ਉਹਦੀਆਂ ਜੜ੍ਹਾਂ ਜੇ ਲੱਗ ਜਾਣ ਤਾਂ ਲੱਗ ਜਾਣ, ਨਾ ਲੱਗਣ ਤਾਂ ਲੱਗਦੀਆਂ ਈ ਨਹੀਂ।'

● -'ਮੇਰੀ ਨੂੰਹ ਵੀ ਆਬਦੀ ਮਾਂ ਵਰਗੀ ਫੁਕਰੀ ਆ। ਦੋਵੇਂ ਜਣੀਆਂ ਸਾਡੀ ਕਨੇਡੇ, ਸਾਡੀ ਕਨੇਡੇ ਐਂ ਕਰਨਗੀਆਂ, ਜਿਵੇਂ ਫੂਕਣੀਆਂ ਦੇ ਕਨੇਡੇ ਜੰਮੀ ਹੁੰਦੀ ਆ।'

'ਰਸ-ਰੰਗ' ਕਹਾਣੀ ਸਾਰੀ ਕਾਮੁਕ ਵਰਤਾਰਿਆਂ ਦੇ ਆਲੇ ਦੁਆਲੇ ਘੁੰਮਦੀ ਹੈ। ਇਹ ਵਰਤਾਰਾ ਸਮਾਜਿਕ ਤੌਰ 'ਤੇ ਸਾਡੇ ਲਈ ਟੈਬੂ ਹੈ ਅਤੇ ਇਸੇ ਲਈ ਇਸ ਦੀ ਪੇਸ਼ਕਾਰੀ ਲਈ ਭਾਸ਼ਾ ਦਾ ਮੁਹਾਵਰਾ ਅਤੇ ਮੁਹਾਂਦਰਾ ਬਹੁਤ ਹੀ ਸੱਭਿਆਚਾਰਕ ਅਤੇ ਸੰਕੇਤਕ ਹੋ ਜਾਂਦਾ ਹੈ। ਇਹ ਕਹਾਣੀ ਸਾਰੀ ਇਸ ਦੇ ਮੁੱਖ ਪਾਤਰ ਫੋਹੜ ਦੇ ਮੂੰਹੋਂ ਅਖਵਾਈ ਗਈ ਕਹਾਣੀ ਹੈ। ਇਸ ਦੇ ਕੁਝ ਪ੍ਰਤੀਕਾਤਮਕ ਵਾਕਾਂ ਦੀ ਖ਼ੂਬਸੂਰਤੀ ਦੇਖੀ ਜਾ ਸਕਦੀ ਹੈ ਜੋ ਕਾਮ ਦੇ ਸੰਕਲਪ ਦੀ ਬਹੁਪਰਤੀ ਵਿਆਖਿਆ ਕਰਦੀ ਹੈ:

● ਮੈਂ ਅਮਨ ਦਾ ਹੱਥ ਫੜ੍ਹ ਕੇ ਕਿਹਾ, "ਪਹਿਲਾਂ ਆਪਾਂ ਇਕ ਦੂਜੇ ਨੂੰ ਸਮਝ ਲੀਏ। ਸਾਡੇ 'ਚ ਪਿਆਰ ਵਰਗਾ ਕੁਝ ਹੋ ਜਾਵੇ। ਪਹਿਲਾਂ ਦਿਲਾਂ ਦੀ ਸਾਂਝ ਹੋ ਜੇ ਫਿਰ ਸਰੀਰ ਦਾ ਮੇਲ ਹੋਜੂ..."

● ਹੁਣ ਅਮਨ ਏਨੀ ਡਰੀ ਸਹਿਮੀ ਨਹੀਂ ਸੀ। ਮੈਨੂੰ ਲੱਗਣ ਲੱਗ ਹੁਣ ਸਾਡੇ ਵਿਚ ਸਭ ਠੀਕ ਹੋਣ ਵਾਲਾ। ਛੇਤੀ ਹੀ ਅਸੀਂ ਪਤੀ ਪਤਨੀ ਵਾਂਗ ਰਹਾਂਗੇ।

● ਕੁੜੀ ਕਹਿੰਦੀ ਆ, "ਮੈਂ ਨੀ ਉੱਥੇ ਜਾਣਾ, ਉਹਨੇ ਤਾਂ ਮੈਨੂੰ 'ਬੁਲਾਇਆ' ਹੀ ਨੀ।"

● ਲੈ ਤਾਂ ਜਾਂਦਾ ਭਾਈ, ਪਰ ਲਿਜਾਣ ਆਲੀ ਤੈਂ ਕੋਈ ਗੱਲ ਨੀ ਕਰੀ...

● ਜੇ ਤੇਰੇ ਅੱਲੇ-ਪੱਲੇ ਨਹੀਂ ਕੁਝ ਹੀ ਨਹੀਂ ਸੀ, ਕਾਹਨੂੰ ਵਿਆਹ ਦਾ ਪੰਗਾ ਲੈਣਾ ਸੀ।

● ਕਿਧਰੋਂ ਹੀ ਗਸ਼ਤੀ ਮਿੰਦਰੋ ਅੰਦਰ ਆ ਗਈ। ਉਦੋਂ ਮੇਰੇ ਅੰਦਰਲਾ ਰਾਖਸ਼ ਜਾਗਿਆ ਹੋਇਆ ਸੀ।

● ਜੜਾਂ ਹਰੀਆਂ ਹੋਣ, ਲਾਣੇਦਾਰਾ ਵੰਡ ਕੁਝ...

'ਗਹਿਣਾ' ਕਹਾਣੀ ਵਿਚ ਵੀ ਉਹ ਨਿੱਕੇ ਨਿੱਕੇ ਫਿਕਰਿਆਂ ਦੁਆਰਾ ਕਹਾਣੀ ਦੀ ਮੁੱਖ ਪਾਤਰ ਮੁੰਦਰੋ ਦੀ ਆਤਮ ਕਥਾ ਅਤੇ ਉਹਨਾਂ ਦੇ ਪਰਿਵਾਰ ਦੀ ਦਸ਼ਾ ਦਾ ਬਿਆਨ ਕਰਦਾ ਹੈ :

● -' ਨਾਲੇ ਇਹ ਟੱਬਰ ਤਾਂ ਭੂਰੀ ਕੀੜੀ ਫਿਰੀ ਆਲਾ। ਐਨਾ ਕੂਲਾ ਤਾਂ ਹੈ ਨੀ ਬਈ ਰਾਣੀ ਨੂੰ ਟੂਮ ਬਣਵਾ ਕੇ ਦੇਵੇ।'

● -'ਰਾਣੀ ਨੇ ਉਹਦਾ ਮਰੇ ਦਾ ਭੋਰਾ ਦਰੇਗ ਨੀ ਕੀਤਾ। ਬਈ ਚੰਦਰੀਏ

ਤੇਰੇ ਸਿਰ ਦਾ ਸਾਈ ਸੀ।'

- -'ਹੁਣ ਇਸ ਟੱਬਰ ਨੂੰ ਵੀ ਨੱਕ ਯਾਦ ਆ ਗਿਆ। ਬਈ ਭੁੱਖਿਆਂ-ਨੰਗਿਆਂ ਦਾ ਕਾਹਦਾ ਨੱਕ ਹੁੰਦਾ। ਨਾਲੇ ਰਾਣੀ ਕਿੱਧਰੋਂ ਆ ਗੀ ਨਕੌੜੇ ਆਲੀ। ਬਥੇਰੇ ਖੇਖਣ ਕਰਦੀ ਰਹੀ ਐ ਕੁਆਰੀ ਹੁੰਦੀ।'

'ਵਿਸ਼ਵ ਸੁੰਦਰੀ' ਕਹਾਣੀ ਵਿਚ ਉਹ ਆਧੁਨਿਕ ਦੌਰ ਦੇ ਗਲੋਬਲੀ ਯਥਾਰਥ ਨੂੰ ਭਾਸ਼ਾਈ ਪੈਟਰਨਾਂ ਰਾਹੀਂ ਦਰਸਾਉਂਦਾ ਹੈ। ਇਸ ਵਿੱਚੋਂ ਕੁਝ ਮਹੱਤਵਪੂਰਨ ਉਦਾਹਰਨਾਂ ਇਸ ਪ੍ਰਕਾਰ ਹਨ ਜਿਨ੍ਹਾਂ ਨਾਲ ਸਾਨੂੰ ਭਾਸ਼ਾ ਦਾ ਸੱਭਿਆਚਾਰਕ ਸੰਦਰਭ ਸਮਝ ਆਉਂਦਾ ਹੈ :

- ਅੱਜ ਤਾਂ ਜਿਵੇਂ 'ਧੰਨੇ ਦੇ ਰੱਬ ਨੇ ਨੱਕੇ ਛੱਡ ਦਿੱਤੇ ਹੋਣ...'
- ਮੁਸਕਾਨ ਆਪ ਮੁਹਾਰੇ ਕੰਨਾਂ ਤੱਕ ਫੈਲ ਜਾਂਦੀ ਹੈ।
- ਜਦੋਂ ਅਚਾਨਕ ਪਤੀ ਪਤਨੀ ਨਾਲ ਜ਼ਿਆਦਾ ਹੀ ਪਿਆਰ ਜਤਾਉਣ ਲੱਗ ਜਾਵੇ ਤਾਂ ਸਮਝੋ ਉਹਦਾ ਕਿਧਰੇ ਚੱਕਰ ਹੁੰਦਾ।
- ਔਰਤ ਨੂੰ ਸਮਝਣਾ ਸ੍ਰਿਸ਼ਟੀ ਨੂੰ ਸਮਝਣਾ ਹੈ।
- ਸੱਚ ਦੱਸਾਂ ਹੁਣ ਮੈਂ ਕਿਸੇ ਤੋਂ ਨਹੀ ਡਰਦੀ ਪਰ ਹਰ ਕੰਮ ਲਈ ਪਰਦਾ ਚਾਹੀਦਾ। ਪਿਆਰ ਲਈ ਸਭ ਤੋਂ ਵੱਧ। ਕੁਦਰਤ ਵੀ ਜਦ ਕੁਝ ਸਿਰਜਦੀ ਆ ਉਹ ਪਰਦੇ 'ਚ ਸਿਰਜਦੀ ਆ। ਕਣਕ ਦੀਆਂ ਬੱਲੀਆਂ 'ਚ ਪਹਿਲਾਂ ਦੁੱਧ ਪੈਦਾ ਹੁੰਦਾ, ਫੇਰ ਉਹ ਦਾਨਾ ਬਣਦਾ, ਪਰ ਹੁੰਦਾ ਉਹ ਸਾਰਾ ਕੁਝ ਪਰਦੇ 'ਚ ਹੀ ਹੁੰਦਾ ਏ ਨਾ...
- ਰਾਜਵੀਰ ਖ਼ੂਬਸੂਰਤੀ ਦਾ ਸਿਖਰ ਹੈ। ਜਿਵੇਂ ਕੋਈ ਸੂਰਜ ਨੂੰ ਕਹੇ ਤੂੰ ਹੋਰ ਲਾਲ ਹੋ ਜਾ..

ਇਸ ਪ੍ਰਕਾਰ ਇਹਨਾਂ ਕਹਾਣੀਆਂ ਵਿਚ ਲੇਖਕ ਕੋਲ ਨਾ ਕੇਵਲ ਕਹਿਣ ਨੂੰ 'ਬਹੁਤ ਕੁਝ' ਹੈ, ਬਲਕਿ ਇਸ 'ਬਹੁਤ ਕੁਝ' ਨੂੰ ਵਿਉਂਤਣ ਲਈ ਅਤੇ ਮਨੁੱਖੀ ਅਵਚੇਤਨ ਵਿਚ ਕਾਰਜਸ਼ੀਲ ਜਜ਼ਬਿਆਂ ਦੀ ਪ੍ਰਸਤੁਤੀ ਲਈ ਉਸ ਕੋਲ ਢੁੱਕਵੇਂ ਪਾਤਰਾਂ ਦੀ ਨਿਰਮਾਣਕਾਰੀ ਦਾ ਹੁਨਰ ਵੀ ਹੈ ਅਤੇ ਇਹਨਾਂ ਪਾਤਰਾਂ ਦੇ ਕਿਰਦਾਰ ਦੀ ਉਸਾਰੀ ਲਈ ਸਮਰੱਥ ਭਾਸ਼ਾ ਵੀ ਹੈ। ਜਿੱਥੇ ਉਹ ਕਿਤੇ ਵੀ ਪਾਤਰਾਂ ਦੀ ਧਿਰ ਨਾ ਬਣਦਾ ਹੋਇਆ ਉਹਨਾਂ ਦੀ ਨਿਰਮਾਣਕਾਰੀ ਵੀ ਨਿਊਟਰਲ ਰਹਿ ਕੇ ਕਰਦਾ ਹੈ ਅਤੇ ਓਹਨਾਂ ਦੀ ਉਸਾਰੀ ਵੀ ਨਿਊਟਰਲ ਰਹਿ ਕੇ ਹੀ ਕਰਦਾ ਹੈ। ਜਦ ਕਿ ਤੀਜੇ ਪਾਸੇ ਉਸ ਕੋਲ ਭਾਸ਼ਾ ਦਾ ਪ੍ਰਤੀਕਾਤਮਕ ਅਤੇ ਸਮਾਜਿਕ-ਸੱਭਿਆਚਾਰਕ ਸੰਦਰਭ ਹੈ ਜਿਸ ਰਾਹੀਂ ਅਰਥ ਵਧੇਰੇ ਗਹਿਨ ਅਤੇ ਬਹੁ ਪਰਤੀ ਹੋ ਜਾਂਦੇ ਹਨ ਅਤੇ ਪਾਠਕ ਇਹਨਾਂ ਰਾਹੀਂ ਪਾਤਰਾਂ ਦੇ ਆਦਿਮ ਜਜ਼ਬਿਆਂ ਨੂੰ ਆਪਣੇ ਧੁਰ ਅੰਦਰ ਤੱਕ ਮਹਿਸੂਸ ਕਰਦਾ ਹੈ। ਭਾਵੇਂ 'ਵਿਸ਼ਵ ਸੁੰਦਰੀ' ਅਤੇ 'ਲਵਜ਼ਿਹਾਦ' ਵਰਗੀਆਂ ਕਹਾਣੀਆਂ ਵਿਚ ਕਿਤੇ ਕਿਤੇ ਪਾਤਰਾਂ ਦੀ ਨਿਰਮਾਣਕਾਰੀ ਵਿਚ ਸਤਹੀਪੁਣਾ ਵੀ ਆਉਂਦਾ ਹੈ ਅਤੇ ਕਈ ਥਾਂ ਤੇ ਹੋਰ ਕਹਾਣੀਆਂ ਵਿਚ ਚਲੰਤ ਚੁਟਕਲੇ ਜਾਂ ਪ੍ਰਸੰਗ ਵੀ ਪਾ ਲਏ ਗਏ ਹਨ ਪਰ ਫੇਰ ਵੀ ਉਸ ਦਾ ਜੀਵਨ ਯਥਾਰਥ ਪ੍ਰਤੀ ਨਜ਼ਰੀਆ, ਪ੍ਰਗਟਾਅ ਵਿਚ ਪੁਖ਼ਤਗੀ ਅਤੇ ਭਾਸ਼ਾ ਵਿਚ ਗਹਿਰਾਈ ਹੈ ਜਿਸ ਕਰਕੇ ਉਸਦਾ ਇਹ ਸੰਗ੍ਰਹਿ ਉਸ ਦੇ ਪਿਛਲੇ ਗਲਪੀ ਪ੍ਰਤੀਮਾਨਾਂ ਤੋਂ ਅੱਗੇ ਜਾਂਦਾ ਹੈ। ਇਹੀ ਜਤਿੰਦਰ ਹਾਂਸ ਅਤੇ ਇਹਨਾਂ ਕਹਾਣੀਆਂ ਦਾ ਹਾਸਿਲ ਹੈ।

□□□

# ਦਮਿਤ ਔਰਤ ਦੀ ਹੂਕ ਦਾ ਕਵੀ ਅਵਤਾਰ ਪਾਸ਼

*ਡਾ. ਇਕਬਾਲ ਸੋਮੀਆਂ*

ਜਦੋਂ ਤੋਂ ਨਿੱਜੀ ਸੰਪੱਤੀ ਹੋਂਦ ਵਿਚ ਆਉਂਦੀ ਹੈ ਉਦੋਂ ਤੋਂ ਔਰਤ ਦਾ ਜੀਵਨ ਦਾਇਰਾ ਘਰ ਦੀ ਚਾਰ-ਦੀਵਾਰੀ ਤੱਕ ਸੀਮਤ ਹੋ ਜਾਂਦਾ ਹੈ। ਔਰਤ ਨੂੰ ਕਦੇ ਪੈਰ ਦੀ ਜੁੱਤੀ, 365 ਚਲਿੱਤਰਾਂ ਵਾਲ਼ੀ, ਅਪਵਿੱਤਰ ਜਾਤ, ਭੋਗਣ ਵਾਲ਼ੀ ਵਸਤੂ ਆਦਿ ਤਰ੍ਹਾਂ-ਤਰ੍ਹਾਂ ਦੇ ਨਾਂਹਵਾਚਕ ਵਿਸ਼ੇਸ਼ਣਾਂ ਨਾਲ਼ 'ਨਿਵਾਜਿਆ' ਜਾਂਦਾ ਰਿਹਾ ਹੈ ਅਤੇ ਮਰਦ ਨੂੰ 'ਸੁਆਮੀ' ਤੇ 'ਪ੍ਰਭੂ' ਦਾ ਦਰਜਾ ਦਿੱਤਾ ਜਾਂਦਾ ਰਿਹਾ ਹੈ। ਉਚ-ਵਰਗੀ ਖ਼ਾਨਦਾਨ ਨਾਲ਼ ਸਬੰਧਿਤ ਔਰਤਾਂ ਦੀ ਨਿਸਬਤ ਗ਼ਰੀਬ ਤੇ ਦਲਿਤ ਔਰਤ ਜ਼ਮੀਨ ਆਸਮਾਨ ਦੇ ਫ਼ਰਕ ਜਿੰਨੀ ਪੀੜਤ ਰਹੀ ਹੈ।

ਵਿਸ਼ਵ ਦਰਸ਼ਨ ਦੇ ਪਰਿਪੇਖ ਵਿਚ ਦੋ ਤਰ੍ਹਾਂ ਦੇ ਦ੍ਰਿਸ਼ਟੀਕੋਣ ਮੌਜੂਦ ਰਹੇ ਹਨ। ਹਰ ਵਿਅਕਤੀ ਦੀ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਆਪਣੀ-ਆਪਣੀ ਜਮਾਤ ਹੁੰਦੀ ਹੈ। ਇਸ ਬਾਰੇ ਓ ਯਾਕੂਤ ਦਾ ਕਹਿਣਾ ਹੈ ਕਿ "ਜੇ ਸਮਾਜ ਵਿਰੋਧੀ ਜਮਾਤਾਂ ਵਿਚ ਵੰਡਿਆ ਹੋਇਆ ਹੈ ਤਾਂ ਕੋਈ ਸਾਂਝਾ, ਇਕੋ ਇਕ ਸੰਸਾਰ ਦ੍ਰਿਸ਼ਟੀਕੋਣ ਨਹੀਂ ਹੋ ਸਕਦਾ।__ਪ੍ਰੋਲੇਤਾਰੀਏ ਤੇ ਕਿਰਤੀ ਲੋਕਾਂ ਦਾ ਜੀਵਨ ਤੇ ਦਰਜਾ ਬੁਰਜੂਆਜ਼ੀ ਤੇ ਲੁੱਟ-ਖਸੁੱਟ ਕਰਨ ਵਾਲਿਆਂ ਦੇ ਜੀਵਨ ਤੇ ਦਰਜੇ ਤੋਂ ਵੱਖਰਾ ਹੁੰਦਾ ਹੈ।__ਦੁਨੀਆ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਪ੍ਰਤੀਕਰਮ ਉਨ੍ਹਾਂ ਉਤੇ ਵੱਖ-ਵੱਖ ਤਰ੍ਹਾਂ ਦਾ ਹੁੰਦਾ ਹੈ, ਉਨ੍ਹਾਂ ਬਾਰੇ ਦੋਹਾਂ ਦੀ ਆਪਣੀ-ਆਪਣੀ, ਇਕ ਦੂਜੇ ਤੋਂ ਵੱਖਰੀ ਸਮਝ ਹੁੰਦੀ ਹੈ।" ਇਸ ਤਰ੍ਹਾਂ ਸਮਾਜ ਵਿਚ ਦੋ ਵਰਗਾਂ ਦੇ ਅਧੀਨ ਦੱਬੀ-ਕੁਚਲੀ ਤੇ ਦਲਿਤ ਔਰਤ ਦਾ ਦੂਜੀ ਧਿਰ ਵੱਲੋਂ ਸ਼ੋਸ਼ਣ ਲੰਮੇ ਸਮੇਂ ਤੋਂ ਹੁੰਦਾ ਰਿਹਾ ਹੈ ਤੇ ਹੋ ਰਿਹਾ ਹੈ। ਭਾਰਤੀ ਸਮਾਜ ਵਿਚ ਔਰਤ ਨੂੰ ਇਕ ਪਸ਼ੂ/ ਵਸਤੂ ਵਾਂਗ ਹੀ ਸਵੀਕਾਰ ਕੀਤਾ ਜਾਂਦਾ ਹੈ।

ਅੱਜ ਦਾ ਭਾਰਤੀ ਸਮਾਜ ਚਾਹੇ ਜਗੀਰਦਾਰੀ ਦੇ ਪੜਾਅ ਨੂੰ ਲੰਘ ਕੇ ਪੂੰਜੀਵਾਦ ਵੱਲ ਵੱਧ ਕੇ 'ਅਤਿ-ਆਧੁਨਿਕ' ਸਮਾਜ ਵੱਲ ਜਾ ਰਿਹਾ ਮੰਨਿਆ ਜਾਂਦਾ ਹੈ ਪਰੰਤੂ ਇਸ ਸਮਾਜ ਵਿਚ ਮਰਦ ਦੀ ਨਿਸਬਤ ਔਰਤ ਦੀ ਸਥਿਤੀ ਵਧੇਰੇ ਚਿੰਤਾਜਨਕ ਹੈ। ਉਸ ਦੇ ਗਲੋਂ ਵਿਤਕਰੇ ਦੀ

*ਡਾ. ਇਕਬਾਲ ਸੋਮੀਆਂ*
*ਸਹਾਇਕ ਪ੍ਰੋਫ਼ੈਸਰ (ਪੰਜਾਬੀ)*
*ਪਬਲਿਕ ਕਾਲਜ ਸਮਾਣਾ, ਪਟਿਆਲਾ*
*ਰਾਬਤਾ 95012-05169*

'ਪੰਜਾਲੀ' ਹਾਲੇ ਤੱਕ ਵੀ ਨਹੀਂ ਲੱਥੀ, ਬਹੁਤ ਘੱਟ ਔਰਤਾਂ ਹਨ ਜੋ ਪੜ੍ਹ-ਲਿਖ ਜਾਣ/ ਨੌਕਰੀਸ਼ੁਦਾ ਹੋਣ ਉਪਰੰਤ 'ਪੰਜਾਲ਼ੀ' ਲਾਹੁਣ ਦਾ ਹੰਭਲਾ ਮਾਰਦੀਆਂ ਹਨ ਪਰ ਉਨ੍ਹਾਂ ਦੀ ਸਥਿਤੀ ਵੀ 'ਦੋ ਪੁੜਾਂ ਹੇਠ ਪਿਸਣ' ਵਾਲ਼ੀ ਹੀ ਬਣ ਕੇ ਰਹਿ ਜਾਂਦੀ ਹੈ। ਔਰਤ ਤੇ ਮਰਦ ਦੋਵਾਂ ਨੂੰ ਮੋਢੇ ਨਾਲ਼ ਮੋਢਾ ਜੋੜ ਕੇ ਇਕੱਠਿਆਂ ਚੱਲਣ ਤੇ ਸਿਸਟਮ ਦੇ ਸੰਪੂਰਨ ਬਦਲਾਅ ਲਈ ਹੰਭਲਾ ਮਾਰਨ ਨਾਲ਼ ਹੀ ਉਹਨਾਂ ਦੀਆਂ ਸਭਨਾਂ ਸਮੱਸਿਆਵਾਂ ਦਾ ਸਥਾਈ ਹੱਲ ਹੋ ਸਕਦਾ ਹੈ। ਬਹੁਤ ਸਾਰੇ ਸਾਹਿਤਕਾਰਾਂ ਨੇ ਔਰਤ ਦੀ ਆਜ਼ਾਦੀ ਦੇ ਮਸਲੇ ਉਪਰ ਵੀ ਲਿਖਿਆ ਹੈ। ਇਹਨਾਂ ਵਿਚ ਇਸਤਰੀ ਲੇਖਕਾਂ ਵਧੇਰੇ ਹਨ ਪਰ ਮਰਦ ਲੇਖਕ ਬਹੁਤ ਘੱਟ। ਪਰ ਜੁਝਾਰਵਾਦੀ ਕਵੀ ਅਵਤਾਰ ਪਾਸ਼ (9 ਸਤੰਬਰ 1950 ਤੋਂ 23 ਮਾਰਚ 1988) ਨੇ ਆਪਣੀਆਂ ਰਚਨਾਵਾਂ ਵਿਚ ਦਮਿਤ ਧਿਰਾਂ ਵਿਚ ਨਾਰੀ ਦੀ ਭਿਆਨਕ ਸਮੱਸਿਆ ਨੂੰ ਬਾਖ਼ੂਬੀ ਢੰਗ ਨਾਲ ਚਿਤਰਿਆ ਹੈ।

ਆਧੁਨਿਕ ਪੰਜਾਬੀ ਕਵਿਤਾ ਵਿਚ ਜੁਝਾਰਵਾਦੀ/ਕ੍ਰਾਂਤੀਕਾਰੀ ਕਵਿਤਾ ਦਾ ਵਿਸ਼ੇਸ਼ ਸਥਾਨ ਹੈ ਅਤੇ ਇਸ ਵਿਚ ਅਵਤਾਰ ਪਾਸ਼ ਦੀ ਇਕ ਨਿਵੇਕਲੀ ਦੇਣ ਹੈ। ਪਾਸ਼ ਨੇ ਆਪਣੀ ਕਵਿਤਾ ਵਿਚ ਰਿਵਾਇਤੀ ਵਰਤਾਰਿਆਂ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ। ਉਸ ਦੇ ਕਾਵਿ ਵਿਚਲੇ ਬਿੰਬ, ਅਲੰਕਾਰ, ਚਿੰਨ੍ਹ, ਭਾਸ਼ਾ ਪ੍ਰਗਟਾਅ, ਸਾਹਿਤਿਕਤਾ ਆਦਿ ਤੱਤਾਂ ਵਿਚ ਉਸ ਦੇ ਸਮਕਾਲੀ ਕਵੀਆਂ ਨਾਲੋਂ ਵਿਸ਼ੇਸ਼ ਭਿੰਨਤਾ ਪੇਸ਼ ਹੁੰਦੀ ਹੈ। ਪਾਸ਼ ਦੀ ਕਵਿਤਾ ਵਿਚੋਂ ਉਸ ਦੇ ਨਕਸਲੀ ਸਰੋਕਾਰਾਂ ਦੀ ਛਾਪ ਵੀ ਰੂਪਮਾਨ ਹੁੰਦੀ ਹੈ। ਮਾਰਕਸਵਾਦੀ ਦ੍ਰਿਸ਼ਟੀਕੋਣ ਉਸ ਦੀ ਰਚਨਾ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਮਾਰਕਸਵਾਦੀਆਂ ਦੀ ਸਮਾਜਿਕ ਵਰਤਾਰਿਆਂ ਪ੍ਰਤੀ ਬਾਕੀ ਵਿਚਾਰਧਾਰਾਵਾਂ ਨਾਲੋਂ ਇਕ ਵੱਖਰੀ ਤੇ ਵਿਗਿਆਨਕ ਸਮਝ ਹੈ। ਇਸੇ ਤਰ੍ਹਾਂ ਕ੍ਰਾਂਤੀਕਾਰੀ ਕਾਵਿ-ਧਾਰਾ ਦੇ ਕਵੀ ਪਾਸ਼ ਦੀ ਔਰਤ ਬਾਰੇ ਇਕ ਵਿਸ਼ੇਸ਼ ਰਾਇ ਹੈ ਜਿਸ ਦਾ ਉਸ ਦੀ ਕਵਿਤਾ ਵਿਚੋਂ ਸਾਨੂੰ ਹਵਾਲਾ ਮਿਲਦਾ ਹੈ। ਬੇਸ਼ੱਕ ਪਾਸ਼ ਮਾਰਕਸਵਾਦੀ ਫ਼ਲਸਫ਼ੇ ਰਾਹੀਂ ਔਰਤ ਦੇ ਵਿਸ਼ੇ ਉਪਰ ਗੱਲ ਕਰਦਾ ਹੈ ਅਤੇ ਮਾਰਕਸਵਾਦ ਔਰਤ ਦੇ ਮੁੱਢਲੇ ਇਤਿਹਾਸ ਤੋਂ ਵਿਗਿਆਨਕ ਦ੍ਰਿਸ਼ਟੀ ਰਾਹੀਂ ਉਸ ਦੇ ਪਛਾਣ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਸ ਦੀ ਗੁਲਾਮੀ ਦਾ ਕਾਰਨ ਨਿੱਜੀ ਜਾਇਦਾਦ ਦੇ ਹੋਂਦ ਵਿਚ ਆਉਣ ਤੇ ਪੈਤ੍ਰਿਕ ਸੱਤਾ ਦੀ ਫਿਊਡਲ ਮਾਨਸਿਕਤਾ ਨੂੰ ਹੀ ਮੰਨਦਾ ਹੈ। ਏਂਗਲਜ਼ ਆਪਣੇ ਕਿਤਾਬਚੇ 'ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ' ਵਿਚ ਲਿਖਦਾ ਹੈ ਕਿ "ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ ਮਦੀਨ ਜਿਨਸ ਦੀ ਸੰਸਾਰ-ਇਤਿਹਾਸਕ ਹਾਰ ਸੀ। ਘਰ ਵਿਚ ਵੀ ਮਰਦ ਨੇ ਵਾਗ-ਡੋਰ ਸੰਭਾਲ ਲਈ, ਇਸਤ੍ਰੀ ਦਾ ਦਰਜਾ ਨੀਵਾਂ ਹੋ ਗਿਆ, ਉਹ ਨੂੰ ਗ਼ੁਲਾਮ ਬਣਾ ਲਿਆ ਗਿਆ, ਉਹ ਮਰਦ ਦੀ ਵਾਸ਼ਨਾ ਦੀ ਗ਼ੁਲਾਮ ਬਣ ਗਈ, ਬੱਚੇ ਪੈਦਾ ਕਰਨ ਲਈ ਕੇਵਲ ਇਕ ਸਾਧਨ।"

ਪਾਸ਼ ਦੀਆਂ ਸਾਰੀਆਂ ਕਵਿਤਾਵਾਂ, ਚਿੱਠੀਆਂ ਅਤੇ ਡਾਇਰੀ ਉਸ ਦੀ ਔਰਤ ਪ੍ਰਤੀ ਸਮਝ ਦਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟਾਵਾ ਕਰਦੀਆਂ ਹਨ। ਪਾਸ਼ ਦੀਆਂ ਅੱਧ ਤੋਂ ਵਧੇਰੇ ਕਵਿਤਾਵਾਂ ਵਿਚ ਔਰਤ ਦਾ ਬਿੰਬ ਜ਼ਰੂਰ ਮਿਲਦਾ ਹੈ ਅਤੇ ਉਸ ਦੀ ਸਥਿਤੀ ਤੇ ਹੋਣੀ ਦੇ ਕਾਰਨ ਵੀ ਰੂਪਮਾਨ ਹੁੰਦੇ ਹਨ। ਉਸ ਦੀਆਂ ਕਈ ਕਵਿਤਾਵਾਂ ਜਿਵੇਂ 'ਲੋਹਾ', 'ਸੰਦੇਸ਼', 'ਮੇਰੀ ਮਾਂ ਦੀਆਂ ਅੱਖਾਂ', 'ਹਰ ਬੋਲ਼ 'ਤੇ ਮਰਦਾ ਰਹੀਂ', 'ਤੇਰਾ ਮੁੱਲ-ਮੇਰਾ ਮੁੱਲ', 'ਵੇਲ਼ਾ ਆ ਗਿਆ', 'ਉਡਦਿਆਂ ਬਾਜ਼ਾਂ ਮਗਰ', 'ਹੱਥ', 'ਅਸੀਂ ਲੜਾਂਗੇ ਸਾਥੀ', 'ਲੰਕਾ ਦੇ ਇਨਕਲਾਬੀਆਂ ਨੂੰ', 'ਉਹਦੇ ਨਾਂ', 'ਰੋਜ਼ ਹੀ ਏਸੇ ਤਰ੍ਹਾਂ ਹੁੰਦਾ ਹੈ', 'ਛੰਨੀ', 'ਚਿੜੀਆਂ ਦਾ ਚੰਬਾ', 'ਆਸ਼ਕ ਦੀ ਅਹਿੰਸਾ', 'ਕਲਾਮ ਮਿਰਜ਼ਾ', 'ਤੈਨੂੰ ਨਹੀਂ ਪਤਾ', 'ਤੀਸਰਾ ਮਹਾਂਯੁੱਧ', 'ਹੈ ਤਾਂ ਬੜਾ ਅਜੀਬ' ਆਦਿ ਕਵਿਤਾਵਾਂ ਵਿਚੋਂ ਉਸ ਦੀ ਨਾਰੀ ਪ੍ਰਤੀ ਸਮਝ

ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹਨਾਂ ਵਿਚੋਂ ਕੁਝ ਕਵਿਤਾਵਾਂ ਦੀਆਂ ਕਾਵਿ-ਟੁਕੜੀਆਂ ਪੇਸ਼ ਹਨ-

1. ਲਾਵਾਰਸਾਂ ਦੀਆਂ ਤੀਵੀਆਂ
ਲੋਹੇ ਦੀਆਂ ਕੁਰਸੀਆਂ 'ਤੇ ਬੈਠੇ ਵਾਰਸਾਂ ਕੋਲ,
ਕੱਪੜੇ ਤਕ ਵੀ ਆਪ ਲਾਹੁਣ ਲਈ ਮਜ਼ਬੂਰ ਨਾ ਹੋਣ।
-(ਲੋਹਾ/ਲੋਹ ਕਥਾ)

2. ਜਿਨ੍ਹਾਂ ਤਿੰਨ ਸਦੀਆਂ, ਸਾਡੇ ਖੇਤਾਂ ਦਾ ਗਰਭਪਾਤ ਕੀਤਾ
ਅਤੇ ਇਹ ਉਨ੍ਹਾਂ ਦੀ ਹੀ ਲੁੱਟ ਦਾ ਪ੍ਰਮਾਣ ਹੈ
ਕਿ ਮੇਰੀਆਂ ਭੈਣਾਂ ਅੱਜ ਤਕਰੀਬਨ ਨੰਗੀਆਂ
ਕਾਲਜ ਵਿਚ ਪੜ੍ਹਨ ਜਾਂਦੀਆਂ ਹਨ।
-(ਸੰਦੇਸ਼/ਲੋਹ ਕਥਾ)

3. ਇਹ ਤਾਂ ਸਾਰੀ ਉਮਰ ਨਹੀਂ ਲੱਥਣਾ
ਭੈਣਾਂ ਦੇ ਵਿਆਹ ਉੱਤੇ ਚੁੱਕਿਆ ਕਰਜ਼ਾ।
-(ਉਡਦਿਆਂ ਬਾਜ਼ਾਂ ਮਗਰ/ਉੱਡਦੇ ਬਾਜ਼ਾਂ ਮਗਰ)

4. ਅਸੀਂ ਲੜਾਂਗੇ ਤਦ ਤੱਕ
________
ਕਿ ਸੁੱਜੀਆਂ ਅੱਖੀਆਂ ਵਾਲ਼ੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤੱਕ
ਜੰਗ 'ਚੋਂ ਪਰਤ ਨਹੀਂ ਆਉਂਦਾ।
-(ਅਸੀਂ ਲੜਾਂਗੇ ਸਾਥੀ/ਉਡਦੇ ਬਾਜ਼ਾਂ ਮਗਰ)

ਇਹਨਾਂ ਕਵਿਤਾਵਾਂ ਦੀਆਂ ਸਤਰਾਂ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਪਾਸ਼ ਉਨ੍ਹਾਂ ਲਾਚਾਰ ਔਰਤਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਦਾ ਕੋਈ ਵਾਰਸ ਨਹੀਂ ਤੇ ਜਿਨ੍ਹਾਂ ਕੋਲ ਵਿਆਹ, ਪੜ੍ਹਾਈ ਆਦਿ ਤੋਂ ਇਲਾਵਾ ਜੀਵਨ ਦੀਆਂ ਹੋਰ ਕੋਈ ਵੀ ਸੁੱਖ-ਸਹੂਲਤਾਂ ਉਪਲਬਧ ਨਹੀਂ ਹਨ। ਕਵੀ ਇਹਨਾਂ ਔਰਤਾਂ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਕ੍ਰਾਂਤੀ ਦੀ ਗੱਲ ਕਰਦਾ ਹੈ। ਪੰਜਾਬੀ ਸਮਾਜ ਵਿਚ ਪੁਰਾਣੇ ਜਗੀਰਦਾਰੀ ਤੱਤ ਅਜੇ ਵੀ ਖ਼ਤਮ ਨਹੀਂ ਹੋਏ ਬਲਕਿ ਰੂਪਾਂਤਰਣ ਕਰ ਗਏ ਹਨ। "ਭਾਰਤ ਵਿਚ ਹੁਣ ਬੁੱਢੇ ਜ਼ਿਮੀਂਦਾਰ ਰਖੈਲਾਂ ਨਹੀਂ ਰੱਖਦੇ, ਉਹ ਆਪਣੀਆਂ ਖੇਤ ਮਜ਼ਦੂਰ ਔਰਤਾਂ ਨਾਲ਼ ਜ਼ਬਰ-ਜਿਨਾਹ ਕਰਦੇ ਹਨ।" ਕਵੀ ਰਿਵਾਇਤੀ ਰਸਮਾਂ ਤੇ ਮਾਨਤਾਵਾਂ ਤੇ ਵਿਅੰਗ ਕਰਦਾ ਸੱਚ ਦੀ ਪੇਸ਼ਕਾਰੀ ਕਰਦਾ ਹੈ-

1. ਚਿੜੀਆਂ ਦਾ ਚੰਬਾ ਉੱਡ ਕੇ
ਕਿਸੇ ਵੀ ਦੇਸ ਨਹੀਂ ਜਾਵੇਗਾ
ਸਾਰੀ ਉਮਰ ਕੰਡ ਚਰ੍ਹੀਆਂ ਦੀ ਹੰਡਾਏਗਾ
ਤੇ ਚਿੱਟੇ ਚਾਦਰੇ 'ਤੇ ਲੱਗਿਆ

ਉਹਦੀ ਮਾਹਵਾਰੀ ਦਾ ਖ਼ੂਨ ਉਸਦਾ ਮੂੰਹ ਚਿੜਾਏਗਾ।
-(ਚਿੜੀਆਂ ਦਾ ਚੰਬਾ/ਸਾਡੇ ਸਮਿਆਂ ਵਿਚ)

2. ਜੇ ਤੂੰ ਨਾ ਮੁਕਲਾਵੇ ਜਾਂਦੀ ਤੈਨੂੰ ਭਰਮ ਰਹਿਣਾ ਸੀ
ਕਿ ਰੰਗਾਂ ਦਾ ਮਤਲਬ ਫੁੱਲ ਹੀ ਹੁੰਦੈ
ਬੁਝੀ ਹੋਈ ਸਵਾਹ ਹੀ ਹਮਕ ਨਹੀਂ ਹੁੰਦਾ
ਤੂੰ ਮੁਹੱਬਤ ਨੂੰ ਕਿਸੇ ਮੌਸਮ ਦਾ ਨਾਂ ਹੀ ਸਮਝਦੀ ਰਹਿਣਾ ਸੀ।
-(ਹੈ ਤਾਂ ਬੜਾ ਅਜੀਬ/ਸਾਡੇ ਸਮਿਆਂ ਵਿਚ)

3. ਤੁਹਾਡੇ ਬੀਥੋਵਨ ਨੇ
ਮਾਂ-ਭੈਣ ਦੀਆਂ ਗਾਲ੍ਹਾਂ ਦਾ ਕੀ ਰਿਦਮ ਦੱਸਿਆ ਹੈ?
ਮਹਿਬੂਬ ਦੀ ਛਾਤੀ ਦੇ ਗੀਤਾਂ ਵਾਲ਼ਿਆਂ
ਮਾਂ ਦੇ ਦੁੱਧ
ਅਤੇ ਦੁੱਧ ਦੀ ਲਾਜ ਦਾ ਕੀ ਗੀਤ ਲਿਖਿਆ ਹੈ?
-(ਸ਼ਬਦ, ਕਲ਼ਾ ਤੇ ਕਵਿਤਾ/ਉੱਡਦੇ ਬਾਜ਼ਾਂ ਮਗਰ)

ਪਾਸ਼ ਦੀਆਂ ਉਪਰੋਕਤ ਕਾਵਿ-ਟੁਕੜੀਆਂ ਵਿਚ ਉਸ ਨੇ ਨਾਰੀ ਦੀ ਸਮਾਜ ਵਿਚ ਸਥਿਤੀ ਤੇ ਹੋਣੀ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਜਿਕਰ ਪੇਸ਼ ਕੀਤਾ ਹੈ। ਭਾਰਤ ਵਿਚ ਲੋਕ-ਪ੍ਰਚੱਲਿਤ ਵੰਨ-ਸੁਵੰਨੀਆਂ ਗਾਲ੍ਹਾਂ ਔਰਤ ਨੂੰ ਦਿੱਤੀਆਂ ਜਾਂਦੀਆਂ ਹਨ ਤੇ ਉਹ ਵੀ ਵਿਸ਼ੇਸ਼ ਰੂਪ ਵਿਚ ਦੱਬੇ -ਕੁਚਲੇ ਵਰਗ ਦੀ ਔਰਤ ਲਈ ਹੁੰਦੀਆਂ ਹਨ। 'ਛੰਨੀਂ' ਅਤੇ 'ਚਿੜੀਆਂ ਦਾ ਚੰਬਾ' ਕਵਿਤਾਵਾਂ ਵਿਚ ਪਾਸ਼ ਨੇ ਕਮਜ਼ੋਰ ਆਰਥਿਕਤਾ ਦੀ ਸਮੱਸਿਆ ਕਾਰਨ ਗਰੀਬ ਮਾਂ-ਪਿਓ ਦੁਆਰਾ ਚੁੱਕੇ ਕਰਜ਼ ਦੇ ਭਾਰ ਤੇ ਮੁਟਿਆਰ ਹੋਈ ਧੀ ਦਾ ਵਿਆਹ ਨਾ ਹੋ ਸਕਣ ਦੀ ਸਮੱਸਿਆ ਪੇਸ਼ ਕੀਤੀ ਹੈ। ਇਕ ਗ਼ਰੀਬ ਮਾਪਿਆਂ ਦੀ ਧੀ ਦੀ ਹੋਣੀ ਇਸ ਸਮਾਜ ਵਿਚ ਇਹੀ ਹੋ ਸਕਦੀ ਹੈ ਕਿ ਉਹ ਆਪਣੇ ਰਾਂਗਲੇ ਸੁਪਨਿਆਂ ਉਪਰ ਸਦਾ ਕਾਲ਼ਖ ਮਲਦੀ ਰਹੇ। ਉਸ ਦੇ 'ਮੁਕਲਾਵੇ' ਦੇ ਅਰਥਾਂ ਦੁਆਰਾ ਵਰਤਾਰੇ ਨੂੰ ਸਮਝਾਉਣ ਦਾ ਬਿੰਬ ਪੇਸ਼ ਹੈ।

ਅਸਲ ਵਿਚ ਮੁਕਲਾਵਾ ਕਦੇ ਨਾ ਆਉਣ ਵਾਲ਼ੀ ਸਮਝ ਹੈ-

ਕਿ ਕਿਸ ਤਰ੍ਹਾਂ ਕੋਈ ਵੀ ਪਿੰਡ
ਹੌਲ਼ੀ ਹੌਲ਼ੀ ਬਦਲ ਜਾਂਦਾ ਹੈ 'ਦਾਨਾਬਾਦ' ਵਿਚ
ਮੁਕਲਾਵਾ ਅਸਲ ਵਿਚ ਰੀਝਾਂ ਦਾ ਪਿਘਲ ਕੇ
ਮੰਜਿਆਂ, ਪੀੜ੍ਹੀਆਂ ਬੁਹਾਰੀਆਂ ਵਿਚ ਵਟਣਾ ਹੈ।
-(ਹੈ ਤਾਂ ਬੜਾ ਅਜੀਬ/ਸਾਡੇ ਸਮਿਆਂ ਵਿਚ)

ਇਹਨਾਂ ਕਵਿਤਾਵਾਂ ਵਿਚਲੀ ਸਮੱਸਿਆ ਪਰਿਵਾਰ ਤੇ ਸਮਾਜ ਦੀ ਹੈ ਜਿਨ੍ਹਾਂ ਵਿਚ ਲੋਕਗੀਤਾਂ ਵਿਚੋਂ ਪ੍ਰਾਪਤ ਅੰਸ਼ਾਂ ਉਪਰ ਚੋਟ ਕਰਦਿਆਂ ਆਰਥਿਕ ਸਮੱਸਿਆਵਾਂ ਕਾਰਨ ਔਰਤ ਦੀਆਂ ਰੀਝਾਂ ਦੇ ਪੂਰੇ ਨਾ ਹੋਣ ਦੀ ਦਸ਼ਾ ਦੇ ਬਿੰਬ ਪੇਸ਼ ਹੁੰਦੇ ਹਨ। ਪਾਸ਼ ਦੀ ਨਾਰੀ ਪ੍ਰਤੀ ਦ੍ਰਿਸ਼ਟੀ ਮਰਦ-ਵਿਰੋਧੀ ਨਹੀਂ ਭੁਗਤਦੀ ਜਿਵੇਂ ਕਿ ਅਖੌਤੀ ਨਾਰੀਵਾਦੀਆਂ ਦੀ ਹੁੰਦੀ ਹੈ। ਉਸ ਅਨੁਸਾਰ ਔਰਤ ਦੀ ਹੋਣੀ ਵਿਚ ਬਦਲਾਅ ਇਸ ਮੌਜੂਦਾ ਢਾਂਚੇ ਵਿਚ ਸੰਭਵ ਨਹੀਂ ਹੈ। ਇਸ ਵਿਚ ਤਾਂ

ਔਰਤ ਦੀ ਦਸ਼ਾ ਮਾੜੀ ਹੀ ਰਹੇਗੀ। ਨਿਜ਼ਾਮ ਦੇ ਬਦਲਾਅ ਤੱਕ ਸਰਮਾਏਦਾਰ/ਜਗੀਰਦਾਰ ਔਰਤ ਦਾ ਜਿਨਸੀ ਤੇ ਮਾਨਸੀ ਸ਼ੋਸ਼ਣ ਕਰਦੇ ਰਹਿਣਗੇ।

1. ਰੋਜ਼ ਹੀ ਦੱਬ ਦੇਂਦੀਆਂ ਧੀਆਂ ਧਿਆਣੀਆਂ
ਗਿੱਲੇ ਗੋਹੇ ਵਿਚ
ਕੱਚ ਕੁਆਰੀ ਜ਼ਿੰਦਗੀ ਦੀ ਅੱਗ।
-(ਰੋਜ਼ ਹੀ ਏਸੇ ਤਰ੍ਹਾਂ ਹੁੰਦਾ ਹੈ/ਉੱਡਦੇ ਬਾਜ਼ਾਂ ਮਗਰ)

2. ਜੇ ਸਮਾਂ ਆਪਣਾ ਹੁੰਦਾ
ਤਾਂ ਤੈਨੂੰ ਸੱਖਣੀਆਂ ਕਲਾਈਆਂ ਨੂੰ
ਢਕ ਢਕ ਰੱਖਣ ਦਾ ਫ਼ਿਕਰ ਨਾ ਹੁੰਦਾ।
-(ਛੰਨੀ/ਸਾਡੇ ਸਮਿਆਂ ਵਿਚ)

ਉਸ ਦੀਆਂ ਕਵਿਤਾਵਾਂ 'ਹੈ ਤਾਂ ਬੜਾ ਅਜੀਬ' ਤੇ 'ਆਸ਼ਕ ਦੀ ਅਹਿੰਸਾ' ਵਿਚ ਔਰਤ ਨੂੰ ਵਿਆਹ ਉਪਰੰਤ ਆਉਣ ਵਾਲ਼ੀਆਂ ਔਕੜਾਂ ਦਾ ਜ਼ਿਕਰ ਹੈ। ਔਰਤ ਦੇ ਚਾਵਾਂ ਤੇ ਸਿਰਜੇ ਸੁਪਨਿਆਂ ਦੇ ਚਕਨਾਚੂਰ ਹੋਣ ਦੀ ਦਾਸਤਾਨ ਹੈ ਜਿਸ ਵਿਚ ਅਣਜੋੜ ਵਿਆਹ ਤੇ ਰਿਸ਼ਤੇ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ। 'ਆਸ਼ਕ ਦੀ ਅਹਿੰਸਾ' ਵਿਚ ਔਰਤ ਦਾ ਆਪਣੇ ਵਿਆਹ ਤੋਂ ਪਹਿਲਾਂ ਦੇ ਪ੍ਰੇਮ-ਸੰਬੰਧਾਂ ਦਾ ਜ਼ਿਕਰ ਹੈ ਕਿ ਕਿਵੇਂ ਉਸ ਨੂੰ ਪਤੀ ਦੀ ਹਿੰਸਾ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ-

ਉਜਰ ਜਦ ਵੀ ਕਦੇ ਹੋਇਆ
ਤਾਂ ਮਿੱਤਰਾਂ ਦਾ ਹੀ ਹੋਇਆ ਹੈ,
ਲਾਵਾਂ ਵਾਲ਼ੇ ਕੋਲ ਤਾਂ ਸਿਰਫ਼ ਡੰਡਾ ਹੁੰਦਾ ਹੈ
ਜਾਂ ਸਣੇ ਬੂਟ ਦੇ ਲੱਤ।
-(ਆਸ਼ਕ ਦੀ ਅਹਿੰਸਾ/ਸਾਡੇ ਸਮਿਆਂ ਵਿਚ)

'ਕਲਾਮ ਮਿਰਜ਼ਾ' ਵਿਚ ਵੀ ਪਾਸ਼ ਨੇ ਮਿਰਜੇ ਵਲੋਂ ਸਾਹਿਬਾਂ ਨੂੰ ਉਧਾਲ ਕੇ ਲਿਜਾਣ ਦੀ ਪਰੰਪਰਾਗਤ ਵਿਥਿਆ 'ਤੇ ਟਿੱਪਣੀ ਕੀਤੀ ਹੈ। ਜਿਸ ਵਿੱਚ ਔਰਤ (ਸਾਹਿਬਾਂ) ਦੀ ਵੇਦਨਾ ਦਾ ਜ਼ਿਕਰ ਕੀਤਾ ਗਿਆ ਹੈ। 'ਉਹਦੇ ਨਾਂ' ਕਵਿਤਾ ਵਿਚ ਪ੍ਰੇਮਿਕਾ ਦੀ ਪ੍ਰੇਮੀ ਤੋਂ ਦੂਰ ਹੋਣ ਦੀ ਤੜਪ ਦੀ ਮਨੋਦਸ਼ਾ ਪ੍ਰਗਟ ਹੁੰਦੀ ਹੈ ਜਦੋਂ ਆਰਥਿਕ ਤੰਗੀਆਂ ਮੁਹੱਬਤ ਵਿਚਲਾ ਅੜਿੱਕਾ ਬਣਦੀਆਂ ਹਨ ਅਤੇ ਪ੍ਰੇਮਿਕਾ ਦੇ ਸ਼ਿਕਵੇ ਵੀ ਜਾਇਜ਼ ਹਨ। 'ਸ਼ਬਦ ਕਲਾ ਤੇ ਕਵਿਤਾ' ਵਿਚ ਕਵੀ ਨੇ ਅੰਤਰ-ਰਾਸ਼ਟਰੀ ਪੱਧਰ ਦੇ ਸਾਹਿਤਕਾਰਾਂ ਦੀ ਕਲ਼ਾ ਤੇ ਸਮਝ ਉਪਰ ਟਿੱਪਣੀਆਂ ਕੀਤੀਆਂ ਹਨ ਕਿ ਔਰਤ ਨੂੰ ਉਹ ਕੀ ਦਰਜਾ ਦਿੰਦੇ ਹਨ। ਉਹ ਸਾਹਿਤਕਾਰ ਔਰਤ ਦੇ ਅੰਗਾਂ ਨੂੰ ਵਿਸ਼ਾ ਬਣਾ ਕੇ ਰੁਮਾਂਸ ਸਿਰਜਦੇ ਹਨ ਪਰ ਔਰਤ ਦੇ ਸਨਮਾਨ, ਬਰਾਬਰੀ ਆਦਿ ਹੋਰ ਸਮੱਸਿਆਵਾਂ ਵੱਲ ਧਿਆਨ ਨਹੀਂ

ਦਿੰਦੇ।

ਪਾਸ਼ ਔਰਤ ਦੀ ਵੇਦਨਾ ਨੂੰ ਭਲੀ-ਭਾਂਤ ਸਮਝਦਾ ਹੈ ਪਰ ਉਹ ਔਰਤ ਜੋ 'ਹੁਕਮਰਾਨ ਧਿਰ' ਦੀ ਹੈ ਉਸ ਦਾ ਔਰਤ-ਪੱਖੀ ਹੋਣਾ ਮੁਮਕਿਨ ਨਹੀਂ ਸਮਝਦਾ ਕਿਉਂਕਿ ਉਹ ਔਰਤ ਮਿਹਨਤਕਸ਼ ਔਰਤਾਂ ਉਪਰ ਜ਼ਬਰ ਢਾਹੁੰਦੀ ਹੈ। ਇਸ ਤਰ੍ਹਾਂ ਕਵੀ ਨੇ ਔਰਤ ਨੂੰ ਇਕ 'ਜੈਂਡਰ' ਦੇ ਨਾਲੋਂ ਤੋੜ ਕੇ ਇਕ ਵਰਗ ਨਾਲ਼ ਜੋੜ ਕੇ ਵੇਖਿਆ ਹੈ। ਉਹ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ (ਜੋ ਲੋਟੂ ਵਰਗ ਨਾਲ਼ ਸੰਬੰਧਿਤ ਦਰਸਾਈ ਗਈ ਹੈ) ਉਪਰ ਟਿੱਪਣੀਆਂ ਕਰਦਾ ਹੋਇਆ 'ਉਸ ਔਰਤ' ਅਤੇ ਇਕ 'ਗ਼ਰੀਬ ਪੇਂਡੂ ਮੁਟਿਆਰ' ਨਾਲ਼ ਤੁਲਨਾ ਕਰਦਾ ਕਹਿੰਦਾ ਹੈ ਕਿ-

1. ਉਹ ਕਦੇ ਨਹੀਂ ਸਮਝ ਸਕਣ ਲੱਗੇ  
ਕਿ ਕਿਵੇਂ ਦੁਸ਼ਮਣੀ ਹੈ-  
ਦਿੱਲੀ ਦੀ ਉਸ ਹੁਕਮਰਾਨ ਔਰਤ ਦੀ  
ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ਼।  
-(ਉਡਦਿਆਂ ਬਾਜ਼ਾਂ ਮਗਰ/ਉੱਡਦੇ ਬਾਜ਼ਾਂ ਮਗਰ)

2. ਤੂੰ ਸੱਚ ਮੰਨੀਂ ਕਿ ਮੇਰੇ ਦੇਸ਼ ਦੀ ਹਰ ਕੁੜੀ ਇੰਦਰਾ ਨਹੀਂ  
ਮੇਰੀ ਧਰਤੀ 'ਚ ਉੱਗਦਾ ਹੈ, ਅਜੀਤਾ ਭੈਣ ਦਾ ਜੇਰਾ-  
-(ਲੰਕਾ ਦੇ ਇਨਕਲਾਬੀਆਂ ਨੂੰ/ਉੱਡਦੇ ਬਾਜ਼ਾਂ ਮਗਰ)

ਕਵੀ ਨੂੰ ਆਰਥਿਕ ਮੰਦਹਾਲੀ ਤੇ ਰਵਾਇਤੀ ਰਿਵਾਜਾਂ ਦੀ 'ਸ਼ਿਕਾਰ' ਕੁੜੀ ਨਾਲ਼ ਹਮਦਰਦੀ ਹੈ। ਉਹ ਉਸ ਕੁੜੀ ਦਾ ਦਰਦ ਵੰਡਾਉਂਦਾ ਹੈ ਕਿ ਕਿਵੇਂ ਉਹ ਆਪਣੀ ਜਵਾਨੀ ਦੇ ਰੰਗ ਤੱਕ ਵੀ ਨਹੀਂ ਮਾਣ ਸਕਦੀ ਤੇ ਉਸ ਦੀ ਵਿਆਹ ਦੀ ਉਮਰ ਵੀ ਲੰਘਦੀ ਜਾ ਰਹੀ ਹੈ। ਔਰਤ ਦੀਆਂ ਬਹੁਤੀਆਂ ਸਮੱਸਿਆਵਾਂ ਨਿੱਜੀ ਸੰਪੱਤੀ ਦੇ ਹੋਂਦ ਵਿਚ ਆਉਣ ਤੇ ਇਕ ਪਾਸੇ ਮਾਲਕ ਤੇ ਦੂਜੇ ਪਾਸੇ ਮਜ਼ਦੂਰ ਦੇ ਵਰਗ ਬਣਨ ਕਾਰਨ ਆਰਥਿਕ ਸਾਧਨਾਂ ਦੀ ਅਸਾਵੀਂ ਵੰਡ ਕਾਰਨ ਹੀ ਪੈਦਾ ਹੋਈਆਂ ਹਨ। ਜਿਸ ਦੀ ਕਿ ਮਾਰਕਸ ਅਤੇ ਏਂਗਲਜ਼ ਨੇ ਵੀ (ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ ਵਿਚ) ਪੁਸ਼ਟੀ ਕੀਤੀ ਹੈ। ਔਰਤ ਦੇ ਪੈਦਾ ਹੋਣ ਤੋਂ ਹੀ ਉਸ ਦੀਆਂ ਸਮੱਸਿਆਵਾਂ ਦਾ ਜਾਲ ਉਸ ਨੂੰ ਕੈਦ ਕਰਨ ਲੱਗ ਪੈਂਦਾ ਹੈ ਪਰ ਪਾਸ਼ ਉਸ ਕੈਦ ਨੂੰ ਤੋੜਨ ਲਈ ਜੰਗ ਦਾ ਐਲਾਨ ਕਰਦਾ ਹੈ ਜਿਸ ਦਾ ਇਸ਼ਾਰਾ ਸਿੱਧਾ ਕ੍ਰਾਂਤੀ ਵੱਲ ਹੈ ਜਿਸ ਦੁਆਰਾ ਔਰਤ ਦੀਆਂ ਸਮੱਸਿਆਵਾਂ ਵੀ ਆਪਣੇ-ਆਪ ਹੱਲ ਹੋ ਜਾਣਗੀਆਂ ਜਦੋਂ ਨਿੱਜੀ ਸੰਪੱਤੀ ਦਾ ਸਵਾਲ ਹੀ ਨਾ ਰਿਹਾ-

ਤੀਸਰਾ ਮਹਾਯੁੱਧ ਉਸ ਸਹਿਮ ਦੇ ਖਿਲਾਫ਼ ਲੜਿਆ ਜਾਏਗਾ  
ਜਿਦ੍ਹਾ ਅਕਸ ਮੇਰੀ ਦੰਦੀਆਂ ਕੱਢਦੀ ਧੀ ਦੀਆਂ ਅੱਖਾਂ 'ਚ ਹੈ।  
-(ਤੀਸਰਾ ਮਹਾਯੁੱਧ/ਸਾਡੇ ਸਮਿਆਂ ਵਿਚ)

ਪਾਸ਼ ਦੀ ਔਰਤ ਪ੍ਰਤੀ ਦ੍ਰਿਸ਼ਟੀ ਉਸ ਦੀਆਂ ਚਿੱਠੀਆਂ ਵਿਚੋਂ ਵੀ ਸਪੱਸ਼ਟ ਹੋ ਜਾਂਦੀ ਹੈ। ਜਦੋਂ ਉਹ ਔਰਤ ਦੇ ਹਵਾਲੇ ਨਾਲ ਸਾਹਿਤ ਦੀ ਗੱਲ ਕਰਦਾ ਹੋਇਆ ਮਾਸ਼ੂਕ ਦੇ ਗੁਪਤ ਅੰਗਾਂ

ਉਪਰ ਕਵਿਤਾ ਲਿਖਣ ਵਾਲੇ ਗੀਤਕਾਰਾਂ, ਲੇਖਕਾਂ ਉਪਰ ਚੋਟਾਂ ਕਰਦਾ ਹੋਇਆ ਉਨ੍ਹਾਂ ਦਾ ਹਸ਼ਰ ਮਾੜਾ ਦੱਸਦਾ ਹੈ। ਉਹ ਇਕ ਚਿੱਠੀ ਵਿਚ ਰੋਸ ਪ੍ਰਗਟ ਕਰਦਿਆਂ ਕਹਿੰਦਾ ਹੈ ਕਿ "ਹਕੀਕਤ ਇਹ ਹੈ ਕਿ ਇਹ (ਗੀਤਕਾਰ/ਲੇਖਕ) ਕੁਝ ਵੀ ਨਹੀਂ ਚਾਹੁੰਦੇ ਆਪਣੇ ਮਨਹੂਸ ਨਾਵਾਂ ਦੇ ਪ੍ਰਚਾਰ ਅਤੇ ਪੈਸੇ ਤੋਂ ਬਿਨਾ, ਇਹ ਕਿਸੇ ਚੀਜ਼ ਲਈ ਜ਼ੁੰਮੇਵਾਰੀ ਨਹੀਂ ਲੈਣੀ ਚਾਹੁੰਦੇ-ਆਪਣਾ ਟੱਬਰ ਤੇ ਢਿੱਡ ਪਾਲਣ ਦੀ ਜ਼ੁੰਮੇਵਾਰੀ ਤੋਂ ਬਿਨਾ, ਇਨ੍ਹਾਂ ਨੂੰ ਘੁਮੰਡ ਹੈ ਕਿ ਲੋਕ ਇਨ੍ਹਾਂ ਨੂੰ ਪਸੰਦ ਕਰਦੇ ਹਨ।__" ਪਾਸ਼ ਦਾ ਜਿਨ੍ਹਾਂ ਔਰਤਾਂ ਨਾਲ਼ ਮੋਹ ਰਿਹਾ ਉਨ੍ਹਾਂ ਲਈ ਮਸ਼ੂਕ, ਮਹਿਬੂਬ, ਪ੍ਰੇਮਿਕਾ ਆਦਿ ਦੇ ਬਿੰਬ ਵਰਤਦਾ ਹੋਇਆ ਆਮ ਨਾਲੋਂ ਵਿਸ਼ੇਸ਼ ਅਰਥਾਂ ਦਾ ਧਾਰਨੀ ਹੁੰਦਾ ਹੈ ਅਤੇ ਉਨ੍ਹਾਂ ਦੀ ਮਾਨਸਿਕ ਦਸ਼ਾ ਵੀ ਬਿਆਨ ਕਰਦਾ ਹੋਇਆ ਉਨ੍ਹਾਂ ਨੂੰ ਸਮੇਂ ਦੀ ਨਬਜ਼ ਪਛਾਣਨ ਉਪਰ ਵੀ ਜ਼ੋਰ ਪਾਉਂਦਾ ਹੈ।

ਪਾਸ਼ ਪੇਂਡੂ ਔਰਤਾਂ ਨੂੰ ਮਿਹਨਤਕਸ਼ ਵਰਗ ਨਾਲ ਬਹੁਤਾ ਜੋੜਦਾ ਹੈ ਅਤੇ ਸ਼ਹਿਰੀ ਔਰਤਾਂ ਨੂੰ ਨਾ-ਮਾਤਰ। ਇਸ ਦਾ ਕਾਰਨ ਪਾਸ਼ ਦੀ ਜਾਚੇ ਪੇਂਡੂ ਔਰਤਾਂ ਦੁਆਰਾ ਆਪਣੀ ਸ਼ਕਤੀ ਨੂੰ ਅਜਾਈ ਨਾ ਗੁਆਉਣ ਕਰਕੇ ਹੋ ਸਕਦਾ ਹੈ। ਕਿਉਂਕਿ ਉਸ ਅਨੁਸਾਰ ਸ਼ਹਿਰੀ ਔਰਤ ਸਮੇਂ ਦੀ ਨਬਜ਼ ਨਾ ਪਛਾਣਦੀ ਹੋਈ ਫਾਲਤੂ ਕੰਮਾਂ ਵਿਚ ਆਪਣੀ ਸ਼ਕਤੀ ਗੁਆ ਰਹੀ ਹੈ। ਕਵੀ ਲਿਖਦਾ ਹੈ ਕਿ-

ਜਦ ਕੁੜੀਆਂ ਦੇ ਕੋਲ਼ ਜਿੰਮ ਕਾਰਟਰ ਤੱਕਿਆ
ਤੇ ਮੁੰਡਿਆਂ ਕੋਲ਼ ਤੱਕਿਆ 'ਜੇਮਜ਼ ਬਾਂਡ'
ਤਾਂ ਮੈਂ ਕਹਿ ਉੱਠਿਆ ਚਲ ਬਈ ਸੰਤ (ਸੰਧੂ)
ਹੇਠਾਂ ਧਰਤੀ 'ਤੇ ਚੱਲੀਏ।

-(ਅੰਤਿਕਾ/ਲੋਹ ਕਥਾ)

ਕਈ ਵਾਰ ਪਾਸ਼ ਕਾਵਿ ਵਿਚ ਮਹਿਬੂਬ/ਕੁੜੀ/ਮਸ਼ੂਕ ਦਾ ਬਿੰਬ ਅਭਿਧਾ ਤੋਂ ਬਗ਼ੈਰ ਲਕਸ਼ਣਾ ਅਤੇ ਵਿਅੰਜਨਾ ਦੇ ਅਰਥਾਂ ਵਿਚ ਪੇਸ਼ ਹੋ ਕੇ ਭਾਵ ਪ੍ਰਗਟ ਕਰਦਾ ਹੈ। ਇਥੋਂ ਪਾਸ਼ ਦੀ ਸਾਹਿਤ-ਯੋਗਤਾ ਤੇ ਭਾਸ਼ਾ-ਯੋਗਤਾ ਦਾ ਵੀ ਪਤਾ ਲੱਗਦਾ ਹੈ। ਉਸ ਦੀ ਮਹਿਬੂਬਾ ਦਾ ਅਰਥ ਉਹ ਮਹਿਬੂਬਾ ਨਹੀਂ ਜੋ ਕੇਵਲ ਹਵਸ ਦੀ ਵਸਤ ਹੁੰਦੀ ਹੈ ਬਲਕਿ ਕਵੀ ਉਸ ਨੂੰ ਮਰੀਆਂ ਤੇ ਖ਼ੁਸੀਆਂ ਰੀਝਾਂ ਦੇ ਚਿੰਨ੍ਹ ਵਜੋਂ ਪੇਸ਼ ਕਰਦਾ ਹੈ।

1. ਜਦ ਇਕ ਕੁੜੀ ਨੇ ਮੈਨੂੰ ਕਿਹਾ
ਮੈਂ ਬਹੁਤ ਸੋਹਣਾ ਹਾਂ।
ਤਾਂ ਮੈਨੂੰ ਉਸਦੀਆਂ ਅੱਖਾਂ 'ਚ ਨੁਕਸ ਜਾਪਿਆ ਸੀ।

-(ਮੇਰੀ ਮਾਂ ਦੀਆਂ ਅੱਖਾਂ/ਲੋਹ ਕਥਾ)

2. ਕਿ ਹੁਣ ਉਸ ਕੁੜੀ ਨੂੰ ਜੋ ਮਾਸ਼ੂਕਾ ਬਣਨ ਤੋਂ ਪਹਿਲਾਂ ਹੀ
ਪਤਨੀ ਬਣ ਗਈ, ਭੈਣ ਕਹਿ ਦੇਈਏ
ਲਹੂ ਦੇ ਰਿਸ਼ਤੇ ਦਾ ਪਿੰਗਲ ਬਦਲੀਏ

ਤੇ ਮਿੱਤਰਾਂ ਦੀ ਨਵੀਂ ਪਹਿਚਾਣ ਘੜੀਏ।

– (ਵੇਲ਼ਾ ਆ ਗਿਆ ਹੈ/ਲੋਹ ਕਥਾ)

3. ਇਹ ਰਾਤ ਹਨੇਰੇ ਦਾ ਖ਼ੂਨ ਕਰਕੇ ਆਈ
ਪੂਰਬ ਵੱਲ ਨੂੰ ਤੁਰੀ ਜਾਂਦੀ ਵਹਿਸ਼ੀ ਕੁੜੀ ਹੈ
ਤੇ ਦੇਖੋ! ਅਸੀਂ ਇਸ ਕੁੜੀ ਦਾ
ਲਿੰਗ ਤਬਦੀਲ ਕਰਨ ਲੱਗੇ ਹਾਂ।

– (ਪ੍ਰਤਿੱਗਿਆ/ਲੋਹ ਕਥਾ)

ਉਪਰੋਕਤ ਕਾਵਿ-ਟੁਕੜੀਆਂ ਵਿਚ ਕਵੀ ਦੁਆਰਾ ਔਰਤ ਦਾ ਬਿੰਬ ਰਾਜਸੀ ਤੇ ਸਮਾਜੀ ਤੱਥਾਂ ਨੂੰ ਆਧਾਰ ਬਣਾ ਕੇ ਵਰਤਿਆ ਗਿਆ ਹੈ ਜਿਸ ਵਿਚ ਅਭਿਧਾ, ਲਕਸ਼ਣਾ ਤੇ ਵਿਅੰਜਨਾ ਸ਼ਬਦ ਸ਼ਕਤੀਆਂ ਕਿਸੇ ਰੂਪ ਵਿਚ ਕਾਰਜਸ਼ੀਲ ਹਨ ਤੇ ਸੰਭਵ ਹੈ ਕਿ ਉਸ ਦੀਆਂ ਰਚਨਾਵਾਂ ਦੇ ਅਰਥ ਹੋਰ ਵਿਸ਼ਾਲ ਪਾਸਾਰਾਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦੇ ਹੋ ਸਕਦੇ ਹਨ।

ਪਾਸ਼ ਦੀ ਕਵਿਤਾ ਸਮਕਾਲੀ ਕਵੀਆਂ ਵਾਂਗ ਔਰਤ ਦੇ ਵਿਸ਼ੇ ਨੂੰ ਲੈ ਕੇ ਨਿਰਾਸ਼ ਕਵਿਤਾ ਨਹੀਂ ਹੈ ਅਤੇ ਨਾ ਹੀ ਉਹ ਮਾਸ਼ੂਕ ਦੇ ਗੁਪਤ ਅੰਗਾਂ ਤੇ ਛਾਤੀਆਂ ਦੀ ਬਾਤ ਪਾਉਂਦੀ ਹੈ ਬਲਕਿ ਯਥਾਰਥ ਦੀ ਪੇਸ਼ਕਾਰੀ ਕਰਦੀ ਹੋਈ 'ਵਕਤ ਦੀ ਲਾਸ਼' ਤੋਂ ਗੁਜ਼ਰਨ ਲਈ 'ਕ੍ਰਾਂਤੀ ਦੀ ਤੜਪ' ਪੈਦਾ ਕਰਦੀ ਹੋਈ ਔਰਤ ਨੂੰ ਆਪਣੇ ਹੱਕਾਂ ਲਈ ਚੇਤਨ ਹੋਣ ਤੇ ਜੂਝਣ ਲਈ ਸੁਚੇਤ ਯਤਨ ਕਰਦੀ ਹੈ। ਔਰਤ ਦੀ ਹੋਣੀ ਨਾਰੀਵਾਦੀ ਕਵਿਤਰੀਆਂ ਵਾਂਗ ਮਰਦ-ਵਿਰੋਧੀ ਨਹੀਂ ਬਲਕਿ ਸਿਸਟਮ ਦੇ ਵਿਰੋਧ ਤੇ ਬਦਲਾਅ ਵਿਚ ਹੀ ਯਕੀਨ ਰੱਖਦੀ ਹੈ। ਬੇਸ਼ੱਕ ਸਮਾਂ ਅੱਗੇ ਵੱਧ ਚੁੱਕਾ ਹੈ ਤੇ ਉਵੇਂ ਦਾ ਜਗੀਰੂ ਤੇ ਸਾਮੰਤੀ ਸਮਾਜ ਨਹੀਂ ਰਿਹਾ ਜਿਵੇਂ ਦਾ ਪਹਿਲਾਂ ਸੀ ਪਰ ਇਹ ਵੀ ਸੱਚ ਨਹੀਂ ਕਿ ਅੱਜ ਉਸ ਸਮੇਂ ਦੀਆਂ ਕੁਰੀਤੀਆਂ ਤੇ ਰਿਵਾਇਤਾਂ ਬਿਲਕੁਲ ਖ਼ਤਮ ਹੋ ਚੁੱਕੀਆਂ ਹਨ। ਅੱਜ ਵੀ ਔਰਤ ਨਾਲ ਪੈਰ-ਪੈਰ 'ਤੇ ਵਿਤਕਰਾ ਹੋ ਰਿਹਾ ਹੈ, ਦਲਿਤਾਂ ਦੇ ਸਮਾਜਿਕ ਬਾਈਕਾਟ ਹੋ ਰਹੇ ਹਨ, ਸਮੂਹਿਕ/ਧਾਰਮਿਕ ਸਥਾਨਾਂ ਉਪਰ ਜਾਣ ਦੀ ਵੀ ਮਨਾਹੀ ਹੈ ਤੇ ਜਨਤਕ ਥਾਵਾਂ ਤੋਂ ਪਾਣੀ ਭਰਨ ਦੀ ਵੀ। ਮਾਰਕਸ ਤੇ ਏਂਗਲਜ਼ ਨੇ 'ਕਮਿਊਨਿਸਟ ਮੈਨੀਫੈਸਟੋ' (1848) ਵਿਚ ਸਮਾਜ ਦੀ ਦੁਰਗਤੀ ਬਾਰੇ ਆਪਣੇ ਸਮੇਂ ਜੋ ਕੁਝ ਲਿਖਿਆ ਸੀ ਉਹ ਅੱਜ ਵੀ ਉਵੇਂ ਹੀ ਢੁੱਕਦਾ ਹੈ ਕਿ "ਨਵੀਨ ਬੁਰਜੂਆ ਸਮਾਜ ਨੇ, ਜਿਹੜਾ ਸਾਮੰਤੀ ਸਮਾਜ ਦੇ ਖੰਡਰਾਂ ਉਤੇ ਉਸਰਿਆ ਹੈ, ਸਮਾਜੀ ਵਿਰੋਧਾਂ ਨੂੰ ਖ਼ਤਮ ਨਹੀਂ ਕੀਤਾ। ਇਹਨੇ ਸਿਰਫ਼ ਪੁਰਾਣੀਆਂ ਦੀ ਥਾਂ ਨਵੀਆਂ ਸ਼੍ਰੇਣੀਆਂ, ਜਬਰ ਦੀਆਂ ਨਵੀਆਂ ਪਰਿਸਥਿਤੀਆਂ, ਘੋਲ ਦੇ ਨਵੇਂ ਰੂਪ ਹੀ ਸਥਾਪਤ ਕੀਤੇ ਹਨ।" ਇਸ ਤਰ੍ਹਾਂ ਅੱਜ ਵੀ ਦਲਿਤ ਤੇ ਦਮਿਤ ਔਰਤ ਦੀ ਹਾਲਤ ਵਿਚ ਕੋਈ ਠੋਸ ਪਰਿਵਰਤਨ ਨਹੀਂ ਆਇਆ। ਕੁੱਲ ਮਿਲਾ ਕੇ ਪਾਸ਼-ਕਾਵਿ ਵਿਚ ਔਰਤ ਨੂੰ ਵਰਗ ਦੇ ਰੂਪ ਵਿਚ ਵੇਖਿਆ ਗਿਆ ਹੈ ਜੋ ਔਰਤ ਆਪਣੀਆਂ 'ਮਰੀਆਂ ਰੀਝਾਂ' ਦਾ ਕਾਰਨ ਸਿਸਟਮ ਵਿਚ ਵੇਖਦੀ ਹੈ ਤੇ ਪਾਸ਼ ਦੁਆਰਾ ਔਰਤ ਨਾਲ ਰਿਵਾਇਤੀ ਜਾਂ ਨਵੀਨ ਕਿਸਮ ਦੀਆਂ ਹੋ ਰਹੀਆਂ ਵਧੀਕੀਆਂ ਉਪਰ ਚੋਟ ਕੀਤੀ ਗਈ ਹੈ। ਪਾਸ਼ ਦੀ ਇਹ ਦ੍ਰਿਸ਼ਟੀ ਨਵੇਂ ਕਾਵਿਕਾਰਾਂ ਲਈ ਪ੍ਰੇਰਨਾ ਸ੍ਰੋਤ ਬਣ ਸਕਦੀ ਹੈ।

□□□

# ਬਖਸ਼ੀ ਗੁੱਜਰੀ ਮਾਸੀ

## *ਪ੍ਰੇਮ ਪ੍ਰਕਾਸ਼*

ਪਰਦੇਸ 'ਚ ਰਿਟਾਇਰ ਜ਼ਿੰਦਗੀ ਗੁਜ਼ਾਰਦਿਆਂ ਕਦੇ ਕਦੇ ਮੇਰੇ ਮਨ 'ਚ ਆਪਣੇ ਸ਼ਹਿਰ ਖੰਨੇ ਤੇ ਪਿੰਡ ਬਡਗੁੱਰਾਂ ਦੀਆਂ ਯਾਦਾਂ ਦਰਦ ਭਰ ਦੇਂਦੀਆਂ ਨੇ। ਕਦੇ ਬਹੁਤ ਈ ਮਾਮੂਲੀ ਗੱਲਾਂ ਮੱਠਾ-ਮੱਠਾ ਸੁਆਦ ਜਿਹਾ ਵੀ ਦੇ ਜਾਂਦੀਆਂ ਨੇ। ਜਿਨ੍ਹਾਂ ਨਾਲ ਮਨ ਕੁਝ ਚਿਰ ਲਈ ਹੌਲਾ ਹੋ ਜਾਂਦਾ ਏ ਤੇ ਫੇਰ ਮੈਨੂੰ ਬੜਾ ਚੰਗਾ ਲੱਗਦਾ ਏ ਤੇ ਇਹੀ ਰੁਟੀਨ ਕਿ ਬੀਅਰ ਦੀ ਬੋਤਲ ਖੋਲ੍ਹ ਕੇ 'ਕੱਲਿਆਂ ਬਹਿ ਕੇ ਪੀਂਦਾ ਰਵ੍ਹਾਂ। ਜਦ ਰਾਤ ਦੀ ਚੁੱਪ ਚਾਂ 'ਚ ਬੂਟੇ ਤੋਂ ਪੱਤਾ ਵੀ ਡਿੱਗਣ ਦੀ ਵੀ ਅਵਾਜ਼ ਸੁਣਾਈ ਦੇਵੇ। ਫੇਰ ਨਿੱਘੇ ਬਿਸਤਰੇ 'ਚ ਵੜ ਜਾਵਾਂ। ਬਾਹਰਲੀਆਂ ਅਵਾਜ਼ਾਂ ਹੌਲੀ-ਹੌਲੀ ਮੱਧਮ ਪੈਂਦੀਆਂ ਜਾਣ ਦਾ ਅਹਿਸਾਸ ਹੁੰਦਾ ਰਵ੍ਹੇ। ਤੇ ਫੇਰ ਸੁਨਣੋ ਈ ਹਟ ਜਾਣ।...

ਅੱਜ ਇਹੀ ਹਾਲਤ ਏ। ਮੇਰੀ ਪਤਨੀ ਸ਼ਕੁੰਤਲਾ ਦੇਸ ਗਈ ਹੋਈ ਏ। ਉਹਦੀ ਭਤੀਜੀ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਨੇ। ... ਸਰਦੀ ਵਧ ਗਈ ਏ। ਮੈਂ ਆਪਣੇ ਉੱਪਰਲੇ ਕਮਰੇ 'ਚ ਬੈਠਾ ਕੁਝ ਖਾਂਦਾ ਪੀਂਦਾ ਹੋਇਆ ਸੜਕ ਦੀ ਰੌਣਕ ਵੀ ਵੇਖੀ ਜਾਂਦਾ ਹਾਂ। ... ਮੈਨੂੰ ਯਾਦ ਆਉਂਦਾ ਏ ਆਪਣੇ ਨਿੱਕੇ ਜਿਹੇ ਸ਼ਹਿਰ ਦੇ ਮੋਰੀ ਮੁਹੱਲੇ ਦਾ ਉਹ ਘਰ, ਜਿੱਥੇ ਮੈਂ ਬਚਪਨ ਗੁਜ਼ਾਰਿਆ ਸੀ। ਕੰਮੀ ਮੁਸਲਮਾਨਾਂ ਦੀ ਅਬਾਦੀ ਦੇ ਸਿਰੇ 'ਤੇ ਸਾਡਾ ਹਿੰਦੂ ਸਿੱਖਾਂ ਦੀ ਬੰਦ ਗਲੀ ਦੇ ਸਿਰੇ 'ਤੇ ਸੀ ਸਾਡਾ ਘਰ। ਜੀਹਨੂੰ ਮੇਰਾ ਦਾਦਾ 'ਬੰਦ ਡੱਬੇ ਜਿਹਾ' ਆਖਿਆ ਕਰਦਾ ਸੀ। ਦਾਦਾ, ਦਾਦੀ, ਪਿਤਾ ਤੇ ਬੀਬੀ ਦੇ ਨਾਲ ਅਸੀਂ ਦੋਵੇਂ ਭਰਾ ਪੱਕੇ ਵਿਹੜੇ 'ਚ ਬਲੌਰਾਂ, ਖਰੋਟਾਂ ਜਾਂ ਕੌਡੀਆਂ ਨਾਲ ਖੇਡਦੇ ਨਿੱਕੀ-ਨਿੱਕੀ ਗੱਲ 'ਤੇ ਲੜ ਪੈਂਦੇ ਸੀ। ਵੱਡਾ ਹਰ ਗੱਲ 'ਚ ਧੱਕਾ ਕਰਦਾ ਸੀ। ਮੈਂ ਰੋਂਦਾ ਚੀਕਦਾ ਉਹਦੇ ਮਾਰਨ ਦੀ ਸ਼ਿਕਾਇਤ ਘੱਟ ਤੇ ਖੇਡ 'ਚ ਰੋਂਦ ਮਾਰਨ ਦੀ ਵੱਧ ਕਰਦਾ ਸੀ। ਘਰ ਦੇ ਮੈਨੂੰ ਕੁਝ ਦੇ ਕੇ ਵਰਾ ਲੈਂਦੇ ਸੀ। ਪਰ ਮੈਨੂੰ ਖਿਝ ਰਹਿੰਦੀ ਸੀ ਕਿ ਉਹਨੂੰ ਕੋਈ ਮਾਰਦਾ ਕਿਉਂ ਨਹੀਂ ਸੀ। ਦਾਦਾ ਦਾਦੀ ਹੱਸ ਕੇ ਆਖ ਦੇਂਦੇ, ਬੱਚੇ ਲੜਦੇ ਈ ਹੁੰਦੇ ਨੇ।... ਫੇਰ ਜਿਹੜੀ ਚੀਜ਼ ਮੈਨੂੰ ਮਿਲਦੀ, ਉਹਨੂੰ ਵੀ ਦੇ ਦਿੱਤੀ ਜਾਂਦੀ। ਦਾਦੀ

*ਪਤਾ : 593, ਮੋਤਾ ਸਿੰਘ ਨਗਰ, ਜਲੰਧਰ, ਪੰਜਾਬ*

ਪਿਆਰ ਨਾਲ ਵਾਜਾਂ ਮਾਰਦੀ...'ਵੇ ਮੇਰੇ ਮੋਹਣੇ... ਵੇ ਮੇਰੇ ਸੋਹਣੇ'। ਮੈਨੂੰ ਬੁਰਾ ਲੱਗਦਾ ਕਿ ਉਹ ਮਾਰਨ ਵਾਲੇ ਨੂੰ ਵੀ 'ਵੇ ਮੇਰੇ' ਕਹਿੰਦੀ ਏ। ਮੈਂ ਰੋਂਦਾ ਕੁਰਲਾਂਦਾ ਗਲੀ ਦੇ ਬਾਹਰ ਨਿਕਲ ਕੇ ਪਥਵਾੜਿਆਂ 'ਚ ਗ਼ਰੀਬਾਂ ਦੇ ਨੰਗ ਧੜੰਗੇ ਬੱਚਿਆਂ ਨਾਲ ਖੇਡਣ ਲੱਗ ਪੈਂਦਾ ਸੀ।

ਰਾਤ ਨੂੰ ਪਿਤਾ ਜੀ ਦੁਕਾਨ ਤੋਂ ਆਉਂਦੇ ਤਾਂ ਮੈਂ ਸ਼ਿਕਾਇਤ ਲਾਉਂਦਾ। ਉਹ ਹੁੱਕਾ ਪੀਂਦੇ ਮੇਰੀ ਗੱਲ ਸੁਣਦੇ ਮੁਸਕਰਾਂਦੇ ਤੇ ਆਖਦੇ, ''ਇਹ ਤਾਂ ਬੇਵਕੂਫ ਐ, ਬੌਂਗਾ ਜਿਹਾ। ਤੂੰ ਈ ਸਿਆਣਾ ਪੁੱਤ ਐਂ। ਚੱਲ ਕੋਈ ਨਾ।"

'ਚੱਲ ਕੋਈ ਨਾ,' ਇਹੀ ਗੱਲ ਮੈਨੂੰ ਉਦੋਂ ਤਕ ਚੁਭਦੀ ਰਹਿੰਦੀ ਜਦ ਤਕ ਨੀਂਦ ਨਾ ਆ ਜਾਂਦੀ। ਭਾਈ ਤੋਂ ਬਦਲਾ ਲੈਣ ਦੀਆਂ ਜੁਗਤਾਂ ਸੋਚਦਾ ਮੈਂ ਸੌਂ ਜਾਂਦਾ ਸੀ। ਜਾਗ ਕੇ ਮੇਰੇ ਮਨ 'ਚ ਆਉਂਦਾ ਹੁੰਦਾ ਸੀ ਕਿ ਰੱਬ ਕਰੇ ਕਿਸੇ ਦਿਨ ਪਿਛਲੇ ਘਰੋਂ ਦਰਜੀਆਂ ਦੀ ਮਰੀਆਂ ਆ ਜਾਵੇ, ਕਾਲਾ ਬੁਰਕਾ ਪਾ ਕੇ। ਜੀਹਦੇ ਮੂੰਹ 'ਚੋਂ ਏਡੀ ਲੰਮੀ ਲਾਲ ਜੀਭ ਨਿੱਕਲੀ ਹੁੰਦੀ ਏ। ਜੀਹਨੂੰ ਦੇਖ ਕੇ ਭਾਈ ਦੀ ਜਾਨ ਨਿੱਕਲਦੀ ਏ। ਉਹ ਨਿੱਕਲ ਈ ਜਾਵੇ।

ਇਕ ਦਿਨ ਮੈਂ ਮਰੀਆਂ ਚਾਚੀ ਦੇ ਘਰ ਗਿਆ। ਉਹਦੀ ਮਾਂ ਕਹਿੰਦੀ, ''ਤੈਨੂੰ ਖਾਣ ਨੂੰ ਕੀ ਦੇਵਾਂ ਸੋਹਣਿਆ?"

ਮੈਨੂੰ ਡਰ ਲੱਗਿਆ ਕਿ ਮੁਸਲਮਾਨੀ ਮਾਸੀ ਮੈਨੂੰ ਕੋਈ ਚੀਜ਼ ਖੁਆ ਨਾ ਦੇਵੇ। ਮੈਂ ਚੁੱਪ ਕਰ ਕੇ ਖਿਸਕ ਆਇਆ। ... ਘਰ ਆ ਕੇ ਮੈਨੂੰ ਬਹੁਤ ਵਧੀਆ ਜੁਗਤ ਸੁੱਝੀ। ਸੋਚਿਆ ਕਿ ਜਦ ਮੋਹਣਾ ਸਕੂਲ ਤੋਂ ਆਊਗਾ ਤਾਂ ਮੈਂ ਮਾਸੀ ਬਖਸ਼ੀ ਗੁੱਜਰੀ ਨੂੰ ਬੁਲਾ ਲਿਆਵਾਂਗਾ। ਝੂਠੀ ਕਹਿ ਦਿਆਂਗਾ ਕਿ ਬੀਬੀ ਬੁਲਾਉਂਦੀ ਐ। ਉਹ ਜਦ ਸ਼ਾਮ ਨੂੰ ਬੱਕਰੀਆਂ ਦੀ ਚੋ ਚੁਆਈ ਤੇ ਰੋਟੀ ਟੁੱਕ ਦੇ ਕੰਮ ਤੋਂ ਵਿਹਲੀ ਹੋ ਕੇ ਮੂੰਹ ਹੱਥ ਧੋ ਕੇ ਆਵੇਗੀ ਤਾਂ ਸਾਡੇ ਰੋਟੀ ਪੱਕ ਰਹੀ ਹੋਵੇਗੀ। ਬੀਬੀ ਰਸੋਈ 'ਚ ਰੋਟੀ ਪਕਾ ਰਹੀ ਹੋਵੇਗੀ। ਦਾਦੀ ਸਾਨੂੰ ਰੋਟੀ ਥਾਲੀਆਂ 'ਚ ਪੁਆ ਕੇ ਖਵਾਣ ਦੀ ਤਿਆਰੀ ਕਰ ਰਹੀ ਹੋਵੇਗੀ। ... ਬਸ, ਤਦੇ ਮਾਸੀ ਬਖਸ਼ੀ ਗੁੱਜਰੀ ਆ ਜਾਵੇਗੀ। ਉਹਦੇ ਕੱਪੜੇ ਗੂੜ੍ਹੇ ਲਾਲ ਕਾਲੇ ਹੋਣਗੇ। ਉਹਦੇ ਨੱਕ 'ਤੇ ਰੁਪੱਈਏ ਜਿੱਡਾ ਚਾਂਦੀ ਦਾ ਲੌਂਗ ਹਵੇਗਾ। ਉਹ ਮੇਰੀ ਬੀਬੀ ਦਾ ਨਾਂ ਲੈਂਦੀ ਹਾਕ ਮਾਰਦੀ ਆਵੇਗੀ- 'ਭਾਗਬੰਤੀਏ'। ਬੋਲਦੀ ਤੇ ਹੱਸਦੀ ਸਿੱਧੀ ਵਿਹੜੇ 'ਚ ਆਵੇਗੀ। ਬੀਬੀ ਤੇ ਦਾਦੀ ਨਾਲ ਦੋ ਗੱਲਾਂ ਕਰੇਗੀ। ਜਦ ਉਹ ਮੋਹਣੇ ਨੂੰ ਦੇਖੇਗੀ ਤਾਂ ਕਹੇਗੀ, ''ਆਹ ਮੇਰਾ ਪੁੱਤ ਮੋਹਣ ਤਾਂ ਏਥੇ ਫਿਰਦੈ। ... ਆ ਮੇਰੇ ਲਾਡਲੇ। ਚਲ ਪੁੱਤ ਆਪਣੇ ਘਰ ਨੂੰ ਚੱਲੀਏ।"

ਏਨੀ ਗੱਲ ਸੁਣਦੇ ਸਾਰ ਪਹਿਲਾਂ ਤਾਂ ਉਹ ਖਿਝੇਗਾ। ਫੇਰ ਦਾਦੀ ਦਾ ਪੱਲਾ ਫੜ ਲਵੇਗਾ। ਜਦ ਬਖਸ਼ੀ ਉਹਨੂੰ ਫੜਨ ਲਈ ਹੱਥ ਲਾਵੇਗੀ ਤਾਂ ਗਾਲ੍ਹਾਂ ਕੱਢਣ ਲੱਗ ਪਏਗਾ। ਜੇ ਬਖਸ਼ੀ ਉਹਦੀ ਬਾਂਹ ਫੜ ਲਵੇਗੀ ਫੇਰ ਤਾਂ 'ਤੇਰੀ ਮਾਂ ਦੀ....ਤੇਰੀ ਭੈਣ ਦੀ।'..ਚੱਲ ਸੋ ਚੱਲ। ... ਫੇਰ ਮੈਂ ਹੱਸੂੰਗਾ। ਮੈਨੂੰ ਸੁਆਦ ਆਊਗਾ।

ਜਦ ਬਖਸ਼ੀ ਗੁੱਜਰੀ ਮੋਹਣ ਨੂੰ 'ਆ ਮੇਰਾ ਪੁੱਤ' ਕਹਿੰਦੀ ਸੀ ਤਾਂ ਮੈਂ ਇਹਨੂੰ ਸੱਚ ਮੰਨ ਲੈਂਦਾ ਸੀ। ਮੈਂ ਦਾਦੀ ਦੀਆਂ ਗੱਲਾਂ ਸੁਣੀਆਂ ਸਨ। ਉਹ ਕਹਿੰਦੀ ਹੁੰਦੀ ਸੀ, ''ਜਦ ਭਾਈ ਸਮਾਂ ਆਇਆ ਤਾਂ ਇਹ ਤੇਰਾ ਬੀਰ ਮੋਹਣ ਆ ਗਿਆ।"

ਮੈਂ ਪੁੱਛਦਾ, "ਕਿੱਥੋਂ?"

ਦਾਦੀ ਕਹਿੰਦੀ, "ਰੱਬ ਕੋਲੋਂ।"...

"ਕੌਣ ਲਿਆਇਆ?"

"ਇਹੀ ਬਖਸ਼ੀ ਲਿਆਈ, ਤੜਕੇ ਤੜਕੇ।"

ਮੈਂ ਸੋਚਦਾ ਤੇ ਉਹਦੀ ਗੱਲ ਮੰਨ ਲੈਂਦਾ। ਫੇਰ ਮੈਂ ਪੁੱਛਦਾ, "ਫੇਰ ਮੈਨੂੰ ਕੌਣ ਲਿਆਇਆ?"

ਜਦੇ ਵਿਚ ਬੀਬੀ ਬੋਲ ਪੈਂਦੀ, "ਤੈਨੂੰ ਤਾਂ ਮੈਂ ਈ ਲਿਆਈ ਤੀ, ਆਪਣੇ ਲਾਡਲੇ ਪੁੱਤ ਨੂੰ। ਤੂੰ ਜਦ ਜੰਮਿਆ ਤਾਂ ਚੱਪਣ ਕੱਦੂ ਜਿੰਨਾ ਤੀ।" ਆਖ ਕੇ ਉਹ ਹੱਸਦੀ ਤਾਂ ਸਾਰੇ ਹੱਸਣ ਲੱਗ ਪੈਂਦੇ। ਮੇਰੇ ਦਿਲ 'ਚ ਫੇਰ ਦੁੱਖ ਖੜ੍ਹਾ ਹੋ ਜਾਂਦਾ। ਮੋਹਣ ਮੈਨੂੰ 'ਚੱਪਣ ਕੱਦੂ' ਕਹਿਣ ਲੱਗ ਪੈਂਦਾ ਸੀ।

ਜਦ ਕਦੇ ਬਖਸ਼ੀ ਮਾਸੀ ਆ ਜਾਂਦੀ ਤੇ ਮੋਹਣ ਨੂੰ ਖਿਝਾ ਤੇ ਰੁਆ ਕੇ ਪੰਜ ਸੱਤ ਗਾਲ੍ਹਾਂ ਖਾ ਜਾਂਦੀ ਤਾਂ ਮੈਂ ਭਾਈ ਦੇ ਮੁਕਾਬਲੇ 'ਚ ਮੀਰੀ ਹੋ ਗਿਆ ਮਹਿਸੂਸ ਕਰਦਾ। ਮੈਨੂੰ ਬਖਸ਼ੀ ਮਾਸੀ ਆਪਣੀ ਬੀਬੀ ਨਾਲੋਂ ਵੀ ਚੰਗੀ ਲੱਗਦੀ।... ਅਸੀਂ ਉਹਨੂੰ ਮਾਸੀ ਏਸ ਲਈ ਵੀ ਕਹਿੰਦੇ ਸੀ ਕਿ ਉਹਦੇ ਨਿਆਣਿਆਂ ਦੇ ਨਾਨਕੇ ਤੇ ਸਾਡੇ ਨਾਨਕੇ ਪਿੰਡ ਕੋਲੋ ਕੋਲ ਸਨ।

ਜਦ ਮੋਹਣ ਸਕੂਲ ਚਲਿਆ ਜਾਂਦਾ ਸੀ ਤਾਂ ਮੈਂ ਖੇਡਣ ਵਾਸਤੇ ਨੀਵੇਂ ਵਿਹੜੇ ਵੱਲ ਚਲਿਆ ਜਾਂਦਾ। ਜਿਥੇ ਬਖਸ਼ੀ ਗੁੱਜਰੀ ਦਾ ਘਰ ਸੀ। ਮੈਂ ਅੰਦਰ ਜਾ ਵੜਦਾ। ਬਖਸ਼ੀ ਮਾਸੀ ਪਿਆਰ ਨਾਲ ਆਖਦੀ, "ਆ ਗਿਆ ਮੇਰਾ ਲਾਡਲਾ।....ਵੇ ਮੈਂ ਵਾਰੀ, ਮੈਂ ਤੈਨੂੰ ਕੀ ਦੇਵਾਂ ਖਾਣ ਨੂੰ?"

ਮੈਨੂੰ ਪਤਾ ਸੀ ਕਿ ਮਾਸੀ ਕਹਿੰਦੀ ਹੁੰਦੀ ਏ ਪਰ ਦੇਂਦੀ ਨਹੀਂ। ਕਿਉਂਕਿ ਅਸੀਂ ਉਹਨਾਂ ਦੇ ਘਰ ਦੀ ਕੋਈ ਚੀਜ਼ ਖਾਂਦੇ ਈ ਨਹੀਂ ਸੀ।.... ਮੈਂ ਉਰੇ ਪਰੇ ਤੋਂ ਰੱਸੀਆਂ ਲੱਭ ਲੈਂਦਾ। ਫੇਰ ਬੱਕਰੀਆਂ ਦੇ ਵਾੜੇ 'ਚ ਜਾ ਵੜਦਾ। ਨਿੱਕੇ ਛੇਲਿਆਂ ਛਲਾਰੂਆਂ ਨੂੰ ਫੜਨ ਲਈ ਉਹਨਾਂ ਦੇ ਪਿੱਛੇ ਭੱਜਦਾ। ਬਖਸ਼ੀ ਮਾਸੀ ਆਖੀ ਜਾਂਦੀ, "ਵੇ ਇਹ ਭੁੱਖੇ ਹੋ ਜਾਣਗੇ ਪੁੱਤ।"

ਮੈਨੂੰ ਨਹੀਂ ਸੀ ਸਮਝ ਪੈਂਦੀ ਕਿ ਭੁੱਖੇ ਕਿਉਂ ਹੋ ਜਾਣਗੇ। ਭੁੱਖ ਉਹਨਾਂ ਨੂੰ ਤਾਂ ਪਤਾ ਨਹੀਂ ਲੱਗਦੀ ਕਿ ਨਾ ਪਰ ਮੈਨੂੰ ਲੱਗ ਪੈਂਦੀ। ਮੈਂ ਦਾਦੀ ਤੋਂ ਡਰਦਾ ਟੁੱਕ ਨਾ ਮੰਗਦਾ। ਉਹਨਾਂ ਦੇ ਘਰ ਰੋਟੀ ਨੂੰ ਟੁੱਕ ਈ ਕਹਿੰਦੇ ਸੀ। ਬਖਸ਼ੀ ਗੁੱਜਰੀ ਗਵਾਂਢਣ ਦਰਜਨ ਨੂੰ ਦੱਸਦੀ, "ਆ ਦੇਖ ਲੈ, ਲਾਲਿਆਂ ਦਾ ਸੋਹਣ ਮੈਤੋਂ ਟੁੱਕ ਮੰਗਦੈ!"

ਉਹ ਦੋਵੇਂ ਹੱਸਦੀਆਂ ਤਾਂ ਮੈਨੂੰ ਬੜੀ ਸ਼ਰਮ ਆਉਂਦੀ। ਮੈਂ ਆਪਣੇ ਘਰ ਨੂੰ ਭੱਜ ਆਉਂਦਾ।

ਫੇਰ ਦੇਸ ਦੀ ਵੰਡ ਹੋਈ ਤਾਂ ਅਸੀਂ ਜਵਾਨ ਹੋ ਗਏ ਸੀ। ਸਾਨੂੰ ਜਾਤਾਂ ਤੇ ਧਰਮਾਂ ਦਾ ਪਤਾ ਲੱਗ ਗਿਆ ਸੀ। ਮੁਸਲਮਾਨਾਂ ਵੱਟੇ ਰਫਿਊਜੀ ਆ ਗਏ ਸਨ। ਅਸੀਂ ਆਪਣਾ ਨਵਾਂ ਘਰ ਵੱਡੀ ਕਾਲੋਨੀ 'ਚ ਬਣਾ ਲਿਆ ਸੀ।

ਉਥੇ ਬੀਬੀ ਨੇ ਆਪਣਾ ਕ੍ਰਿਸ਼ਣ ਮੰਦਰ ਬਣਾ ਲਿਆ ਸੀ। ਕਦੇ ਬੀਬੀ ਕ੍ਰਿਸ਼ਣ ਦੀ ਕਥਾ

ਸੁਣਾਉਂਦੀ। ਜੀਹਦੇ ਵਿਚ ਸ਼ਿਵ ਜੀ ਦਾ ਪ੍ਰਸੰਗ ਆਉਂਦਾ ਕਿ ਮਾਤਾ ਯਸ਼ੋਧਾ ਘਰ ਦੇ ਕੰਮਾਂ ਕਾਰਾਂ 'ਚ ਲੱਗੀ ਹੋਈ ਏ। ਕਾਕਾ ਕ੍ਰਿਸ਼ਣ ਪਾਲਣੇ 'ਚ ਪਿਆ ਖੇਡ ਰਿਹਾ ਏ। ਘਰ ਦੇ ਬੂਹੇ 'ਤੇ ਕੋਈ ਮੰਗਤਾ ਆਇਆ ਏ। ਉਹ ਨਰ ਸਿੰਘਾ ਵਜਾਉਂਦਾ ਏ। ਮਾਤਾ ਉਹਨੂੰ ਭਿੱਖਿਆ ਦੇਣ ਜਾਂਦੀ ਏ ਤਾਂ ਦੇਖਦੀ ਏ ਕਿ ਮੰਗਤੇ ਸਾਧ ਦਾ ਅਨੋਖਾ ਈ ਰੂਪ ਏ। ਸਰੀਰ 'ਤੇ ਭਵੂਤੀ ਰਮੀ ਹੋਈ। ਗਲ਼ 'ਚ ਨਾਗਾਂ ਦੇ ਹਾਰ। ਜਟਾਜੂਟ। ਅੱਖਾਂ ਭੰਗ ਧਤੂਰੇ ਦੇ ਨਸ਼ੇ ਨਾਲ ਲਾਲ। ਭਿੱਖਿਆ ਲੈ ਕੇ ਕਹਿੰਦਾ, ''ਮਾਤਾ, ਤੇਰਾ ਲਾਲ ਦੇਖਣੈ। ਦਰਸ਼ਨ ਕਰਾ ਦੇ।"

ਯਸ਼ੋਧਰਾ ਡਰ ਗਈ ਇਹ ਤਾਂ ਕਾਕੇ ਨੂੰ ਦੇਖ ਲਊ ਪਰ ਜਦ ਕਾਕਾ ਇਹਨੂੰ ਦੇਖੂ ਤਾਂ ਚੀਕਾਂ ਮਾਰ ਕੇ ਰੋ ਪਊ। ਹੁੱਭਕੀਂ ਰੋਂਦਾ ਮੈਤੋਂ ਦੇਖਿਆ ਨਹੀਂ ਜਾਊ। ਮਾਤਾ ਆਖੇ, ''ਉਹ ਹਾਲੇ ਬੱਚਾ ਏ। ਭਰਦਾ ਐ। ਤੈਨੂੰ ਦੇਖ ਕੇ ਡਰ ਜਾਊਗਾ। ਰੋਊਗਾ। ਰੋਂਦਾ ਐ ਤਾਂ ਮੇਰੀ ਜਾਨ ਮੁੱਠੀ 'ਚ ਆ ਜਾਂਦੀ ਐ।"

ਸਾਧ ਤਾਂ ਬਸ ਖਹਿੜੇ ਈ ਪੈ ਗਿਆ ਕਿ ਮਾਤਾ ਤੇਰਾ ਲਾਲ ਦੇਖਣੈ। ਮਾਤਾ ਨੂੰ ਕੀ ਪਤਾ ਕਿ ਮਹਾਦੇਵ ਵਿਸ਼ਣੂ ਦੇ ਦਰਸ਼ਨ ਕਰਨ ਆਏ ਨੇ।... ਓਧਰ ਪਾਲਣੇ 'ਚ ਪਿਆ ਲਾਲ ਰੋਣ ਲੱਗ ਪਿਆ। ਮਾਤਾ ਯਸ਼ੋਧਾ ਨਾ ਬਾਹਰ ਲਿਆਉਣ ਜੋਗੀ ਨਾ ਜਵਾਬ ਦੇਣ ਜੋਗੀ। ਜਦ ਮੰਗਤਾ ਨਾ ਈ ਟਲ਼ਿਆ ਤਾਂ ਉਹ ਬਾਲ ਕ੍ਰਿਸ਼ਣ ਨੂੰ ਚੱਕ ਲਿਆਈ। ਮੰਗਤਾ ਬਾਬੇ ਦਾ ਚਿਹਰਾ ਖਿੜ ਗਿਆ। ਫੇਰ ਤਾਂ ਕ੍ਰਿਸ਼ਣ ਵੀ ਖਿੜ-ਖਿੜ ਕਰ ਕੇ ਹੱਸਣ ਲੱਗ ਪਿਆ।"

ਇਹ ਪ੍ਰਸੰਗ ਸੁਣਦਿਆਂ ਪਤਾ ਨਹੀਂ ਕਿਉ ਮੇਰਾ ਰੋਣ ਨਿੱਕਲ ਜਾਂਦਾ ਸੀ।... ਹੁਣ ਯਾਦ ਕਰ ਕੇ ਵੀ ਅੱਖਾਂ ਭਰ ਆਈਆਂ ਨੇ।

ਆਪਣੇ ਵੱਡੇ ਭਾਈ ਦੀਆਂ ਯਾਦਾਂ ਲਿਖਦਿਆਂ ਮੈਂ ਇਕ ਬਹੁਤ ਮਾੜੀ ਯਾਦ ਦੱਸਣਾ ਚਾਹੁੰਦਾ ਹਾਂ। ਪਰ ਮੇਰਾ ਦਿਲ ਡਰਦਾ ਏ। ... ਇਹ ਗੱਲ ਮੈਨੂੰ ਵੱਡੇ ਭਾਈ ਨੇ ਆਪ ਸੁਣਾਈ ਸੀ। ''ਜਦ ਦੇਸ-ਵੰਡ ਵੇਲੇ ਮੁਸਲਮਾਨ ਵੱਢੇ ਜਾ ਰਹੇ ਸਨ ਤਾਂ ਉਹ ਵੀ ਵੱਢਣ ਵਾਲਿਆਂ ਦੇ ਜੱਥੇ ਦੇ ਨਾਲ ਜਾਂਦਾ ਹੁੰਦਾ ਸੀ। ਇਕ ਦਿਨ ਜਦ ਕਿਸੇ ਪਿੰਡ ਦੇ ਬੰਦੇ ਵੱਢ ਕੇ ਮੁੜੇ ਆ ਰਹੇ ਸੀ ਤਾਂ ਰਾਹ 'ਚ ਇਕ ਖੂਹ ਵਿਚੋਂ ਆਵਾਜ਼ਾਂ ਆ ਰਹੀਆਂ ਸਨ। ਉਹ ਨੇੜੇ ਗਏ ਤਾਂ ਅੰਦਰੋਂ ਮਾਸੀ ਬਖਸ਼ੀ ਗੁੱਜਰੀ ਨੇ ਭਾਈ ਦੀ ਆਵਾਜ਼ ਪਛਾਣ ਕੇ ਉਹਦਾ ਨਾਂ ਲੈ ਕੇ ਕਿਹਾ, ''ਵੇ ਪੁੱਤ ਸੋਹਣਾ, ਮੈਨੂੰ ਕੱਢ ਲੈ। ਨਹੀਂ ਤਾਂ ਸਾਨੂੰ ਇੱਟਾਂ ਮਾਰ ਕੇ ਮਾਰ ਦਿਓ।"

ਤਦ ਭਾਈ ਨੇ ਉਹਨੂੰ ਗਾਲ੍ਹਾਂ ਕੱਢੀਆਂ ਤੇ ਅੱਗੇ ਤੁਰ ਗਏ ਸੀ। ਉਹਨੇ ਇੱਟਾਂ ਵੀ ਨਹੀਂ ਸੀ ਮਾਰੀਆਂ।

□□□

# ਵਿਸ਼ਵ ਜਯੋਤੀ ਧੀਰ ਦੀਆਂ ਕਹਾਣੀਆਂ : ਨਵੀਂ ਹੋਂਦ ਨੂੰ ਸਿਰਜਦੀਆਂ ਇਸਤਰੀ ਪਾਤਰਾਂ

*ਨਵਜੋਤ ਕੌਰ*

ਵੂਮੈਨ ਸੈੱਲ ਦੀ ਮੈਂਬਰ ਹੋਣ ਕਾਰਨ ਇਸਤਰੀ ਨਿੱਜ ਨੂੰ ਸਮਝਣ ਦਾ ਸੁਚੇਤ ਯਤਨ ਕਰਦੀ ਵਿਸ਼ਵ ਜਯੋਤੀ ਧੀਰ ਉਹਨਾਂ ਚਰਚਿਤ ਕਥਾਕਾਰਾਂ ਵਿਚ ਸ਼ੁਮਾਰ ਹੁੰਦੀ ਹੈ,ਜਿਹਨਾਂ ਨੇ ਵਿਗਿਆਨਕ ਜ਼ਾਵੀਏ ਨੂੰ ਵਰਤਮਾਨ ਪੰਜਾਬੀ ਕਹਾਣੀ ਦਾ ਵਸਤੂ ਬਣਾਇਆ ਹੈ। ਜਿਸ ਕਾਰਨ ਜਦੋਂ ਉਸ ਦੀ ਇਸਤਰੀ ਪਾਤਰ ਕੋਈ ਨਵਾਂ ਰਾਹ ਸਿਰਜਦੀ ਹੈ ਤਾਂ ਉਸਦੇ ਅਜਿਹੇ ਵਿਹਾਰ ਪਿੱਛੇ ਕੋਈ ਨਾ ਕੋਈ ਤਰਕ ਕੰਮ ਕਰ ਰਿਹਾ ਹੁੰਦਾ ਹੈ।

ਵਿਸਫੋਟਕ ਢੰਗ ਨਾਲ ਆਰੰਭ ਹੁੰਦੀ ਕਹਾਣੀ ਰਿਲੇਅਰੇਸ ਦੀ ਕੋਮਲ ਪਿਤਰਕੀ ਜ਼ਬਰ ਨੂੰ ਵਿਆਹ ਸੰਸਥਾ ਦੇ ਰੂਪ ਵਿਚ ਸਵੀਕਾਰ ਕਰਨ ਦੀ ਥਾਂ ਦਕਸ਼(ਮੰਗੇਤਰ) ਨੂੰ ਨਕਾਰਦੀ ਹੋਈ,ਨਵੀਨ ਚੇਤਨਾ ਪ੍ਰਾਪਤ ਕਰਨ ਲਈ ਮਹਾਨਗਰ ਵਿਚ ਚੱਲੀ ਜਾਂਦੀ ਹੈ। ਕਈ ਇਸਤਰੀ ਪਾਤਰਾਂ ਦੁਆਲੇ ਘੁੰਮਦੀ ਇਸ ਕਹਾਣੀ ਵਿਚ ਮੁੱਖ ਪਾਤਰ ਦੀ ਸਵੈ-ਸ਼ਕਤੀ ਵਧਾਉਣ ਅਤੇ ਨਵ- ਨਿਰਮਾਣਕਾਰੀ ਲਈ ਮੀਨਾ ਅਤੇ ਕਾਂਤੀ ਨਾਮਕ ਦੋ ਅਨਪੜ੍ਹ ਪਰ ਵਧੇਰੇ ਊਰਜਾਸ਼ੀਲ ਪਾਤਰਾਂ ਪੇਸ਼ ਹੋਈਆਂ ਹਨ,ਜਿਹੜੀਆਂ ਬੀਤੇ ਦੇ ਹੇਰਵੇ ਅਤੇ ਆਉਣ ਵਾਲੇ ਕੱਲ ਦੀ ਚਿੰਤਾ ਛੱਡ,ਦੱਬੀ-ਕੁਚਲੀ ਜ਼ਿੰਦਗੀ ਵਿਚੋਂ ਆਪ ਹੀ ਖਿੜਕੀ ਖੋਲ੍ਹ ਕੇ ਸਾਹ ਲੈਣ ਦਾ ਹੀਲਾ ਕਰਦੀਆਂ ਹਨ। ਮੀਨਾ ਦੇ ਸ਼ਰਾਬੀ ਪਤੀ ਨੇ ਜਦੋਂ ਉਸ ਨੂੰ ਧੰਦੇ ਉੱਤੇ ਬਿਠਾਉਣਾ ਚਾਹਿਆ ਤਾਂ ਉਹ ਪਤੀ ਨੂੰ ਤਿਆਗ ਕੇ,ਆਪਣੇ ਸਾਬਕਾ ਪ੍ਰੇਮੀ ਨਾਲ ਮੁੜ ਵਿਆਹ ਕਰਵਾਉਣ ਦਾ ਇੰਤਜ਼ਾਰ ਕਰਨ ਲੱਗ ਪੈਂਦੀ ਹੈ। ਦੂਜੇ ਪਾਸੇ ਜਵਾਨੀ ਦੀ ਦਹਿਲੀਜ਼ ਉੱਤੇ ਪੈਰ ਰੱਖਦੀ ਕਾਂਤੀ,ਗ਼ਰੀਬੀ ਕਾਰਨ ਬੁੱਢੇ ਨਾਲ ਵਿਆਹੀ ਜਾਂਦੀ ਹੈ। ਅਜਾਂਈ ਪਤੀ ਦੀ ਮਾਰ ਖਾਂਦੀ ਕਾਂਤੀ ਨੇ ਆਪਣੇ ਦਿਲ ਨੂੰ ਹੁਲਾਸ ਦੇਣ ਲਈ ਆਪਣੀ ਹਮਉਮਰ ਦਾ ਇਕ ਦੋਸਤ ਬਣਾ ਲਿਆ ਜਿਸ ਨਾਲ ਉਹ ਮਹੀਨੇ ਬੱਧੀ ਇਕ- ਦੋ ਵਾਰ ਘੁੰਮ ਫਿਰ ਆਉਂਦੀ ਅਤੇ ਪਤੀ ਜ਼ੁਲਮਾਂ ਨੂੰ ਮਨ ਤੋਂ ਨਿਤਾਰ

*ਖੋਜ ਵਿਦਿਆਰਣ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। 9646011220*

ਛੱਡਦੀ ਹੈ।ਆਪਣੇ ਮੁਕਾਬਲਤਨ ਘੱਟ ਸਮਰੱਥਵਾਨ ਇਹਨਾਂ ਪਾਤਰਾਂ ਦੇ ਦਲੇਰਾਨਾ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਕੋਮਲ,ਘਰਦਿਆਂ ਦੇ ਅਲਗਾਵ ਕਾਰਨ ਪੈਦਾ ਹੋਏ ਤਣਾਓ ਤੋਂ ਖ਼ੁਦ ਨੂੰ ਮੁਕਤ ਕਰਨ ਵਿਚ ਸਫ਼ਲ ਰਹਿੰਦੀ ਹੈ।

ਇਕ ਮੋਹ ਦੀ ਤੰਦ ਜਿਹੜੀ ਮੈਨੂੰ ਪਿਛਾਂਹ ਖਿੱਚਦੀ ਸੀ, ਅੱਜ ਮੈਂ ਉਹ ਵੀ ਤੋੜ ਆਈ। ਕੀਹਦੇ ਆਸਰੇ..ਪਰ ਘਰ ਤਾਂ ਇਕ ਦਿਨ ਛੱਡਣਾ ਹੀ ਪੈਣਾ ਸੀ। ਉਹਨਾਂ ਖ਼ਾਤਰ ਛੱਡਦੀ ਤਾਂ ਸਭ ਨੂੰ ਚੰਗਾ ਲੱਗਦਾ,ਹੁਣ ਆਪਣੀ ਖ਼ਾਤਰ ਛੱਡਿਆ ਤਾਂ ਕੁੱਲ ਦੁਨੀਆ ਹੀ ਦੁਸ਼ਮਣ ਹੋ ਗਈ। ਮੈਥੋਂ ਬੇਨਾਮ ਇੱਜ਼ਤ ਨੂੰ ਢੋਹ ਕੇ ਅਣਚਾਹੀ ਜ਼ਿੰਦਗੀ ਨਹੀਂ ਜਿਊਈਂ ਜਾਂਦੀ। ਮੇਰੀਆਂ ਅੱਖਾਂ ਅੱਜ ਫੇਰ ਨਟਨੀ ਦੇ ਪੈਰਾਂ 'ਤੇ ਖਲੋ ਗਈਆਂ। ਮੈਨੂੰ ਲੱਗਿਆ ਜੇ ਰੱਸੀ ਅੱਧ ਵਿਚਕਾਰੋਂ ਟੁੱਟ ਗਈ ਤਾਂ ਉਹ ਬੁਰੀ ਤਰ੍ਹਾਂ ਡਿੱਗੇਗੀ ਟੋਟੇ-ਟੋਟੇ ਹੋ ਜਾਏਗੀ ਪਰ ਉਸ ਦੇ ਪੈਰਾਂ ਹੇਠਲੀ ਰੱਸੀ ਤਾਂ ਹੋਰ ਲੰਮੀ ਹੋਰ ਲੰਮੀ ਹੁੰਦੀ ਗਈ। ਮੇਰੇ ਆਲੇ ਦੁਆਲੇ ਵੱਲਦੀ ਗਈ। ਮੇਰੀ ਗਰਦਨ 'ਤੇ ਕੱਸਦੀ ਗਈ। ਹੱਥ ਪੈਰ ਸਭ ਰੱਸੀ ਵਿਚ ਬੱਝਦੇ ਗਏ। ਮੈਨੂੰ ਸਾਹ ਨਹੀਂ ਆ ਰਿਹਾ। ਮੈਂ ਚੀਕਾਂ ਵੀ ਨਹੀਂ ਮਾਰ ਸਕਦੀ। ਭੱਜ ਵੀ ਨਹੀਂ ਸਕਦੀ। ਮੈਂ ਆਪਣੇ ਅੰਦਰੋਂ ਸਾਰੀ ਸ਼ਕਤੀ ਇੱਕਠੀ ਕੀਤੀ। ਜੱਦੋ-ਜਹਿਦ ਕਰਦੀ ਰਹੀ। ਹੱਥ ਪੈਰ ਮਾਰਦੀ ਰਹੀ। ਅਥਾਹ ਸ਼ਕਤੀ ਮੇਰੇ ਅੰਦਰ ਆ ਗਈ। ਬੰਧਨ ਢਿੱਲੇ ਹੋਣ ਲੱਗ ਪਏ। ਮੈਂ ਆਜ਼ਾਦ ਹੋਣ ਵਿਚ ਕਾਮਯਾਬ ਹੋ ਗਈ। 1

ਚੇਤਨਾ ਦੀ ਸਵੈ-ਨਿਰਭਰਤਾ ਪਿੱਛੇ ਉਸ ਦੀ ਦਲੇਰ ਮਾਂ ਦਾ ਹੱਥ ਕਾਰਜਸ਼ੀਲ ਹੈ। ਜਿਸ ਨੂੰ ਕਹਾਣੀਕਾਰਾ ਨੇ ਕਹਾਣੀ ਦੇ ਪ੍ਰੇਰਕ ਵਜੋਂ ਉਭਾਰਿਆ ਹੈ। ਲੂਣ-ਤੇਲ ਵੇਚਣ ਤੋਂ ਲੈ ਕੇ ਪ੍ਰਧਾਨਗੀ ਦੀ ਕੁਰਸੀ ਪ੍ਰਾਪਤ ਕਰਨ ਦੇ ਸੰਘਰਸ਼ੀ ਜੀਵਨ-ਪੰਧ ਉੱਤੇ ਚੱਲਦਿਆਂ,ਉਸ ਦੀ ਮਾਂ ਨੂੰ ਕਈ ਤੋਹਮਤਾਂ ਸਹਿਣੀਆਂ ਪਈਆਂ ਪਰ ਉਸ ਨੇ ਸਭ ਹੱਸ ਕੇ ਜਰ ਲਈਆਂ ਕਿ ਤਰੱਕੀ ਕਰ ਰਹੀ ਔਰਤ ਦਾ ਜ਼ਮਾਨਾ ਸਦਾ ਹੀ ਵੈਰੀ ਰਿਹਾ ਹੈ। ਚੇਤਨਾ ਵੀ ਆਪਣੀ ਮਾਂ ਦੀ ਇਸ ਰਿਲੇਅ ਰੇਸ ਦਾ ਹਿੱਸਾ ਬਣਦੀ ਹੋਈ,ਆਪਣੇ ਬੱਸ ਤੋਂ ਬਲੈਕਮੇਲ ਹੋਣ ਦੀ ਥਾਂ,ਉਸ ਦੀ ਬਦਤਮੀਜ਼ੀ ਕਰਨ ਉੱਤੇ ਉਸ ਦੇ ਥੱਪੜ ਮਾਰ ਦਿੰਦੀ ਹੈ। ਜਿਸ ਕਾਰਨ ਉਸ ਨੂੰ ਵੱਡੀ ਕੰਪਨੀ ਦੀ ਨੌਕਰੀ ਤਿਆਗਣੀ ਪੈਂਦੀ ਹੈ। ਕਿਸੇ ਦਾ ਮੋਢਾ ਨਾ ਤੱਕਣ,ਮਾੜੀ ਨੀਅਤ ਵਾਲਿਆਂ ਨਾਲ ਸਮਝੌਤਾ ਨਾ ਕਰਨ ਦੀ ਇਹ ਬਿਰਤੀ ਵੀ ਚੇਤਨਾ ਨੂੰ ਆਪਣੀ ਮਾਂ ਕੋਲੋਂ ਵਿਰਸੇ ਵਿਚੋਂ ਹੀ ਮਿਲਦੀ ਹੈ।

ਇਕੋ ਫਲੈਟ ਵਿਚ ਇਕੱਠੇ ਰਹਿੰਦਿਆਂ, ਚੇਤਨਾ ਆਪਣੇ ਪ੍ਰੇਮੀ ਦੀ ਪਤਨੀ ਬਣਨ ਦੀ ਥਾਂ ਪ੍ਰੇਮਿਕਾ ਹੀ ਰਹਿਣਾ ਚਾਹੁੰਦੀ ਹੈ ਕਿਉਂਕਿ 'ਪਤਨੀ' ਸ਼ਬਦ ਵਿਚੋਂ ਉਸਨੂੰ ਗ਼ੁਲਾਮੀ ਦੀ ਬੂ ਆਉਂਦੀ ਮਹਿਸੂਸ ਹੁੰਦੀ ਹੈ। ਕੋਮਲ ਨੂੰ ਪਤਨੀ ਸ਼ਬਦ ਸੁਣ ਕੇ ਆਪਣੀ ਮਾਂ ਤੇ ਭੈਣ ਵਰਗੀਆਂ ਉਹ ਇਸਤਰੀਆਂ ਚੇਤੇ ਆਉਂਦੀਆਂ ਹਨ, ਜਿਹੜੀਆਂ ਆਜ਼ਾਦੀ ਦੇ ਅਹਿਸਾਸ ਤੋਂ ਸੱਖਣੀਆਂ ਪਤੀ ਅਧੀਨਗੀ ਵਿਚ ਹੀ ਖ਼ੁਸ਼ ਰਹਿੰਦੀਆਂ ਹਨ। ਪਿਤਾ ਪੁਰਖੀ ਪ੍ਰਣਾਲੀ ਦੀ ਨੈਤਿਕਤਾ ਵਿਚ ਬੱਝੀਆਂ ਇਹ ਇਸਤਰੀਆਂ ਸ਼ੁੱਧਤਾ ਨੂੰ ਹਰ ਪਾਸਿਓਂ ਬਰਕਰਾਰ ਰੱਖਣ ਦਾ ਭਰਮ ਪਾਲਦੀਆਂ ਹਨ ਅਤੇ ਇਸ ਭਰਮ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੀਆਂ ਕੋਮਲ ਵਰਗੀਆਂ ਨੂੰ ਖ਼ਾਨਦਾਨ ਦੀ ਇੱਜ਼ਤ ਉੱਤੇ ਦਾਗ਼ ਗਰਦਾਨਿਆ ਜਾਂਦਾ ਹੈ। ਡਾ. ਜਗਵਿੰਦਰ ਜੋਧਾ ਅਨੁਸਾਰ:

ਇਹ ਸਵਾਲ ਸਮੁੱਚੀ ਨਾਰੀ-ਚੇਤਨਾ ਦਾ ਭਖਵਾਂ ਮਸਲਾ ਹੈ ਕਿ ਪਿਤਰਕੀ ਪ੍ਰਤਿ ਆਪਣੀ ਅਸਵੀਕ੍ਰਿਤੀ ਵਾਲੀ ਦ੍ਰਿਸ਼ਟੀ ਦੇ ਪ੍ਰਗਟਾਵੇ ਤੋਂ ਬਾਅਦ ਆਖਰ ਕਿਹੜਾ ਵਿਕਲਪ ਉਸਨੂੰ ਸਮਾਜਿਕ

ਚੌਖਟੇ ਵਿਚ ਪੂਰਕਤਾ ਵਾਲਾ ਸਥਾਨ ਦਿਵਾ ਸਕਦਾ ਹੈ। ਪਿਤਰਕੀ ਪ੍ਰਬੰਧ ਵੱਲੋਂ ਵਿਆਹ ਦੀ ਸੰਸਥਾ ਨਾਰੀ ਦੀਆਂ ਜਿਨਸੀ ਤੇ ਮਾਨਸਿਕ ਖ਼ਾਹਸ਼ਾਂ ਦੇ ਅਨੁਕੂਲਣ ਦਾ ਪੈਟਰਨ ਹੈ ਤੇ ਇਸ ਤੋਂ ਬਾਗੀ ਹੋ ਕੇ ਕਿਹੜਾ ਨਵਾਂ ਰਾਹ ਨਾਰੀ ਦੀ ਸਵੈ-ਮੁਖਤਾਰੀ ਦੀ ਸਮੱਸਿਆ ਦਾ ਹੱਲ ਕਰ ਸਕਦਾ ਹੈ। ਇਹ ਇਸ ਕਹਾਣੀ ਦਾ ਕੇਂਦਰੀ ਸੂਤਰ ਹੈ।2

ਸੰਬਧਿਤ ਕਹਾਣੀ ਵਿਚ ਪਾਤਰਾਂ ਦੇ ਨਾਂ ਚੇਤਨਾ(ਜਾਗੂਰਕਤਾ) ਅਤੇ ਕੋਮਲ (ਮੁਲਾਇਮ) ਸੰਕੇਤਾਤਮਕ ਹਨ। ਕੋਮਲਤਾ ਨੂੰ ਪਸੰਦ ਕਰਨ ਵਾਲਾ ਸਮਾਜ ਬੜਾ ਖਿੰਘਰ ਹੈ ਜਿਸ ਨਾਲ ਵੱਜ-ਵੱਜ ਕੇ ਉਹ ਓਨੀ ਦੇਰ ਤੱਕ ਲਹੂ-ਲੁਹਾਨ ਹੁੰਦੀ ਰਹਿੰਦੀ ਹੈ,ਜਿੰਨੀ ਦੇਰ ਤੱਕ ਸਵੈ-ਚੇਤਨਾ ਤੱਕ ਨਹੀਂ ਪਹੁੰਚ ਪਾਉਂਦੀ। "ਚੇਤਨਾ-ਨਵੀਨ ਜਾਗ੍ਰਿਤੀ,ਨਿੱਗਰ ਸੋਚ ਅਤੇ ਸੁੰਤਤਰ ਚੇਤੰਨ ਨਾਰੀ ਦਾ ਬਿੰਬ ਹੈ,ਜੋ ਸਥਿਤੀਆਂ ਨੂੰ ਸਮਝਦੀ ਹੈ ਪਰ ਸਮਝੌਤਾ ਨਹੀਂ ਕਰਦੀ। ਇਹ ਰੂੜ੍ਹੀਵਾਦੀ ਰਵਾਇਤਾਂ ਨੂੰ ਬੁਰੀ ਤਰ੍ਹਾਂ ਖ਼ਤਮ ਹੀ ਨਹੀਂ ਕਰਦੀ ਬਲਕਿ ਔਰਤ-ਮਰਦ ਦੇ ਤੈਅ ਸ਼ੁਦਾ ਰਿਸ਼ਤਿਆਂ ਤੋਂ ਵੀ ਪਾਰ ਦੀ ਗੱਲ ਕਰਦੀ ਹੈ। ਉਸ ਅਨੁਸਾਰ ਉਹ ਹਰ ਖੇਤਰ ਵਿਚ ਪੁਰਸ਼ ਦੀ ਸਾਥੀ ਬਣ ਸਕਦੀ ਹੈ ਪਰ ਪਿੱਛੇ ਨਹੀਂ ਤੁਰੇਗੀ। ਉਸਦੀ ਵਾਸਤਵਿਕਤਾ ਪ੍ਰਤੀ ਅਟੱਲ ਵਿਸ਼ਵਾਸ ਅਤੇ ਇਸਤਰੀ ਗੌਰਵ ਹੀ ਕੋਮਲ ਵਰਗੀਆਂ ਨੂੰ ਨਵੇਂ ਰਾਹ ਤਲਾਸ਼ਣ ਵਿਚ ਸਹਾਈ ਹੋਵੇਗਾ।"3 ਕੋਮਲ ਨੂੰ ਸਮਾਜਿਕ ਕੁਰੀਤਾਂ ਦੀ ਸੋਝੀ ਹੈ ਪਰ ਉਸ ਦਾ ਵਿਰੋਧ ਕੁਝ ਫੌਰੀ ਘਟਨਾਵਾਂ ਦੀ ਉਪਜ ਹੋਣ ਕਾਰਨ ਪਿਤਾ ਲਛਮਣ ਦਾਸ ਦੀ ਲਕੀਰ ਟੱਪਣ ਤੋਂ ਬਾਅਦ ਵੀ ਤ੍ਰੇਂਹਦਾ ਹੋਇਆ ਮਰਨ ਪ੍ਰਵਿਰਤੀ ਨੂੰ ਤਰਜੀਹ ਦਿੰਦਾ ਹੈ ਪਰ ਚੇਤਨਾ ਦੇ ਪ੍ਰਭਾਵ-ਵੱਸ ਉਹ ਪੱਛਮ ਵੱਲ ਢਹਿੰਦੀ ਆਪਣੀ ਜ਼ਿੰਦਗੀ ਨੂੰ ਪੂਰਬ ਦੀ ਚੜ੍ਹਾਈ ਵੱਲ ਪਾ ਲੈਂਦੀ ਹੈ।

ਦੰਪਤੀ ਰਿਸ਼ਤਾ ਵੀ ਲਾਭ-ਹਾਨ ਦੇ ਤਰਾਜ਼ੂ ਉੱਪਰ ਹੋਣ ਕਾਰਨ,ਸਭ ਕੁਝ ਹੁੰਦਿਆਂ ਵੀ ਖ਼ੌਫ ਦੇ ਆਲਮ ਵਿਚੋਂ ਲੰਘ ਰਹੀ ਅਜੋਕੀ ਇਸਤਰੀ ਦੇ ਕਿਰਦਾਰ ਸੰਕਲਪ ਦੀ ਧੀਰ ਨੇ ਮਨੋਵਿਗਿਆਨ ਦ੍ਰਿਸ਼ਟੀ ਸਦਕਾ ਉਸਾਰੀ ਕੀਤੀ ਹੈ। ਦਾਮਨ-ਏ-ਕੋਹ ਕਹਾਣੀ ਵਿਚ ਪੁਰਸ਼ ਸਹਾਰੇ ਤੋਂ ਬਿਨਾ ਵਿਚਰਨਾ ਸਿਖੀ ਇਸਤਰੀ ਦੀ ਗਾਥਾ ਪੇਸ਼ ਕੀਤੀ ਗਈ ਹੈ। ਸੌਤੇਲੇ ਪਿਓ ਦੀਆਂ ਨਜ਼ਰਾਂ ਤੋਂ ਬਚਾਉਣ ਲਈ,ਮਾਂ ਦੁਆਰਾ ਮੈਨਾ ਨੂੰ ਹੋਸਟਲ ਵਿਚ ਭੇਜ ਦਿੱਤਾ ਜਾਂਦਾ ਹੈ। ਰਫੀਕ ਮੈਨਾ ਦੀ ਮਾਂ ਨੂੰ ਦੇਹ ਵਪਾਰ ਦੇ ਗ਼ਲੀਜ਼ ਧੰਦੇ ਵਿਚ ਪਾ ਦਿੰਦਾ ਹੈ, ਜਿੱਥੋਂ ਇਕ ਨਾ-ਮੁਰਾਦ ਅਲਾਮਤ ਦਾ ਸ਼ਿਕਾਰ ਹੋ ਉਹ ਪਾਗਲਖ਼ਾਨੇ ਪਹੁੰਚ ਜਾਂਦੀ ਹੈ। ਕੱਚੀ ਉਮਰ ਵਿਚ ਯਤੀਮਾਂ ਵਾਲੀ ਜ਼ਿੰਦਗੀ ਹੰਢਾਉਂਦੀ ਮੈਨਾ ਖ਼ੁਦ ਨੂੰ ਮਹਿਫੂਜ਼ ਕਰਨ ਲਈ ਪਹਿਲਾਂ ਹੀ ਵਿਆਹੇ ਮੇਜਰ ਨਾਲ ਨਿਕਾਹ ਕਰਵਾ ਲੈਂਦੀ ਹੈ ਅਤੇ ਖ਼ਾਵੰਦ ਵੱਲੋਂ ਛੱਡੇ ਜਾਣ ਉੱਤੇ ਸੁੰਦਰ ਨਗਰ ਦੀ ਰਿਜ਼ਵੀ ਕੋਟੇਜ ਵਿਚ ਇਕੱਲੀ ਰਹਿ ਜਾਂਦੀ ਹੈ।

ਹਤਾਸ਼ ਹੋਈ ਕਲਾਕ੍ਰਿਤੀ ਵਰਗੀ ਮੈਨਾ ਦੇ ਦਿਲ ਵਿਚ ਕਲਾਕਾਰ ਪਾਰਸ ਦੀ ਆਮਦ ਨਾਲ,ਫਿਰ ਤੋਂ ਗਾਉਣ ਵਜਾਉਣ ਦਾ ਸ਼ੌਕ ਜਿੰਦਾ ਹੋ ਜਾਂਦਾ ਹੈ ਪਰ ਪਤੀ ਦੁਆਰਾ ਮੋਢਾ ਖਿੱਚ ਲੈਣ ਤੋਂ ਬਾਅਦ ਕੁਝ ਸਮੇਂ ਲਈ ਢਾਰਸ ਬਣਿਆ ਪਾਰਸ ਵੀ ਜਦੋਂ ਵਿਆਹਿਆ ਹੋਣ ਕਾਰਨ ਪਿੱਛੇ ਹੱਟਣ ਲਈ ਮਜ਼ਬੂਰ ਹੋ ਜਾਂਦਾ ਹੈ ਤਾਂ ਕਹਾਣੀ ਵਿਚ ਮੈਨਾ ਦੀ ਦੇਹ ਚੂਰ-ਚੂਰ ਹੋ ਜਾਣ ਦਾ ਭੁਲੇਖਾ ਪੈਂਦਾ ਹੈ ਪਰੰਤੂ ਨੌ ਸਾਲ ਬਾਅਦ ਜਦੋਂ ਪਾਰਸ ਅਮਰੀਕਾ ਤੋਂ ਵਾਪਸ ਸੁੰਦਰ ਨਗਰ ਆਉਂਦਾ ਹੈ ਤਾਂ ਮੈਨਾ ਉਰਫ਼ ਡਾ.ਤਨਸੀਫ਼ ਸੰਗੀਤ ਦੀ ਪੀਐਚ.ਡੀ. ਕਰਕੇ ਆਪਣੀ ਲਾਜਵਾਬ ਸ਼ਨਾਖ਼ਤ ਸਥਾਪਿਤ ਕਰ ਚੁੱਕੀ ਹੁੰਦੀ ਹੈ। ਘਰ ਵਿਚ ਉਸ ਦੀ ਆਪਣੀ ਵੱਡੀ ਸਾਰੀ ਤਸਵੀਰ ਅਤੇ ਕੋਟੇਜ

ਦੇ ਬਾਹਰ ਉਸਦੇ ਆਪਣੇ ਨਾਂ ਦੀ ਤਖ਼ਤੀ ਦਾ ਲੱਗੇ ਹੋਣਾ, ਪਾਰਸ ਨੂੰ ਹੈਰਾਨ ਕਰ ਦਿੰਦੇ ਹਨ। ਮਾਨਸਿਕ ਬਿਹਬਲਤਾ ਨੂੰ ਘੱਟ ਬਿਆਨਦੀਆਂ ਧੀਰ ਕਹਾਣੀਆਂ ਦਾ ਉਦੇਸ਼ ਜੀਵਨ ਗੜਬੜੀ ਤੋਂ ਬਾਅਦ ਸ਼ਾਂਤੀ ਤੇ ਖ਼ੁਸ਼ਹਾਲੀ ਪ੍ਰਾਪਤੀ ਹੈ। ਮੈਨਾ ਉੱਦਾਤੀਕਰਨ ਦੀ ਪ੍ਰਕਿਰਿਆ ਦੇ ਤਹਿਤ ਜ਼ਿੰਦਗੀ ਵਿਚ ਮਿਲੇ ਧੱਕਿਆਂ ਨੂੰ ਇਕ ਸੁਚਾਰੂ ਰਾਹ ਉੱਤੇ ਚੱਲਣ ਲਈ ਸ਼ਕਤੀ ਵਜੋਂ ਵਰਤਦੀ ਹੋਈ,ਆਪਣੇ ਅਸਤਿਤਵ ਨੂੰ ਅਜਿਹੇ ਮਜ਼ਬੂਤ ਢਾਂਚੇ ਵਿਚ ਢਾਲ ਲੈਂਦੀ ਹੈ, ਜਿੱਥੇ ਕਿਸੇ ਹੋਰ ਦੇ ਆਉਣ ਨਾਲ ਨਾ ਕੋਈ ਇਜਾਫ਼ਾ ਅਤੇ ਨਾ ਹੀ ਕਿਸੇ ਦੇ ਚਲੇ ਜਾਣ ਨਾਲ ਕੋਈ ਤਕਸੀਮ ਹੁੰਦੀ ਹੈ।

ਮੈਂ ਚੋਰ ਨਜ਼ਰਾਂ ਨਾਲ ਉਸਨੂੰ ਤੱਕਿਆ। ਸੁਨਹਿਰੀ ਕੁੰਡਲਾਂ ਵਿਚ ਚਾਂਦੀ ਦੀਆਂ ਤਾਰਾਂ ਚਮਕਣ ਲੱਗ ਪਈਆਂ। ਅੱਖਾਂ ਵਿਚ ਜਿਉਣ ਦੀ ਤਮੰਨਾ ਸੀ। ਚਿਹਰਾ ਏਨਾ ਸ਼ਾਂਤ ਜਿਵੇਂ ਸਭੇ ਪੀਰ ਠੰਡੇ ਹੋ ਗਏ ਹੋਣ। ਕਿੰਨੀ ਸਹਿਜ ! ਮੈਨੂੰ ਉਸ ਦੀ ਇਹ ਅਦਾ ਡਰਾ ਰਹੀ ਸੀ..ਮੇਰੀਆਂ ਬੇਚੈਨ ਨਜ਼ਰਾਂ ਕਮਰੇ ਦੇ ਕੋਨੇ-ਕੋਨੇ ਨਾਲ ਟਕਰਾ ਰਹੀਆਂ ਸਨ। ਕਮਰੇ ਵਿਚ ਇਕ ਤਾਜ਼ਗੀ ਸੀ। ਕੱਚ ਦੇ ਗੁਲਦਾਨ ਵਿਚ ਤਾਜ਼ਾ ਮੋਤੀਏ ਦੇ ਫੁੱਲਾਂ ਦੀਆਂ ਟਹਿਣੀਆਂ ਗੁਲਾਬੀ ਪਰਦੇ,ਦੀਵਾਨ ਉੱਪਰ ਵਿਛੀ ਸੁਨਹਿਰੀ ਲਾਲ ਚਾਦਰ ਇਕ ਖ਼ਾਸ ਅੰਦਾਜ਼ ਵਿਚ ਦੀਵਾਨ ਉੱਪਰ ਟਿਕਾਈ ਸਿਤਾਰ।4

ਅਚੇਤਨ ਵਿਚ ਦੱਬੀਆਂ ਭਾਵਨਾਵਾਂ ਦੀ ਪੂਰਤੀ ਨਾ ਹੋਣ ਕਾਰਨ,ਰੂਪਾਂਤਰਨ ਮਾਨਸਿਕ ਪ੍ਰਕਿਰਿਆ ਦੇ ਤਹਿਤ,ਮਾਨਸਿਕ ਕੁੰਠਾ ਸਰੀਰਕ ਰੋਗ ਵਿਚ ਪਰਿਵਰਤਿਤ ਹੋ ਜਾਂਦੀ ਹੈ। ਇਸਤਰੀ ਮੁਕਤੀ ਦੀ ਤਲਾਸ਼ ਵਿਚ ਸਿਰਜੀ ਕਹਾਣੀ ਮੈਨਗਰੂਵ ਦੀ ਸੰਧਿਆ,ਪਤੀ ਦੁਆਰਾ ਘਰ ਵਿਚ ਮਨੀਪਲਾਂਟ ਬਣਾ ਕੇ ਰੱਖੇ ਜਾਣ ਕਾਰਨ ਦਿਨੋ-ਦਿਨ ਸਿਮਟਣੀ ਸ਼ੁਰੂ ਹੋ ਜਾਂਦੀ ਹੈ। ਬਿਮਾਰ ਸੰਧਿਆ ਦੀ ਸੱਸ ਧਾਗੇ-ਤਵੀਤ ਕਰਵਾਉਂਦੀ ਹੈ ਪਰ ਡਾ.ਪ੍ਰਭਾਤ ਦੀਆਂ ਗੱਲਾਂ ਸੰਧਿਆ ਉੱਤੇ ਦਵਾ ਨਾਲੋਂ ਵੱਧ ਅਸਰ-ਅੰਦਾਜ਼ ਹੁੰਦੀਆਂ ਹਨ। ਭਾਵਨਾਵਾਂ ਦੇ ਨਿਕਾਸ ਦੀ ਘਾਟ ਕਈ ਵਾਰ ਵਿਆਕਤੀ ਨੂੰ ਗ਼ੈਰ-ਪ੍ਰਵਾਨਿਤ ਸਮਾਜਿਕ ਕਾਰਵਾਈਆਂ ਕਰਨ ਲਈ ਮਜਬੂਰ ਕਰ ਦਿੰਦੀ ਹੈ। ਘਰ ਵਿਚ ਰੱਖੀ ਪੂਜਾ ਵਿਚ ਜਦੋਂ ਰਾਧਾ ਬਣੀ ਸੰਧਿਆ, ਕ੍ਰਿਸ਼ਨ ਬਣੀ ਚੰਚਲ ਦੇ ਦੁਆਲੇ ਨੱਚਣਾ ਸ਼ੁਰੂ ਕਰਦੀ ਹੈ ਤਾਂ ਕਿੰਨਾਂ ਚਿਰ ਬਾਅਦ ਉਸ ਦੀਆਂ ਸੁੱਤੀਆਂ ਪੰਜੇ ਗਿਆਨ ਇੰਦਰੀਆਂ ਹਰਕਤ ਵਿਚ ਆਉਂਦੀਆਂ ਹਨ ਕਿਉਂਕਿ ਸਕੂਲ ਸਮੇਂ ਤੋਂ ਕੱਥਕ ਕਰਦੀ ਸੰਧਿਆ ਵਿਆਹ ਉਪਰੰਤ ਬੰਧਨਾਂ ਵਿਚ ਘਿਰ ਕੇ ਰਹਿ ਗਈ ਸੀ।

ਵਾਤਾਵਰਨ ਤਬਦੀਲੀ ਨਾਲ ਪਾਤਰ ਹਾਲਾਤ ਤਬਦੀਲੀ ਨੂੰ ਧੀਰ ਨੇ ਪ੍ਰਤੀਕਾਂ ਰਾਹੀਂ ਦਰਸਾਇਆ ਹੈ। ਗਮਲੇ ਥੱਲੇ ਉੱਲੀ ਲੱਗੀ ਹੋਣੀ ਤੇ ਸੰਧਿਆ ਦਾ ਆਪਣੇ ਮੂੰਹ ਉੱਤੇ ਠੰਢੇ ਪਾਣੀ ਦੇ ਛਿੱਟੇ ਮਾਰਨੇ,ਉਸਦੀ ਜੜ੍ਹ ਹੋ ਚੁੱਕੀ ਸੁਰਤ ਤੇ ਸੀਰਤ ਦੇ ਨਵੇਂ ਨਿਖਾਰ ਦੇ ਚਿੰਨ੍ਹ ਹਨ। ਸੰਤਰੀ ਫੁੱਲਾਂ ਵਾਲੀ ਵੇਲ ਵਿਚ ਨਵੀਂ ਮਿੱਟੀ ਭਰ ਕੇ ਉਸ ਨਾਲ ਕਾਨਾ ਗੱਡਣਾ, ਸੰਧਿਆ ਵਿਚ ਬਦਲਾਵ ਅਤੇ ਡਾ.ਪ੍ਰਭਾਤ ਨੂੰ ਆਪਣੇ ਸਾਥ ਵਜੋਂ ਅਪਣਾਉਣ ਦਾ ਸੰਕੇਤ ਕਰਦੇ ਹਨ। 'ਮੈਨਗ੍ਰੂਰਵ' ਦਰਖ਼ਤ ਦੇ ਹਵਾਲੇ ਨਾਲ ਸੰਦੇਸ਼ ਦਿੱਤਾ ਗਿਆ ਹੈ ਕਿ ਹਮੇਸ਼ਾਂ ਧਰਤੀ ਦੇ ਹੇਠਾਂ ਰਹਿਣ ਵਾਲੀਆਂ ਜੜ੍ਹਾਂ(ਇਸਤਰੀਆਂ) ਨੂੰ ਜਦੋਂ ਹਵਾ ਨਹੀਂ ਮਿਲਦੀ ਤਾਂ ਉਹ ਚਿੱਕੜ(ਘਰ/ਸਮਾਜ) ਵਿਚੋਂ ਬਾਹਰ ਨੂੰ ਫੁੱਟ(ਵਿਦਰੋਹ ਕਰਨਾ) ਪੈਂਦੀਆਂ ਹਨ। ਸੰਧਿਆ ਦਾ ਡਾ.ਪ੍ਰਭਾਤ ਨਾਲ ਘਰੋਂ ਭੱਜ ਜਾਣਾ ਅਤੇ ਰਜਨੀ ਦਾ ਤੀਸ਼ੇ ਦੀ ਦੁਕਾਨ ਤੋਂ ਨੌਕਰੀ ਛੱਡ ਦੇਣਾ, ਇਸ ਦੀਆਂ ਮੂਲਾਰਥ ਉਦਾਹਰਨਾਂ ਹਨ।

"ਮੈਂ ਤਾਂ ਘਰੇ ਅੱਜ ਸਿਉਂਣ ਵਾਲੀ ਮਸ਼ੀਨ ਲੈ ਕੇ ਜਾਊਂਗੀ..ਬੱਸ ਇਹ ਪੈਸੇ ਫੜਾ ਦੇ

ਛੇਤੀ..ਵਧੀਆ ਕੱਪੜੇ ਸਿਉਂ ਲੈਨੀ ਆਂ..ਦਸ ਪਾਸ ਵੀ ਕੀਤੀਆਂ ਨੇ..ਸ਼ਾਮ ਨੂੰ ਬਸਤੀ ਦੇ ਚਾਰ ਜਵਾਕ ਪੜ੍ਹਾ ਦਿਆ ਕਰੂੰਗੀ..ਚਾਰ ਪੈਸੇ ਘੱਟ ਸਹੀ ਪਰ ਇਹਨਾਂ ਦੀ ਗ਼ੁਲਾਮੀ ਨੀ ਹੁੰਦੀ।"ਰਜਨੀ ਬੋਲ ਰਹੀ ਸੀ। ਪੂਰਨ ਨੂੰ ਇੰਝ ਲੱਗਿਆ ਜਿਵੇਂ ਰਜਨੀ ਦਾ ਧੜ ਮੈਨਗੂਰਵ ਦੀ ਉਤਾਂਹ ਨੂੰ ਪੁੰਗਰਦੀ ਜੜ੍ਹ ਹੋਵੇ ਤੇ ਉੱਪਰ ਟੰਗਿਆ ਰਜਨੀ ਦਾ ਸਿਰ।5

ਮਨੁੱਖ ਨਾਲੋਂ ਮਨੁੱਖ ਦੀਆਂ ਅੰਤਰ ਪ੍ਰੇਰਨਾਵਾਂ ਬਲਵਾਨ ਹੋਣ ਕਾਰਨ,ਉਹ ਅਕਸਰ ਹੀ ਸੀਮਿਤ ਸਮਾਜਿਕ ਦਾਇਰਾ ਪਾਰ ਕਰਨ ਦੀ ਚੇਸ਼ਟਾ ਕਰਦਾ ਰਿਹਾ ਹੈ।ਅਨੰਤ ਕਥਾ ਕਹਾਣੀ ਦੀ ਪਾਤਰ ਕਲਪਨਾ ਵੀ ਚੇਤਨ-ਅਚੇਤਨ ਤੋਂ ਪ੍ਰਭਾਵਿਤ ਹੋ ਕਰਾਂ ਕਿ ਨਾ ਕਰਾਂ ਦੀ ਦਵੰਦਮਈ ਸਥਿਤੀ ਵਿਚ ਪੈਂਦੀ ਹੈ।ਟਾਕਰਵੀਆਂ ਮਨੋਸਥਿਤੀਆਂ ਦੇ ਤਹਿਤ ਦਹਿਲੀਜ਼ਾਂ ਲੰਘ ਕੇ,ਨਵੇਂ ਉਤਸ਼ਾਹ ਨਾਲ ਵਾਪਸ ਮੁੜ ਆਈ ਕਲਪਨਾ ਦੀ ਕਥਾ ਨਿਰੰਤਰਤਾ ਨੂੰ ਫੜਦੀ ਹੋਈ, ਈਗੋ ਨੂੰ ਮਾਰ ਕੇ ਸੁਪਰਈਗੋ ਨੂੰ ਪਹੁੰਚਦੀ ਹੈ।

ਸਾਹਿਤ ਦੀ ਸ਼ੌਕੀਨ, ਪੜ੍ਹੀ-ਲਿਖੀ ਕਲਪਨਾ ਨੂੰ ਘੱਟ ਪੜ੍ਹੇ ਸ਼ਰਾਬੀ ਦੁਕਾਨਦਾਰ ਨਾਲ ਵਿਆਹ ਕੇ ਸੋਨੇ ਦੀਆਂ ਜ਼ੰਜੀਰਾਂ ਵਿਚ ਨਰੜ ਦਿੱਤਾ ਜਾਂਦਾ ਹੈ।ਬਚਪਨ ਤੋਂ ਲੱਗਦੀਆਂ ਆਈਆਂ ਪਾਬੰਦੀਆਂ(ਹਮੇਸ਼ਾ ਚੁੰਨੀ ਲੈ ਕੇ ਰੱਖਣੀ, ਵਾਲ ਖੁੱਲ੍ਹੇ ਨਹੀਂ ਛੱਡਣੇ,ਬੂਹੇ ਵਿਚ ਨਹੀਂ ਖੜ੍ਹਨਾ ਆਦਿ)ਤੋਂ ਨਿਜ਼ਾਤ ਪਾਉਣ ਲਈ ਕਲਪਨਾ ਵੀ ਸਹਿਜੇ ਹੀ ਇਸ ਰਿਸ਼ਤੇ ਨੂੰ ਹਾਂ ਕਰ ਦਿੰਦੀ ਹੈ। ਉਸ ਨੇ ਆਪਣੀ ਆਉਣ ਵਾਲੀ ਜ਼ਿੰਦਗੀ ਦੇ ਸਬਜ਼ਬਾਗੀ ਨਕਸ਼ ਕਿਆਸਦਿਆਂ, ਜ਼ਿੰਦਗੀ ਦੇ ਹਸੀਨ ਪੰਨਿਆਂ ਉੱਤੇ ਖ਼ੂਬਸੂਰਤ ਇਬਾਰਤਾਂ ਉੱਕਰ ਲਈਆਂ ਹੋਈਆਂ ਸਨ ਪਰ ਹਕੀਕਤ ਉਸਨੂੰ ਅਸਮਾਨ ਤੋਂ ਧਰਤੀ 'ਤੇ ਲਿਆ ਸੁੱਟਦੀ ਹੈ। ਪਤੀ ਨਾਲ ਨਾ ਬਣਦੀ ਹੋਣ ਉੱਤੇ ਵੀ,ਉਸ ਨੇ ਆਪਣੇ ਬੇਤਰਤੀਬੇ ਘਰ ਨੂੰ ਤਰਤੀਬ ਵਿਚ ਲਿਆਉਂਦਿਆਂ ਆਪਣੀ ਹੋਂਦ ਦੇ ਨਕਸ਼ੇ ਨੂੰ ਹੀ ਬੇਤਰਤੀਬ ਕਰ ਲਿਆ ਸੀ ਪਰ ਸਾਹਿਤਕਾਰ ਜੀਵਨ ਨਾਲ ਹੋਈ ਮਿਲਣੀ, ਕਲਪਨਾ ਦੇ ਵਜੂਦ ਨੂੰ ਕਥਾ ਵਿਚ ਉਸਾਰਦੀ ਹੋਈ ਉਸ ਦੇ ਡਰ ਦੇ ਗਲਾਫ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

ਜਦੋਂ ਮੈਂ ਕਿਸੇ ਨਵੀਂ ਜ਼ਿੰਦਗੀ ਦੀ ਕਲਪਨਾ ਕਰਦੀ ਤਾਂ ਮੇਰੇ ਅੰਦਰ ਕਰੂੰਬਲਾਂ ਫੁੱਟਣ ਲੱਗ ਪਈਆਂ..ਮੈਂ ਹੌਲੀ-ਹੌਲੀ ਬਦਲਣ ਲੱਗ ਪਈ.. ਪਤਾ ਨਹੀਂ ਕਿਉਂ ਏਨੀ ਜ਼ਾਲਿਮ ਹੁੰਦੀ ਜਾ ਰਹੀ ਸੀ..ਸ਼ੂਕਦੇ ਪਾਣੀ ਵਾਂਗ ਸਭ ਕੁਝ ਤਹਿਸ-ਨਹਿਸ ਕਰ ਸਕਦੀ ਸੀ। ਮੇਰੇ ਅੰਦਰ ਇੱਛਾ ਤੇ ਮਰਿਆਦਾ ਦਾ ਯੁੱਧ ਚੱਲ ਪਿਆ..ਇੱਛਾ ਜਿੱਤ ਗਈ ਤੇ ਮਰਿਆਦਾ ਹਾਰ ਗਈ..ਮੈਂ ਆਪਣੇ ਕਦਮ ਘਰੋਂ ਬਾਹਰ ਵੱਲ ਪੁੱਟ ਲਏ।6

ਮਨੁੱਖੀ ਸੁਭਾਅ ਆਲੇ-ਦੁਆਲੇ ਦੀ ਪ੍ਰਕਿਰਤੀ ਦਾ ਅੰਗ ਹੁੰਦਾ ਹੋਇਆ ਵੀ ਵਿਅਕਤੀਗਤ ਹੈ ਜਿਸ ਕਾਰਨ ਕਈ ਵਾਰ ਕਹਾਣੀ ਦਾ ਅੰਤ ਚੱਲਦੀ ਕਥਾ ਤੋਂ ਉਲਟ-ਸੰਭਾਵੀ ਹੋ ਨਵੀਆਂ ਪ੍ਰਤੀਧੁਨੀਆਂ ਸਿਰਜਦਾ ਹੋਣ ਕਾਰਨ ਸਮਾਪਤੀ-ਬਿੰਦੂ ਉੱਤੇ ਪਹੁੰਚ ਕੇ ਵੀ ਕਹਾਣੀ ਖ਼ਤਮ ਨਹੀਂ ਹੋਣ ਦਿੰਦਾ ਹੈ। ਕਹਾਣੀ ਦੇ ਸ਼ਿਖ਼ਰ-ਬਿੰਦੂ ਉੱਤੇ ਪਹੁੰਚ ਕੇ ਕਲਪਨਾ ਸਭ ਬੰਧਨ ਤੋੜ ਕੇ ਆਪਣੀ ਸੁਪਨਮਈ ਜ਼ਿੰਦਗੀ ਨੂੰ ਮਾਣਦੀ ਅਗਾਂਹ ਤੁਰ ਤਾਂ ਪੈਂਦੀ ਹੈ ਪਰ ਉਸ ਦੇ ਵਜੂਦ ਦਾ ਇਕ ਹਿੱਸਾ,ਉਸਦੇ ਸਰੀਰ ਦਾ ਅੰਸ਼, ਉਸ ਦਾ ਪੁੱਤਰ,ਉਸ ਦੀ ਵਾਪਸੀ ਦਾ ਕਾਰਨ ਬਣ ਜਾਂਦਾ ਹੈ।

ਇਸ ਪ੍ਰਕਾਰ ਸੁਚੇਤ ਤੌਰ 'ਤੇ ਮੁੱਖ ਪਾਤਰਾਂ ਦਾ ਪ੍ਰਤੀਕਾਤਮਕ ਨਾਮਕਰਨ ਕਰਦੀ ਵਿਸ਼ਵ ਜਯੋਤੀ ਧੀਰ ਆਪਣਿਆਂ ਪਾਤਰਾਂ ਉੱਤੇ ਸਥਿਤੀ ਸ਼ਕਤੀ ਨੂੰ ਹਾਵੀ ਨਹੀਂ ਹੋਣ ਦਿੰਦੀ ਹੈ।

ਸਰਬਗਿਆਤਾ ਅਤੇ ਸੀਮਤ ਗਿਆਤਾ ਬਿਰਤਾਂਤਕਾਰ ਦੇ ਆਧਾਰ 'ਤੇ ਧੀਰ ਦੁਆਰਾ ਰਚੀਆਂ ਇਹ ਕਹਾਣੀਆਂ ਦੁਖਾਂਤਕ ਪੜਾਵਾਂ ਨੂੰ ਤੈਅ ਕਰਦੀਆਂ ਹੋਈਆਂ ਅੰਤ ਸੁਖਾਂਤਕ ਪੈਟਰਨ ਵਿਚ ਢਲਦੀਆਂ ਹਨ। ਉਹ ਆਪਣਿਆਂ ਪਾਤਰਾਂ ਨੂੰ ਦੁਬਿਧਾ ਦੀ ਹਾਲਤ ਵਿਚ ਛੱਡਣ ਦੀ ਥਾਂ, ਖ਼ਿਜ਼ਾਂ ਵਿਚੋਂ ਬਹਾਰ ਦਾ ਚਿਹਰਾ ਦਿਖਾਉਣ ਦੀ ਉਦੇਸ਼ਾਤਮਕਤਾ ਦੇ ਤਹਿਤ, ਉੱਤਮ ਜ਼ਿੰਦਗੀ ਦੇ ਪੱਖ ਦੀ ਹਮਾਇਤੀ ਬਣਦੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਵਿਸ਼ਵ ਜਯੋਤੀ ਧੀਰ, ਰਿਲੇਅ ਰੇਸ, ਨਵੀਂ ਕਹਾਣੀ : ਨਵੇਂ ਨਕਸ਼ ਭਾਗ-2, (ਸੰਪਾ.) ਦੇਸ ਰਾਜ ਕਾਲੀ, ਮੱਖਣ ਮਾਨ, ਪੰਨਾ 33.
2. ਡਾ. ਜਗਵਿੰਦਰ ਜੋਧਾ, ਇੱਛਾਮੁਖੀ ਵਿਰੋਧ ਦਾ ਬਿਰਤਾਂਤ : ਰਿਲੇਅ ਰੇਸ, ਨਵੀਂ ਕਹਾਣੀ : ਨਵੇਂ ਨਕਸ਼ ਭਾਗ-2,(ਸੰਪਾ.) ਦੇਸ ਰਾਜ ਕਾਲੀ, ਮੱਖਣ ਮਾਨ, ਪੰਨਾ 41.
3. ਵਿਸ਼ਵ ਜਯੋਤੀ ਧੀਰ, ਰਵਾਇਤ ਤੇ ਆਧੁਨਿਕਤਾ ਦੀ ਕਸ਼ਮਕਸ਼ 'ਚ ਤੜਪਦੇ ਲੋਕ, ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ),(ਸੰਪਾ.) ਰਜਨੀਸ਼ ਬਹਾਦਰ ਸਿੰਘ, ਪੰਨਾ 236.
4. ਵਿਸ਼ਵ ਜਯੋਤੀ ਧੀਰ, ਦਾਮਨ-ਏ-ਕੋਹ, ਅੱਖਰ, ਜਨਵਰੀ-ਫਰਵਰੀ, 2010, ਪੰਨੇ 85-86.
5. ਵਿਸ਼ਵ ਜਯੋਤੀ ਧੀਰ, ਮੈਨਗਰੂਵ, ਪ੍ਰਵਚਨ, ਜਨਵਰੀ-ਮਾਰਚ, 2011, ਪੰਨਾ 60.
6. ਵਿਸ਼ਵ ਜਯੋਤੀ ਧੀਰ, ਅਨੰਤ ਕਥਾ, ਹੁਣ, ਜਨਵਰੀ-ਅਗਸਤ, 2017, ਪੰਨਾ 107.


□□□


## ਲੇਖਕਾਂ ਨੂੰ ਬੇਨਤੀ

- **ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਰਾਹੀਂ samdarshi.punjabi@gmail.com 'ਤੇ ਭੇਜ ਸਕਦੇ ਹੋ। ਰਚਨਾਵਾਂ ਦੇ ਨਾਲ ਸੰਬੰਧਤ ਫੌਂਟ ਭੇਜਣ ਦੀ ਵੀ ਖੇਚਲ ਕਰੋ।**
- **ਰਚਨਾਵਾਂ ਦੇ ਨਾਲ ਆਪਣੀ ਹਾਲੀਆ ਫੋਟੋ ਅਤੇ ਆਪਣੇ ਬਾਰੇ ਪੂਰੀ ਜਾਣਕਾਰੀ ਵੀ ਭੇਜੋ। ਜਿਵੇਂ ਪਤਾ, ਫੋਨ ਨੰਬਰ, ਈ-ਮੇਲ ਐਡਰੈਸ ਆਦਿ।**

# ਸਵਰਾਜਬੀਰ ਦੇ ਨਾਟਕਾਂ ਵਿਚ ਵਰਣ-ਵਿਵਸਥਾ ਪ੍ਰਤੀਰੋਧ

*ਮਨਜਿੰਦਰ ਕੌਰ*

ਹਰ ਸਮਾਜ ਦੀ ਆਪਣੀ ਇੱਕ ਸੰਰਚਨਾ ਹੁੰਦੀ ਹੈ ਪਰ ਜਿਸ ਸੰਰਚਨਾ ਨੂੰ ਉਥੋਂ ਦੇ ਜਨਮੇ ਨਿਵਾਸੀ ਦੇਖਦੇ ਹਨ ਉਹ ਇਹੋ ਜਿਹੀ ਨਹੀਂ ਹੁੰਦੀ ਜਿਹੋ-ਜਿਹੀ ਸਮਾਜ-ਸ਼ਾਸਤਰੀ ਬਹੁਤ ਹੀ ਮਿਹਨਤ ਨਾਲ ਪ੍ਰਾਪਤ ਅਨੁਮਾਨਾਂ ਦੇ ਆਧਾਰ 'ਤੇ ਪ੍ਰਸਤੁਤ ਕਰਦੇ ਹਨ। ਭਾਰਤੀ ਸਮਾਜ-ਸ਼ਾਸਤਰੀਆਂ ਨੇ ਜਾਤੀ ਵਿਵਸਥਾ ਦੇ ਜਟਿਲ ਤੱਥਾਂ ਨੂੰ 'ਵਰਣ' ਦੀ ਮਰਿਆਦਾ ਵਿਚ ਸਮਝਣ ਦੀ ਚੇਸ਼ਟਾ ਕੀਤੀ ਹੈ। ਹਰ ਸਮਾਜ ਵਿਚ ਕੰਮਜ਼ੋਰ ਵਰਗ ਦੇ ਨਾਲ ਭੇਦ ਭਾਵ ਕੀਤਾ ਜਾ ਰਿਹਾ ਹੈ। ਭਾਰਤ ਵਿਚ ਇਹ ਭੇਦ ਭਾਵ ਜਾਤੀ ਵਿਵਸਥਾ ਦੇ ਮਾਧਿਅਮ ਨਾਲ ਕੀਤਾ ਜਾ ਰਿਹਾ ਹੈ। ਪ੍ਰਚਲਿਤ ਰੂਪ ਵਿਚ ਇਹ ਵਿਵਸਥਾ ਭਾਰਤੀ ਸਮਾਜ ਦੇ ਉੱਪਰ ਇੱਕ ਕਲੰਕ ਹੈ। ਸਚਿਦਾਨੰਦ ਸਿੰਨਹਾ ਅਨੁਸਾਰ :

> ਭਾਰਤੀ ਜਾਤੀ-ਵਿਵਸਥਾ ਦੀ ਗੱਲ ਕਰੀਏ ਤਾਂ ਇਹ ਸਿੱਧ ਹੁੰਦਾ ਹੈ ਕਿ ਵਿਭਿੰਨ ਜਾਤੀਆਂ ਦੇ ਵਿਚ ਪਰਸਪਰ ਨਫ਼ਰਤ ਅਤੇ ਵੈਰ ਦਾ ਜੋ ਭਾਵ ਹੈ ਉਸ ਦੇ ਪਿੱਛੇ ਦੋ ਮਿੱਥਾਂ ਅਰਥਾਤ ਕਾਲਪਨਿਕ ਸੱਚ ਦਾ ਸਭ ਤੋਂ ਵੱਡਾ ਹੱਥ ਹੈ। ਇਕ ਪਾਸੇ ਤਾਂ ਵਰਣ-ਵਿਵਸਥਾ ਦਾ ਬ੍ਰਾਹਮਣਵਾਦੀ ਸਿਧਾਂਤ ਹੈ ਜਿਸ ਦੇ ਅਨੁਸਾਰ ਕੁਝ ਲੋਕ ਜਨਮ ਤੋਂ ਹੀ ਸ਼੍ਰੇਸਟ ਹਨ ਅਤੇ ਸ਼੍ਰੇਸਟਤਾ ਉੱਚ ਜਾਤੀ ਵਿਚ ਪੈਦਾ ਹੋਣ ਨਾਲ ਹੀ ਮਿਲ ਜਾਂਦੀ ਹੈ।[1]

ਜਾਤੀ-ਵਿਵਸਥਾ ਦਾ ਆਧਾਰ ਵਰਣ-ਵਿਵਸਥਾ ਹੈ। ਵਰਣ-ਵਿਵਸਥਾ ਦਾ ਮੂਲ ਉਦੇਸ਼ ਇਹ ਸੀ ਕਿ ਹਰ ਵਿਅਕਤੀ ਨੂੰ ਉਸ ਦੀਆਂ ਇੱਛਾਵਾਂ ਦੀ ਪੂਰਤੀ ਕਰਨ ਦੇ ਲਈ ਉਪਯੁਕਤ ਵਾਤਾਵਰਨ ਦਿੱਤਾ ਜਾ ਸਕੇ। ਪਰੰਤੂ ਬ੍ਰਾਹਮਣਾਂ ਨੇ ਵਰਣ-ਵਿਵਸਥਾ ਨੂੰ ਜਨਮ ਆਧਾਰਿਤ ਸ਼ੋਸ਼ਣ ਦੀ ਵਿਵਸਥਾ ਬਣਾ ਦਿੱਤੀ ਜਿਸ ਨੇ ਹੁਣ ਜਾਤੀ ਵਿਵਸਥਾ ਦਾ ਰੂਪ ਲੈ ਲਿਆ।

ਵਰਣ-ਵਿਵਸਥਾ ਦੀ ਉਤਪਤੀ ਮਨੁੱਖ ਜਾਤੀ ਦੀ ਉਤਪਤੀ ਦੇ

*ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

ਨਾਲ ਹੀ ਮੰਨੀ ਜਾਂਦੀ ਹੈ। ਇਸ ਦੀ ਉਤਪਤੀ ਉਸ ਕਾਲਪਨਿਕ ਪੁਰਸ਼ ਦੇ ਵਿਭਿੰਨ ਅੰਗਾਂ ਤੋਂ ਹੋਈ ਦੱਸਦੇ ਹਨ – ਬ੍ਰਾਹਮਣ ਮੁੱਖ ਤੋਂ ਪੈਦਾ ਹੋਇਆ, ਖੱਤਰੀ ਭੁਜਾਵਾਂ ਤੋਂ, ਵੈਸ਼ ਜਾਂਘਾਂ ਤੋਂ ਅਤੇ ਸ਼ੂਦਰ ਪੈਰਾਂ ਤੋਂ ਅਤੇ ਵਰਣ-ਵਿਵਸਥਾ ਦੀ ਇਸ ਉਤਪਤੀ ਦੇ ਨਾਲ ਵਿਭਿੰਨ ਵਰਣਾਂ ਦੇ ਕੰਮ ਵੀ ਤੈਅ ਕਰ ਦਿੱਤੇ ਗਏ – ਬ੍ਰਾਹਮਣਾਂ ਦੇ ਜ਼ਿੰਮੇ ਪੂਜਾ-ਪਾਠ ਖੱਤਰੀਆਂ ਦੇ ਜ਼ਿੰਮੇ ਲੜਨ-ਝਗੜਣ ਅਤੇ ਸ਼ਾਸਨ ਕਰਨ ਦਾ, ਵੈਸ਼ਾਂ ਦੇ ਜ਼ਿੰਮੇ ਤਿੰਨੇ ਵਰਣਾਂ ਦੀ ਸੇਵਾ ਦਾ। ਇਸ ਸੰਬੰਧੀ ਐਮ.ਐਨ. ਸ੍ਰੀ ਨਿਵਾਸ ਲਿਖਦਾ ਹੈ:

ਸਾਧਾਰਣ ਵਿਅਕਤੀ ਵਰਣ ਦੀਆਂ ਜਟਿਲਤਾਵਾਂ ਤੋਂ ਅਣਜਾਣ ਹੈ। ਉਸ ਦੇ ਲਈ ਵਰਣ ਦਾ ਸਿੱਧਾ ਜਾਂ ਅਰਥ ਹੈ, ਹਿੰਦੂ ਸਮਾਜ ਦਾ ਚਾਰ ਕਰਮ ਵਿਚ ਵਿਭਾਜਨ, ਬ੍ਰਾਹਮਣ (ਪਰੰਪਰਾ ਤੋਂ ਹੀ ਪੁਜਾਰੀ) ਕਸ਼ੱਤਰੀ (ਸ਼ਾਸਕ ਜਾਂ ਸੈਨਿਕ) ਵੈਸ਼ (ਵਪਾਰੀ) ਅਤੇ ਸ਼ੂਦਰ (ਕਿਸਾਨ, ਸੇਵਕ)। ਇਹਨਾਂ ਵਿਚ ਪਹਿਲੀਆਂ ਤਿੰਨ ਜਾਤੀਆਂ ਮਹਤੱਵਪੂਰਨ ਹਨ ਕਿਉਂਕਿ ਇਹਨਾਂ ਜਾਤੀਆਂ ਦੇ ਪੁਰਸ਼ ਵੈਦਿਕ ਸੰਸਕਾਰ ਦੁਆਰਾ ਜਨੇਊ ਧਾਰਨ ਕਰਨ ਦੇ ਅਧਿਕਾਰੀ ਹਨ, ਜਦ ਕਿ ਸ਼ੂਦਰ ਨਹੀਂ ਹਨ।[2]

ਵਰਣ ਦਾ ਸ਼ਾਬਦਿਕ ਅਰਥ ਹੈ ਰੰਗ, ਜਿਸ ਦਾ ਮੂਲ ਰੂਪ ਤੋਂ ਪ੍ਰਯੋਗ ਆਰੀਆ ਤੇ ਦਾਸਾਂ ਦੇ ਵਿਚ ਅੰਤਰ ਸਪੱਸ਼ਟ ਕਰਨ ਦੇ ਲਈ ਹੁੰਦਾ ਹੈ। ਜਾਤੀ ਵਿਵਸਥਾ ਨਾਲ ਜੁੜਿਆ ਦੂਸਰਾ ਮਿੱਥਕ ਸ਼ੂਦਰਾਂ ਦੇ ਅਨੁਸਾਰ ਹੈ। ਇਸ ਮਿੱਥ ਦੇ ਅਨੁਸਾਰ ਪਿਛੜੀਆਂ ਜਾਤੀਆਂ ਬ੍ਰਾਹਮਣਾਂ ਦੀ ਸੋਚੀ-ਸਮਝੀ ਰਣਨੀਤੀ ਜਾਂ ਸਾਜ਼ਿਸ਼ ਦਾ ਸ਼ਿਕਾਰ ਬਣੀ ਹੈ। ਇਹ ਸਾਜ਼ਿਸ਼ ਉਹਨਾਂ ਨੂੰ ਨੀਵਾਂ ਕਰਨ ਦੀ ਸੀ। ਇਸ ਨਜ਼ਰੀਏ ਦੇ ਅਨੁਸਾਰ ਸ਼ੂਦਰ ਸਦਾ ਤੋਂ ਇਸ ਸਥਿਤੀ ਵਿਚ ਨਹੀਂ ਸਨ ਪਰ ਉਹਨਾਂ ਦੀ ਮੌਜੂਦਾ ਸਥਿਤੀ ਪੰਜ ਹਜ਼ਾਰ ਸਾਲ ਤੋਂ ਚਲ ਰਹੀ ਹੈ ਅਤੇ ਬ੍ਰਾਹਮਣ ਅਤੇ ਸ਼ੂਦਰਾਂ ਦੇ ਵਿਚ ਵੰਡ ਦੀ ਲਾਈਨ ਇਸ ਦੌਰਾਨ ਬਹੁਤ ਹੀ ਕਠੋਰ ਬਣੀ ਰਹੀ ਹੈ ਅਤੇ ਬ੍ਰਾਹਮਣਾਂ, ਦੇ ਝੂਠ ਦੇ ਆਧਾਰ 'ਤੇ ਹੀ ਟਿੱਕੀ ਰਹੀ ਹੈ। ਡਾ. ਸੇਵਾ ਸਿੰਘ ਅਨੁਸਾਰ :

ਇਸ ਤਰ੍ਹਾਂ ਬ੍ਰਾਹਮਣਵਾਦ ਇੱਕ ਸੱਤਾਮੂਲਕ ਵਿਚਾਰਧਾਰਾ ਹੈ। ਭਾਰਤ ਇਤਿਹਾਸ ਦੇ ਸਮੰਤੀ ਦੌਰ ਦੇ ਸਮਾਜਿਕ, ਆਰਥਕ ਸੰਸਥਾਨਾਂ ਦੀ ਵਿਚਾਰਧਾਰਕ ਜ਼ਰੂਰਤਾਂ ਦੇ ਮੱਦੇ ਨਜ਼ਰ ਇਸ ਦਾ ਉਦਭਵ ਹੋਇਆ ਹੈ। ਇਸ ਵਿਚਾਰਧਾਰਾ ਨੇ ਆਤਮਵਾਦ, ਕਰਮਵਾਦ, ਜਾਤੀਵਾਦ, ਪਿੱਤਰਸੱਤਾਵਾਦ ਆਦਿ ਵਿਚਾਰਧਾਰਕ ਸੰਸਥਾਵਾਂ ਦੇ ਮਾਧਿਅਮ ਰਾਹੀਂ ਇੱਥੋਂ ਦੇ ਕਿਸਾਨਾਂ, ਸ਼ਿਲਪੀਆਂ, ਸੇਵਾਕਰਮੀਆਂ ਅਰਥਾਤ ਸ਼ੂਦਰਾਂ ਨੂੰ ਕਾਬੂ ਵਿਚ ਬਣਾਈ ਰੱਖਣ ਲਈ ਰਾਜ ਸੱਤਾ ਨੂੰ ਬਹੁਤ ਯੋਗਦਾਨ ਦਿੱਤਾ ਹੈ।[3]

ਵਰਣ-ਵਿਵਸਥਾ ਦੇ ਦਮਨ, ਦਾਬੇ ਅਤੇ ਉਸ ਦੀ ਵਿਚਾਰਧਾਰਾ ਦੀਆਂ ਸੰਵਾਹਕ-ਸੰਸਥਾਵਾਂ ਪ੍ਰਤੀ ਅਜੋਕੇ ਚੇਤਨ ਹੋ ਰਹੇ ਮਨੁੱਖ ਦੇ ਪ੍ਰਤੀਰੋਧ ਨੂੰ ਦਰਸਾਉਣ ਵਾਲੇ ਸਵਰਾਜਬੀਰ ਦੇ ਕੁਝ ਨਾਟਕਾਂ ਉੱਪਰ ਇਸ ਖੋਜ-ਪੱਤਰ ਵਿਚ ਚਰਚਾ ਕਰਾਂਗੇ। ਨਾਟਕਕਾਰ ਸਵਰਾਜਬੀਰ ਨੇ ਆਪਣੇ ਨਾਟਕ 'ਕ੍ਰਿਸ਼ਨ', 'ਧਰਮਗੁਰੂ' ਅਤੇ 'ਮੇਦਨੀ' ਵਿਚ ਵੱਖ-ਵੱਖ ਪਾਤਰਾਂ ਰਾਹੀਂ ਵਰਣ-ਵਿਵਸਥਾ ਦੇ ਵਿਰੁੱਧ ਸੰਘਰਸ਼ ਨੂੰ ਪੇਸ਼ ਕੀਤਾ ਹੈ।

ਸਵਰਾਜਬੀਰ ਨੇ ਆਪਣੇ ਨਾਟਕਾਂ ਰਾਹੀਂ ਹਾਸ਼ੀਏ ਤੋਂ ਬਾਹਰ ਵਿਚਰਦੀਆਂ ਧਿਰਾਂ, ਜੋ ਕਿ ਸਵਰਨ ਜਾਤੀਆਂ ਅਤੇ ਕੁਲੀਨ ਵਰਗਾਂ ਦੁਆਰਾ ਦਬਾ ਕੇ ਮੌਨ ਕਰ ਦਿੱਤੀਆਂ ਗਈਆਂ ਸਨ ਨੂੰ

ਅਗਰਭੂਮੀ ਵਿਚ ਲਿਆਂਦਾ ਹੈ। ਉਸ ਨੇ ਆਪਣੇ ਨਾਟਕਾਂ ਅੰਦਰ ਭਾਰਤੀ ਇਤਿਹਾਸ ਅਤੇ ਮਿਥਿਹਾਸ ਨਾਲ ਸੰਬੰਧਿਤ ਪੁਰਾਤਨ ਕਥਾਵਾਂ ਨੂੰ ਪੇਸ਼ ਕੀਤਾ ਹੈ।

ਸਵਰਾਜਬੀਰ ਨੇ ਆਪਣੇ ਨਾਟਕਾਂ ਅੰਦਰ ਵਰਣ-ਵਿਵਸਥਾ ਦੀ ਸਮੱਸਿਆ ਦੀ ਇਤਿਹਾਸਕ ਪ੍ਰਕਿਰਿਆ ਨੂੰ ਘੋਖਣ ਦਾ ਯਤਨ ਕੀਤਾ ਹੈ। ਸਾਡੇ ਸਮਾਜ ਉੱਪਰ ਲਗਭਗ ਪਿਛਲੇ ਤਿੰਨ ਹਜ਼ਾਰ ਸਾਲਾਂ ਤੋਂ ਹੀ ਬ੍ਰਾਹਮਣਵਾਦੀ ਤਾਕਤਾਂ ਨੇ ਆਪਣੀ ਸਰਦਾਰੀ ਕਾਇਮ ਰੱਖੀ ਹੋਈ ਹੈ। ਜਦੋਂ ਆਰੀਆ ਲੋਕ ਬਾਹਰੋਂ ਆਏ ਤਾਂ ਉਹਨਾਂ ਨੇ ਇੱਥੋਂ ਦੇ ਮੂਲ ਵਾਸੀਆਂ ਨੂੰ ਹਰਾ ਕੇ ਉਹਨਾਂ ਉੱਪਰ ਆਪਣਾ ਗਲਬਾ ਬਣਾ ਲਿਆ ਅਤੇ ਉਹਨਾਂ ਨੂੰ ਆਪਣਾ ਗ਼ੁਲਾਮ/ਦਾਸ ਬਣਾ ਕੇ ਸਮਾਜਕ ਪ੍ਰਬੰਧ ਵਿਚੋਂ ਨਕਾਰਨਾ/ਛੇਕਣਾ ਸ਼ੁਰੂ ਕਰ ਦਿੱਤਾ। ਇਸ ਆਰਿਆਈ ਬ੍ਰਾਹਮਣੀ ਵਰਗ ਦੁਆਰਾ ਮੂਲਵਾਸੀਆਂ ਨੂੰ ਦਾਸਾਂ ਜਾਂ ਨਿਮਨ ਜਾਤੀ ਦਾ ਦਰਜਾ ਦੇਣ ਨਾਲ ਹੀ ਵਰਣ-ਵਿਵਸਥਾ ਦਾ ਆਰੰਭ ਹੁੰਦਾ ਹੈ। ਆਰੀਆ ਜਾਤੀ ਦੇ ਵਡੇਰਿਆਂ ਦੁਆਰਾ ਰਚੇ ਗਏ ਵੇਦਾਂ ਵਿਚ ਵੀ 'ਦਾਸ' ਅਤੇ 'ਦਸਯੂ' ਸ਼ਬਦ ਇਹਨਾਂ ਲੋਕਾਂ ਲਈ ਹੀ ਵਰਤਿਆ ਗਿਆ ਹੈ। ਇਸ ਪ੍ਰਬੰਧ ਨੂੰ ਹੋਰ ਪਕੇਰਾ ਕਰਨ ਲਈ ਧਾਰਮਕ ਅਤੇ ਮਿਥਿਹਾਸਕ ਕਥਾਵਾਂ ਦਾ ਸਹਾਰਾ ਲਿਆ ਗਿਆ ਸੀ। ਇਸ ਸੰਬੰਧੀ ਮਨਮੋਹਨ ਬਾਵਾ ਲਿਖਦਾ ਹੈ :

ਭਾਰਤ ਦੇ ਪ੍ਰਾਚੀਨ ਸਾਹਿਤ : ਵੇਦ, ਸਿਮ੍ਰਤੀਆਂ, ਜਾਤਕ ਕਥਾਵਾਂ ਆਦਿ 'ਚ 'ਗੁਲਾਮ' ਨੂੰ 'ਦਾਸ' ਸ਼ਬਦ ਨਾਲ ਜੋੜਿਆ ਜਾਂਦਾ ਹੈ। ਸੰਸਕ੍ਰਿਤ, ਪਾਲੀ ਭਾਸ਼ਾ 'ਚ ਇਹ ਇੱਕ ਵਰਗਾਗਤ ਸ਼ਬਦ ਹੈ ਜਿਸ ਨੂੰ ਵੱਖ-ਵੱਖ ਤਰ੍ਹਾਂ ਦੀ ਚਾਕਰੀ, ਅਧੀਨਤਾ ਲਈ ਵਰਤਿਆ ਗਿਆ ਹੈ। ਰਿਗਵੇਦ 'ਚ ਇਹ ਸ਼ਬਦ ਆਰੀਆ ਲੋਕਾਂ ਦੇ ਵਿਰੋਧੀ ਮੂਲ ਵਾਸੀਆਂ, ਅਣਆਰੀਆ ਲਈ ਵਰਤਿਆ ਜਾਂਦਾ ਸੀ। ਉੱਤਰ ਵੈਦਿਕ ਕਾਲ 'ਚ ਦਾਸ ਸ਼ਬਦ ਦੀ ਵਰਤੋਂ ਕਿਸੇ ਤੋਂ ਉਧਾਰ ਲੈਣ ਦੇ ਬਦਲੇ ਦਾਸਤਾ, ਬੰਧੂਆ ਮਜ਼ਦੂਰਾਂ ਜਾਂ ਘਰ ਦੀ ਚਾਕਰੀ ਕਰਨ ਵਾਲਿਆਂ ਲਈ ਵਰਤਿਆ ਜਾਣ ਲੱਗਾ।[4]

ਧਰਮ ਦੇ ਆਧਾਰ 'ਤੇ ਬ੍ਰਾਹਮਣ ਵਰਗ ਨੇ ਅਜਿਹੀ ਕਰਮਵਾਦੀ ਵਿਚਾਰਧਾਰਾ ਪੇਸ਼ ਕੀਤੀ ਕਿ ਦੱਬੇ ਕੁਚਲੇ ਲੋਕਾਂ ਨੂੰ ਵੀ ਇਹ ਵਿਸ਼ਵਾਸ ਦਿਵਾ ਦਿੱਤਾ ਕਿ ਇਹ ਉਹਨਾਂ ਦੇ ਕਰਮਾਂ ਦਾ ਫਲ ਜਾਂ ਹੋਣੀ ਹੈ, ਜਿਸ ਨੂੰ ਕੋਈ ਨਹੀਂ ਬਦਲ ਸਕਦਾ। ਇਸ ਪ੍ਰਕਾਰ ਕੁਲੀਨ ਵਰਗ ਜਾਂ ਸਵਰਨ ਜਾਤੀਆਂ ਨੇ ਆਪਣੀ ਵਿਚਾਰਧਾਰਾ ਦੇ ਗਲਬੇ ਰਾਹੀਂ ਇਕ ਵਿਸ਼ੇਸ਼ ਪ੍ਰਬੰਧ (ਵਰਣ-ਵਿਵਸਥਾ) ਨੂੰ ਉਸਾਰ ਕੇ ਆਮ ਲੋਕਾਂ ਦਾ ਹਰ ਤਰ੍ਹਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਭਾਰਤੀ ਸਮਾਜ ਅੰਦਰ ਦੋ ਸਭਿਆਚਾਰ, ਇਕ ਕੁਲੀਨ ਵਰਗ ਦਾ ਅਤੇ ਦੂਜਾ ਦਲਿਤ ਵਰਗ ਦਾ ਸਭਿਆਚਾਰ, ਪੈਦਾ ਹੋਣ ਸ਼ੁਰੂ ਹੋ ਜਾਂਦੇ ਹਨ। ਜਿਹਨਾਂ ਦਾ ਸੰਘਰਸ਼ ਸ਼ੁਰੂ ਤੋਂ ਹੀ ਚੱਲ ਰਿਹਾ ਹੈ ਪਰ ਸਥਾਪਤੀ ਦੀਆਂ ਚਾਲਾਂ ਸਾਹਮਣੇ ਦਲਿਤਾਂ ਨੂੰ ਹਮੇਸ਼ਾ ਹੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਸਵਰਾਜਬੀਰ ਨੇ ਆਪਣੇ ਨਾਟਕ 'ਕ੍ਰਿਸ਼ਨ' ਵਿਚ ਜਰਾ ਅਤੇ ਉਸ ਦੇ ਸਾਥੀ ਭੀਲਾਂ ਨੂੰ ਅਨ-ਆਰੀਆ ਜਾਂ ਮੂਲ-ਵਾਸੀਆਂ ਵਜੋਂ ਪੇਸ਼ ਕੀਤਾ ਹੈ, ਜੋ ਕਿ ਕ੍ਰਿਸ਼ਨ ਅਤੇ ਅਰਜਨ ਵਰਗੇ ਆਰੀਆ ਨਾਇਕਾਂ ਖ਼ਿਲਾਫ਼ ਜਾਤੀ ਤੇ ਜਮਾਤੀ ਸੰਘਰਸ਼ ਕਰ ਰਹੇ ਹਨ। ਕਿਉਂਕਿ ਕ੍ਰਿਸ਼ਨ ਤੇ

ਅਰਜਨ ਵਰਗੀਆਂ ਸ਼ਾਸ਼ਕ ਧਿਰਾਂ ਨੇ ਹੀ ਇਹਨਾਂ ਨੂੰ ਖਾਂਡਵ-ਦਾਹ ਵਰਗੀਆਂ ਜਾਬਰ ਤੇ ਅਮਾਨਵੀ ਘਟਨਾਵਾਂ ਰਾਹੀਂ ਆਪਣੇ ਅਧੀਨ ਕਰਕੇ ਦਾਨਵ/ਚੰਡਾਲ ਕਰਾਰ ਦੇ ਕੇ ਹਾਸ਼ੀਏ ਤੋਂ ਬਾਹਰ ਧੱਕ ਦਿੱਤਾ ਸੀ। ਇਸ ਤਰ੍ਹਾਂ ਭਾਰਤੀ ਪ੍ਰਸੰਗ ਅੰਦਰ ਦਲਿਤ ਦਮਨ ਮੁੱਢ ਤੋਂ ਹੀ ਚੱਲ ਰਿਹਾ ਹੈ। ਓਮ ਪ੍ਰਕਾਸ ਵਾਲਮੀਕੀ ਦੇ ਅਨੁਸਾਰ :

ਦਲਿਤਾਂ ਦਾ ਜੀਵਨ ਇੱਥੇ ਸਾਮਾਜਕ ਉਤਪੀੜਨ ਸ਼ੋਸ਼ਣ, ਦਮਨ ਨਾਲ ਭਰਿਆ ਹੋਇਆ ਹੈ ਉੱਥੇ ਵਿਵਸਥਾ ਦੇ ਨਾਮ ਉੱਤੇ ਲੱਦੀਆਂ ਗਈ ਮਰਿਅਦਾਵਾਂ, ਬੰਧਨ ਦਲਿਤ ਜੀਵਨ ਲਈ ਵਿਕਾਰ ਬਣ ਰਹੇ ਹਨ। ਆਰਥਕ ਮਜ਼ਬੂਰੀਆਂ ਅਤੇ ਅਨਿਸ਼ਚਿਤ ਸਥਿਤੀਆਂ ਨੇ ਦਲਿਤ ਜੀਵਨ ਨੂੰ ਨਰਕ ਬਣਾਇਆ ਹੈ।[5]

ਸਵਰਾਜਬੀਰ ਨੇ ਨਾਟਕ 'ਕ੍ਰਿਸ਼ਨ' ਅੰਦਰ ਮੂਲਵਾਸੀਆਂ/ਅਨ-ਆਰੀਆ ਦੀ ਜਨਜਾਤੀ ਵਿਦਰੋਹ ਦੀ ਕਥਾ ਨੂੰ ਆਧਾਰ ਬਣਾਇਆ ਹੈ। ਨਾਟਕਕਾਰ ਨੇ ਆਰੀਆ ਜਾਤੀ ਦੇ ਪ੍ਰਤੀਨਿੱਧ ਨਾਇਕ ਕ੍ਰਿਸ਼ਨ ਦੇ ਨਾਇਕਤਵ ਦਾ ਵਿਸਥਾਪਨ ਕਰਕੇ ਦਾਸ ਜਾਤੀ (ਵਰਣ) ਨਾਲ ਸੰਬੰਧ ਰੱਖਣ ਵਾਲੇ ਜਰਾ ਨੂੰ ਨਾਟਕ ਦੇ ਨਾਇਕ ਵਜੋਂ ਪੇਸ਼ ਕੀਤਾ ਹੈ ਜੋ ਕਿ ਜ਼ੁਲਮ ਦਾ ਸ਼ਿਕਾਰ ਹੋਏ ਵਣ-ਵਾਸੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਜਿਹਨਾਂ ਨੂੰ ਸਵਰਨ ਅਤੇ ਕੁਲੀਨ ਵਰਗ ਦੁਆਰਾ ਹਾਸ਼ੀਆਗਤ ਕਰ ਦਿੱਤਾ ਗਿਆ ਹੈ। ਇਸ ਨਾਟਕ ਬਾਰੇ ਸਵਰਾਜਬੀਰ ਕਹਿੰਦਾ ਹੈ:-

ਇਹ ਨਾਟਕ ਦੋ ਸਭਿਆਚਾਰਾਂ ਦੇ ਤਣਾਓ ਤੇ ਉਨ੍ਹਾਂ ਨਾਲ ਜੁੜੇ ਲੋਕ ਸਮਾਜਕ, ਰਾਜਸੀ ਤੇ ਸਭਿਆਚਾਰਕ ਪ੍ਰਸ਼ਨਾਂ ਨੂੰ ਉਘਾੜਦਾ ਹੈ। ਇਹ ਨਾਟਕ ਕ੍ਰਿਸ਼ਨ ਦੇ ਰਾਸ ਲੀਲ੍ਹਾ ਵਾਲੇ ਮਹਾਭਾਰਤ ਵਾਲੇ ਹੋਰ ਪੱਖ ਜਾਂ ਕਥਾਵਾਂ ਨੂੰ ਉਘਾੜਦਾ, ਸਗੋਂ ਵਣ-ਵਾਸੀਆਂ (ਜੋ ਆਰੀਆ ਨਹੀਂ) ਕ੍ਰਿਸ਼ਨ ਤੇ ਉਸ ਦੇ ਨਾਇਕ (ਆਰੀਆ) ਉਨ੍ਹਾਂ ਦੇ ਤਣਾਓ ਤੇ ਅਖ਼ੀਰ ਵਣ-ਵਾਸੀਆ ਦੀ ਜਿੱਤ ਨੂੰ ਉਘਾੜਦਾ ਹੈ।[6]

ਕ੍ਰਿਸ਼ਨ ਅਤੇ ਅਰਜੁਨ ਇਤਿਹਾਸਕ ਤੌਰ 'ਤੇ ਕੁਲੀਨਵਾਦੀ ਸਭਿਆਚਾਰ ਦੇ ਪ੍ਰਤੀਨਿੱਧ ਹਨ। ਉਹ ਨਾਗ, ਨਿਸ਼ਾਦ, ਭੀਲ, ਕਿਰਾਤ ਆਦਿ ਕਬੀਲਿਆਂ ਨੂੰ ਹਰਾ ਕੇ ਉਨ੍ਹਾਂ ਨੂੰ ਹਾਸ਼ੀਆਗ੍ਰਸਤ ਕਰ ਦਿੰਦੇ ਹਨ। ਉਹ ਹਰ ਜਾਇਜ਼-ਨਜਾਇਜ਼ ਤਰੀਕਾ ਵਰਤ ਕੇ ਉਹਨਾਂ ਨੂੰ ਆਪਣਾ ਗ਼ੁਲਾਮ ਬਣਾਉਣਾ ਚਾਹੁੰਦੇ ਹਨ।

ਕ੍ਰਿਸ਼ਨ:(ਫੈਸਲਾਕੁਨ ਤਰੀਕੇ ਨਾਲ) ਉਨ੍ਹਾਂ ਨੂੰ ਕਹੋ ਕਿ ਸੈਨਿਕ ਕਾਰਵਾਈ ਕਰਨ...ਵਿਦਰੋਹ ਕਰਨ ਵਾਲਿਆਂ ਨੂੰ ਕੁਚਲ ਦਿੱਤਾ ਜਾਏ ਕਿ ਸਭ ਲੋਕ ਆਪਣੇ-ਆਪਣੇ ਘਰਾਂ ਨੂੰ ਜਾਣ। ਲੁੱਟਮਾਰ ਤੇ ਮਾਰਧਾੜ ਕਰਨ ਵਾਲਿਆਂ ਨੂੰ ਕਠੋਰ ਤੋਂ ਕਠੋਰ ਦੰਡ ਦਿੱਤਾ ਜਾਏ।[7]

ਉਸ ਸਮੇਂ ਦੀ ਰਾਜਸੀ ਤੇ ਧਾਰਮਿਕ ਸੱਤਾ ਦੀ ਮਿਲੀਭੁਗਤ ਹੋਣ ਕਾਰਨ ਉਹ ਖਾਂਡਵ-ਵਣ ਨੂੰ ਅੱਗ ਲਗਾਕੇ ਉਹਨਾਂ ਦਾ ਸਮੂਹਿਕ ਕਤਲੇਆਮ ਕਰਦੇ ਹਨ ਅਤੇ ਇਸ ਸਭ ਨੂੰ ਦੈਵੀ ਪ੍ਰਕੋਪ ਆਖ ਦਿੰਦੇ ਹਨ। ਉਹ ਇਸ ਕਰਮ ਨੂੰ ਦੇਵਤਿਆਂ ਦੁਆਰਾ ਦਾਨਵਾਂ ਦਾ ਨਾਸ਼ ਕਹਿ ਕੇ ਵਡਿਆਉਂਦੇ ਹਨ। ਸਾਡੇ ਸਮਾਜ ਦੀ ਇਹ ਤ੍ਰਾਸਦੀ ਹੈ ਕਿ ਉਹਨਾਂ ਬੇਕਸੂਰ ਲੋਕਾਂ ਨੂੰ ਰਾਖਸ਼ ਕਿਹਾ ਜਾ ਰਿਹਾ ਹੈ ਜਿਹਨਾਂ ਨੂੰ ਘਰੋਂ ਬੇ-ਘਰੇ ਕਰ ਦਿੱਤਾ ਗਿਆ ਹੈ ਅਤੇ ਉਹ ਸੱਤਾਧਾਰੀ ਵਰਗ ਧਰਮ ਦੀ ਆੜ ਵਿਚ ਆਪਣੇ ਆਪ ਨੂੰ ਦੇਵਤੇ ਕਹਾਉਂਦੇ ਹਨ। ਇਸ ਭਰਮ ਚੇਤਨਾ ਨੂੰ ਜਰਾ

ਦੇ ਇਹ ਬੋਲ ਤੋੜਦੇ ਹਨ:

ਜਰਾ :...ਉਸ ਅੱਗ ਵਿਚ ਸਾਡੀਆਂ ਮਾਂਵਾਂ ਸਾਡੇ ਬਾਪ, ਸਾਡੇ ਭੈਣ ਭਰਾ, ਚਾਚੇ ਤਾਏ, ਬਾਲ ਬੱਚੇ...ਸਭ ਸੜ ਗਏ...ਸੜੇ ਨਹੀਂ ਸਾੜੇ ਗਏ।...ਅੱਗ ਹੀ ਅੱਗ...ਭਿਆਨਕ ਅੱਗ...ਚਾਰ ਚੁਫੇਰੇ ਅੱਗ, ਇਕ ਇਕ ਪੱਤਾ, ਇਕ ਇਕ ਰੁੱਖ ਅੱਗ ਹੋ ਗਿਆ।... ਮੈਂ ਅਜੇ ਵੀ ਅੱਗ ਦੇ ਉਸ ਦਰਿਆ ਵਿਚ ਸੜ ਰਿਹਾ ਹਾਂ।...ਤੇ ਛਲ ਦੀ ਅੱਤ ਵੇਖੋ...ਜਿਨ੍ਹਾਂ ਨੇ ਅੱਗਾਂ ਲਾਈਆਂ, ਕਹਿਰ ਢਾਇਆ...ਆਪਣੇ ਆਪ ਨੂੰ ਦੇਵ ਕਹਾਉਂਦੇ ਨੇ।...ਬੋਲਾਂ ਦਾ ਕੌਤਕ ਵੇਖੋ...ਉਹ ਮਨੁੱਖ ਹੋ ਗਏ...ਤੇ ਅਸੀਂ ਰਾਖਸ਼...ਬੋਲਾਂ ਦਾ ਕ੍ਰਿਸ਼ਮਾ...ਉਹ ਦੇਵਤੇ ਹੋ ਗਏ...ਤੇ ਅਸੀਂ ਦਾਨਵ।8

ਸਾਰੀ ਨਾਟਕੀ ਕਥਾ ਅੰਦਰ ਕ੍ਰਿਸ਼ਨ ਆਪਣਾ ਰਾਜਸੀ ਅਤੇ ਦੈਵੀ ਗਲਬਾ ਬਣਾਈ ਰੱਖਣਾ ਚਾਹੁੰਦਾ ਹੈ। ਉਹ ਆਪਣੇ ਆਪ ਨੂੰ ਭਗਵਾਨ ਮੰਨਦਾ ਹੋਇਆ ਸੰਸਾਰ ਦੀ ਹਰੇਕ ਵਸਤੂ ਦਾ ਆਦਿ ਅੰਤ ਆਪਣੇ ਆਪ ਨੂੰ ਮੰਨਦਾ ਹੈ। ਆਦਿ-ਕਾਲ ਤੋਂ ਹੀ ਸਮਾਜ ਅੰਦਰ ਵਰਣ-ਵਿਵਸਥਾ ਸਥਾਪਤ ਹੋ ਜਾਣ ਨਾਲ ਦਲਿਤ ਜਾਂ ਦਾਸ ਵਰਗ ਬਾਕੀ ਤਿੰਨਾਂ ਵਰਣਾਂ ਬ੍ਰਾਹਮਣ, ਖੱਤਰੀ ਤੇ ਵੈਸ਼ ਤੋਂ ਨਿਮਨ ਅਤੇ ਅਛੂਤ ਮੰਨਿਆ ਜਾਣ ਲੱਗਾ ਅਤੇ ਇਹਨਾਂ ਦੀ ਰਿਹਾਇਸ਼ ਵੀ ਪਿੰਡਾਂ ਤੋਂ ਬਾਹਰ ਹੀ ਨਿਸ਼ਚਿਤ ਕਰ ਦਿੱਤੀ ਗਈ। ਦੂਜੇ ਪਾਸੇ 'ਕ੍ਰਿਸ਼ਨ' ਨਾਟਕ ਦੇ ਪਾਤਰ ਜਰਾ ਤੇ ਹੋਰ ਭੀਲ, ਜੋ ਸੱਤਾਧਾਰੀ ਵਰਗ ਦੁਆਰਾ ਦਬਾਏ ਗਏ ਹਨ ਅਤੇ ਹਰ ਤਰ੍ਹਾਂ ਦੇ ਅਧਿਕਾਰਾਂ ਤੋਂ ਵਾਂਝੀ ਜ਼ਿੰਦਗੀ ਬਤੀਤ ਕਰ ਰਹੇ ਹਨ। ਉਹ ਆਪਣੀ ਇਸ ਸਥਿਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਕਿਉਂਕਿ ਉਹ ਇਸ ਸਭ ਲਈ ਸੱਤਾਧਾਰੀ ਵਰਗ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ। ਇਸ ਨਾਟਕ ਵਿਚ ਵੀ ਸੱਤਾਧਾਰੀ ਵਰਗ ਦੁਆਰਾ ਦਲਿਤਾਂ ਉੱਪਰ ਕੀਤੇ ਜਾ ਰਹੇ ਅਤਿਆਚਾਰਾਂ ਨੂੰ ਪੇਸ਼ ਕੀਤਾ ਹੈ ਪਰ ਦਲਿਤ ਵਰਗ ਸੱਤਾਧਾਰੀ ਵਰਗੇ ਦੇ ਅਤਿਆਚਾਰਾਂ ਦਾ ਬਦਲਾ ਲੈਣ ਲਈ ਤਿਆਰ ਹੋ ਰਿਹਾ ਹੈ। ਜਰਾ ਅਤੇ ਉਸ ਦੇ ਸਾਥੀ ਕੁਲੀਨ ਵਰਗ ਤੋਂ ਬਦਲਾ ਲੈਣ ਲਈ ਤਿਆਰ ਹੋ ਰਹੇ ਹਨ:-

ਜਰਾ : ਅਸੀਂ ਲੜਾਂਗੇ ਅਸੀਂ ਆਪ! ...ਅਸੀਂ ਬਚ ਕੇ ਵੀ ਸੜ ਰਹੇ ਆਂ!...ਤੇ ਇਹ ਅੱਗ ਓਨਾ ਚਿਰ ਨਹੀਂ ਬੁਝਣੀ, ਜਿੰਨਾ ਚਿਰ ਅਸੀਂ ਬਦਲਾ ਨਹੀਂ ਲੈ ਲੈਂਦੇ, ਬਦਲਾ ਲਏ ਬਿਨਾ ਮੇਰੇ ਵੀਰੋ! ਸਾਥੋਂ ਮਰਿਆ ਨਹੀਂ ਜਾਣਾ ! ਬਦਲਾ ਸਾਡੀ ਹੋਣੀ ਏ ! ...ਜਰਾ ਬਦਲਾ ਏ ਤੇ ਬਦਲਾ ਜਰਾ ਹੋਵੇਗਾ ! (ਉਹ ਉਹਨਾਂ ਨੂੰ ਵੰਗਾਰਦਾ ਹੈ) ਉੱਠੋ ! ਉੱਠੋ, ਵਣਾਂ ਦੇ ਪੁੱਤੋ ! ...ਉੱਠੋ ! ...ਉੱਠੋ, ਆਪਣੇ ਜਿਸਮ ਦੀ ਰਾਖ ਚੋ ! ...ਉੱਠੋ, ਆਪਣੀ ਹਾਰ ਦੀ ਨਮੋਸ਼ੀ ਚੋਂ ! ...ਉੱਠੋ ! ...ਮੇਰੇ ਨਾਲ ਆਓ ! ਆਓ, ਵਿਸ਼ ਬਣ ਕੇ ਉਨ੍ਹਾ ਦੇ ਪਾਣੀਆਂ 'ਚ ਘੁਲੀਏ ! ਉਨ੍ਹਾਂ ਦੇ ਸਾਹਾਂ 'ਚ ਉੱਤਰੀਏ ! ਆਓ ! ਆਓ, ਮਿੱਟੀ ਦੇ ਜਾਇਓ ! ਮੇਰੇ ਮਿੱਤਰੋ ! ਮੇਰੇ ਸਾਥੀਓ ! ਆਓ, ਬਦਲੇ ਦੀ ਸਹੁੰ ਖਾਈਏ ! ...ਆਓ ! ਆਪਣਾ ਜੰਗਲੀ ਨਾਚ ਨੱਚੀਏ ![9]

ਉਪਰੋਕਤ ਸਥਿਤੀ ਦਲਿਤ ਵਰਗ ਅੰਦਰ ਪੈਦਾ ਹੋਈ ਚੇਤਨਾ। ਜਾਗ੍ਰਿਤੀ ਦੀ ਹਾਮੀ ਭਰਦੀ ਹੈ। ਜਰਾ ਅਤੇ ਉਸ ਦੇ ਭੀਲ ਸਾਥੀ ਸੁਚੇਤ ਤੌਰ 'ਤੇ ਸੰਘਰਸ਼ ਲਈ ਤਿਆਰ ਹੋ ਜਾਂਦੇ ਹਨ। ਇਤਿਹਾਸ ਅੰਦਰ ਦਾਸ ਬਣੇ ਰਹਿਣ ਦੀ ਥਾਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਹੋ ਜਾਂਦਾ ਹੈ।

ਕ੍ਰਿਸ਼ਨ ਅਤੇ ਉਸ ਦੇ ਨਾਇਕ ਸੱਤਾ ਪ੍ਰਾਪਤੀ ਦੀ ਲਾਲਸਾ ਵੱਸ ਗ੍ਰਹਿ ਯੁੱਧ ਦਾ ਸ਼ਿਕਾਰ ਹੁੰਦੇ ਹਨ। ਦਲਿਤ ਵਰਗ ਕੋਲ ਇਕ ਸੁਨਹਿਰੀ ਮੌਕਾ ਹੱਥ ਆ ਜਾਂਦਾ ਹੈ, ਜਦੋਂ ਉਹ ਆਪਣਾ ਬਦਲਾ ਪੂਰਾ ਕਰ ਸਕਦੇ ਹਨ। ਇਸ ਯੁੱਧ ਅੰਦਰ ਜਰਾ, ਕ੍ਰਿਸ਼ਨ ਨੂੰ ਮਾਰ ਦਿੰਦਾ ਹੈ, ਜੋ ਕਿ ਇੱਕ ਤਰ੍ਹਾਂ ਨਾਲ ਦਲਿਤ ਵਰਗ ਦੁਆਰਾ ਸੱਤਾਧਾਰੀ ਵਰਗ ਉੱਪਰ ਜਿੱਤ ਦਾ ਪ੍ਰਤੀਕ ਹੈ। ਇਸ ਸਮੇਂ ਕ੍ਰਿਸ਼ਨ ਆਪਣੇ ਦੈਵੀ ਭਰਮ ਕਾਰਨ ਜਰਾ ਦੁਆਰਾ ਮੁਕਤੀ ਲਈ ਕੀਤੇ ਗਏ ਸੰਘਰਸ਼ ਨੂੰ ਨਕਾਰਦਾ ਹੈ। ਉਸ ਅਨੁਸਾਰ ਜੰਗਲੀ/ਦਲਿਤ ਵਰਗ ਕਦੇ ਵੀ ਉੱਪਰ ਨਹੀਂ ਉੱਠ ਸਕਦਾ।

ਕ੍ਰਿਸ਼ਨ : ਮੂਰਖ ਭੀਲ ! ਇਤਿਹਾਸ ਤੇਰੇ ਸ਼ਬਦਾਂ ਦਾ ਦੀਵਾ ਨਹੀਂ, ਜੋ ਤੇਰੇ ਕਹਿਣ ਤੇ ਜਗੇਗਾ ਤੇ ਤੇਰੇ ਕਹਿਣ ਤੇ ਬੁਝੇਗਾ ਇਤਿਹਾਸ ਮੈਂ ਹਾਂ! ਇਤਿਹਾਸ ਦਵਾਰਕਾ ਹੈ : ਜੰਗਲ ਵੀ ਕਦੇ ਇਤਿਹਾਸ ਹੋਇਐ? ਤੇਰੇ ਜੰਗਲ ਦਾ ਸਮਾਂ, ਵਣ-ਵਾਸੀ, ਮੁੱਕ ਚੁੱਕੈ!

ਜਰਾ : ਹੋ ਸਕਦੈ, ਇਹ ਸਮਾਂ ਸਾਡਾ ਸਮਾਂ ਨਾ ਹੋਵੇ! ਸਾਡੇ ਵਣਾਂ ਦਾ ਸਮਾਂ ਨਾ ਹੋਵੇ। ਪਰ ਇਹ ਪਲ ਮੇਰਾ ਹੈ। ਇਸ ਯੁੱਧ ਵਿਚ ਤੂੰ ਮੇਰੇ ਤੀਰ ਨਾਲ ਮਰ ਰਿਹੈ। ਇਹੀ ਇਸ ਪਲ ਦਾ ਸੱਚ ਐ ![10]

ਇਸ ਪ੍ਰਕਾਰ ਨਾਟਕਕਾਰ ਸਵਰਾਜਬੀਰ ਨੇ ਆਪਣੇ ਇਸ ਨਾਟਕ ਵਿਚ ਦਲਿਤ ਵਰਗ ਦੁਆਰਾ ਮੁਕਤੀ ਪ੍ਰਾਪਤੀ ਲਈ ਕੀਤੇ ਗਏ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਰਗ ਨੂੰ ਭਾਰਤੀ ਸਮਾਜਕ ਵਿਵਸਥਾ ਅੰਦਰ ਸੱਤਾਧਾਰੀ ਵਰਗ ਦੁਆਰਾ ਵਾਰ-ਵਾਰ ਕੁਚਲਿਆ ਜਾਂਦਾ ਰਿਹਾ ਹੈ।

ਵਰਣ-ਵਿਵਸਥਾ ਆਪਣੇ ਆਰੰਭਿਕ ਰੂਪ ਸਮੇਂ ਤਾਂ ਕੰਮ 'ਤੇ ਆਧਾਰਿਤ ਹੀ ਸੀ। ਕੋਈ ਵੀ ਵਿਅਕਤੀ ਆਪਣੇ ਬਾਹੂਬਲ ਅਤੇ ਯੋਗਤਾ ਸਦਕਾ ਉੱਚ ਵਰਗਾਂ ਅੰਦਰ ਹੋ ਸਕਦਾ ਸੀ ਪਰ ਹੌਲੀ-ਹੌਲੀ ਇਹ ਵਰਣ ਵਿਵਸਥਾ ਜਨਮ ਆਧਾਰਿਤ ਬਣਨੀ ਸ਼ੁਰੂ ਹੋ ਗਈ। ਇਸ ਸਾਰੀ ਪ੍ਰਕਿਰਿਆ ਅੰਦਰ ਅਖੌਤੀ ਸਵਰਨ-ਜਾਤੀਆਂ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ, ਜਿਹਨਾਂ ਨੇ ਆਪਣੇ ਸਵਾਰਥ ਹਿੱਤ ਹੀ ਇਹ ਵਰਤਾਰਾ ਹੋਂਦ ਵਿਚ ਲਿਆਂਦਾ ਸੀ। ਬ੍ਰਾਹਮਣ ਜਾਂ ਪ੍ਰੋਹਿਤ ਵਰਗ ਨੇ ਆਪਣੀ ਸਰਵਉੱਚਤਾ ਸਥਾਪਤ ਕਰਨ ਲਈ ਅਤੇ ਇਸ ਵਰਣ ਵਿਵਸਥਾ ਨੂੰ ਜਨਮ-ਜਾਤ ਬਣਾਉਣ ਲਈ ਇਸ ਨੂੰ ਧਰਮ ਦਾ ਨਾਂ ਦੇ ਦਿੱਤਾ। ਵੈਸ਼ ਅਤੇ ਸ਼ੂਦਰ/ਦਾਸ ਤਾਂ ਉਹਨਾਂ ਦੇ ਸੇਵਕਾਂ ਵਜੋਂ ਵਿਚਰਦੇ ਹੀ ਸਨ, ਇਸ ਰਾਹੀਂ ਉਹਨਾਂ ਨੇ ਕੁਲੀਨ-ਖੱਤਰੀ ਵਰਗ ਨੂੰ ਵੀ ਆਪਣੇ ਅਧੀਨ ਕਰ ਲਿਆ। ਜਿਸ ਕਾਰਨ ਰਾਜੇ-ਮਹਾਰਾਜੇ ਸੈਨਿਕ ਸ਼ਕਤੀ ਦੇ ਸੁਆਮੀ ਹੁੰਦੇ ਹੋਏ ਵੀ ਬ੍ਰਾਹਮਣ (ਧਰਮ ਗੁਰੂਆਂ) ਸਾਹਮਣੇ ਬੇਵੱਸ ਹੋ ਜਾਂਦੇ ਸਨ। ਇਸ ਬ੍ਰਾਹਮਣੀ ਵਰਣ-ਵਿਵਸਥਾ ਸੰਬੰਧੀ ਡਾ. ਸੇਵਾ ਸਿੰਘ ਲਿਖਦਾ ਹੈ :-

ਵਰਣ ਧਰਮ ਬ੍ਰਾਹਮਣੀ ਸਮਾਜ ਸ਼ਾਸਤਰ ਦਾ ਮੁੱਖ ਸਰੋਕਾਰ ਹੈ। ਇਸ ਸਮਾਜ ਸ਼ਾਸਤਰ ਦਾ ਸੱਤਾਮੂਲਕ ਪੱਖ ਇਹ ਹੈ ਕਿ ਧਰਮ ਸੂਤਰਾਂ ਅਤੇ ਅਰਥ ਸ਼ਾਸਤਰ ਤੋਂ ਲੈ ਕੇ ਸਾਰੇ ਬ੍ਰਾਹਮਣੀ ਗ੍ਰੰਥਾਂ ਵਿਚ ਰਾਜੇ ਦੇ ਜਿਸ ਕਰਤੱਵ ਉੱਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ ਉਹ ਹੈ ਵਰਣ ਉੱਤੇ ਆਧਾਰਿਤ ਸਾਮਾਜਕ ਵਿਵਸਥਾ ਦੀ ਰੱਖਿਆ। ਧਰਮ ਪਰਿਵਰਤਕ ਦੇ ਰੂਪ ਵਿਚ ਰਾਜਾ ਚਾਰੇ ਵਰਣ-ਵਿਵਸਥਾ ਦਾ ਰੱਖਿਅਕ ਹੈ। ਜਾਤੀ ਧਰਮ ਜਾਂ ਵਰਣ ਧਰਮ ਦਾ ਆਧਾਰ ਰਾਜ ਸ਼ਕਤੀ ਹੈ।

ਰਾਜ ਉਦੋਂ ਤੱਕ ਫਲ-ਫੁੱਲ ਸਕਦਾ ਹੈ ਜਦੋਂ ਤੱਕ ਵਰਣ ਦੀ ਸ਼ੁੱਧਤਾ ਕਾਇਮ ਰਹਿੰਦੀ ਹੈ। ਜੇਕਰ ਮਿਸ਼ਰਤ ਵਰਣ ਦੇ ਵਰਣ ਸ਼ੰਕਰ ਲੋਕ ਵਰਣ ਨੂੰ ਦੂਸ਼ਿਤ ਕਰਨਗੇ ਤਾਂ ਰਾਜ ਆਪਣੇ ਨਿਵਾਸੀਆਂ ਸਹਿਤ ਨਸ਼ਟ ਹੋ ਜਾਵੇਗਾ।[11]

ਅਜਿਹੀ ਸਥਿਤੀ ਨੂੰ ਸਵਰਾਜਬੀਰ ਨੇ ਆਪਣੇ ਨਾਟਕ 'ਧਰਮ ਗੁਰੂ' ਵਿਚ ਤ੍ਰਿਸ਼ੰਕੂ (ਸਤਿਆਵ੍ਰਤ) ਦੀ ਮਿਥਿਹਾਸਕ ਕਥਾ ਨੂੰ ਆਧਾਰ ਬਣਾ ਕੇ ਪੇਸ਼ ਕੀਤਾ ਹੈ। ਜਿਸ ਵਿਚ ਅਯੁੱਧਿਆ ਦਾ ਧਰਮ ਗੁਰੂ ਵਸ਼ਿਸ਼ਟ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਪ੍ਰਤੀਕ ਬਣ ਕੇ ਪੇਸ਼ ਹੋ ਰਿਹਾ ਹੈ। ਉਸ ਦੇ ਸਾਹਮਣੇ ਰਾਜਕੁਮਾਰ ਸਤਿਆਵ੍ਰਤ ਅਤੇ ਮਹਾਰਾਜ ਤ੍ਰਿਆਅਰੁਣ ਵਰਗੇ ਕੁਲੀਨ ਵਰਗ ਨਾਲ ਸੰਬੰਧ ਰੱਖਣ ਵਾਲੇ ਖੱਤਰੀ ਵੀ ਬੇਵੱਸ ਹਨ। ਉਹ ਆਪਣੀ ਖੁਸ਼ੀ/ਸੁਤੰਤਰਤਾ ਲਈ ਕੋਈ ਵੀ ਅਜਿਹਾ ਕਰਮ ਨਹੀਂ ਕਰ ਸਕਦੇ ਜੋ ਵਸ਼ਿਸ਼ਟ ਦੇ ਧਰਮ-ਕਰਮ ਤੋਂ ਬਾਹਰ ਹੋਵੇ। ਧਰਮ ਗੁਰੂ ਵਸ਼ਿਸ਼ਟ ਵਰਗਿਆਂ ਨੇ ਹੀ ਧਰਮ ਦੇ ਨਾਂ ਉੱਪਰ ਇਹ ਜਾਤੀ/ਵਰਣ ਪ੍ਰਥਾ ਕਾਇਮ ਕੀਤੀ ਅਤੇ ਉਸ ਨੂੰ ਧਰਮ ਜਾਂ ਪੁੰਨ-ਪਾਪ ਦੇ ਭੈਅ ਰਾਹੀਂ ਕਾਇਮ ਰੱਖਣ ਲਈ ਹਰ ਹੀਲਾ ਵਰਤਿਆ। ਇਸ ਸੰਬੰਧੀ ਧਰਮ ਗੁਰੂ ਵਸ਼ਿਸ਼ਟ ਦੇ ਵਿਚਾਰ ਇਸ ਤਰ੍ਹਾਂ ਹਨ:-

ਵਸ਼ਿਸ਼ਠ : ਧਰਮ ਉਹ ਹੈ, ਜਿਸ ਦੀ ਵਿਆਖਿਆ ਪ੍ਰਾਚੀਨ ਗ੍ਰੰਥਾਂ ਵਿਚ ਹੈ। ਵੇਦਾਂ ਤੇ ਧਰਮ ਸ਼ਾਸਤਰਾਂ ਵਿਚ ਹੈ। ਧਰਮ ਬ੍ਰਾਹਮਣ ਦਾ ਸ਼ਬਦ ਹੈ। ਜੋ ਮਨੁੱਖ ਇਸ ਦਾ ਪਾਲਣ ਕਰਦਾ ਹੈ, ਉਹ ਪੁੰਨ ਦਾ ਭਾਗੀ ਹੁੰਦਾ ਹੈ। ਉਸ ਨੂੰ ਪਾਰਬ੍ਰਹਮ ਪਰਮਾਤਮਾ ਤੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ। ਧਰਮ ਬਾਰੇ ਚਿੰਤਨ ਕਰਨਾ ਬ੍ਰਾਹਮਣ ਦਾ ਕਰਮ ਹੈ। ਕਸ਼ੱਤਰੀ ਦਾ ਧਰਮ ਹੈ, ਉਹ ਪਰਜਾ ਦੀ ਰੱਖਿਆ ਕਰੇ। ਵਿਉਪਾਰ, ਖੇਤੀ ਤੇ ਪਸ਼ੂ-ਪਾਲਣ ਵੈਸ਼ ਦਾ ਧਰਮ ਹੈ। ਸ਼ੂਦਰ ਦਾ ਕੰਮ ਹੈ, ਉਹ ਸਭ ਦੀ ਸੇਵਾ ਕਰੇ। ਧਰਮ ਸੂਰਜ ਵਾਂਗ ਲਿਸ਼ਕਦਾ ਹੈ।... ਧਰਮ ਨਿਰਮਲ ਧਾਰਾ ਹੈ।[12]

ਸ਼ੂਦਰਾਂ ਨੂੰ ਧਾਰਮਕ, ਸਮਾਜਕ ਅਤੇ ਆਰਥਕ ਅਧਿਕਾਰਾਂ ਤੋਂ ਵਾਂਝਿਆ ਕਰ ਦਿੱਤਾ ਗਿਆ ਹੈ। 'ਧਰਮ ਗੁਰੂ' ਨਾਟਕ ਵਿਚ ਲੋਕ ਜਦੋਂ ਧਰਮ ਗੁਰੂ ਵਸ਼ਿਸ਼ਠ ਦੇ ਆਸ਼ਰਮ ਵਿਚ ਆਪਣੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਨ ਲਈ ਪਹੁੰਚਦੇ ਹਨ ਤਾਂ ਉਹਨਾਂ ਵਿਚ ਇਕ ਸ਼ੂਦਰ ਹੋਣ ਕਾਰਨ ਬ੍ਰਾਹਮਣ ਵਰਗ ਇਹ ਭਰਮ ਪੈਦਾ ਕਰ ਦਿੰਦਾ ਹੈ ਕਿ ਉਹਨਾਂ ਦਾ ਵਿਰੋਧ ਤਾਂ ਭ੍ਰਿਸ਼ਟ ਹੋ ਗਿਆ ਹੈ। ਇਸ ਸਮੇਂ ਮੁੱਖ ਚੇਲੇ ਦੁਆਰਾ ਕੀਤਾ ਗਿਆ ਵਿਵਹਾਰ ਸ਼ੂਦਰਾਂ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰ ਜਾਂਦਾ ਹੈ।

ਕਰਮਚਾਰੀ:ਧਰਮ ਗੁਰੂ ਵਸ਼ਿਸ਼ਠ ਦਾ ਆਦੇਸ਼ ਹੈ ਕਿ ਮੰਤਰ-ਸਿੱਧ ਯੱਗ ਸਿਰਫ਼ ਤਿੰਨ ਉੱਚੇ ਵਰਣਾਂ ਦੇ ਲੋਕ ਹੀ ਕਰਾ ਸਕਦੇ ਹਨ। ਸ਼ੂਦਰ ਸਿਰਫ਼ ਮੰਤਰਹੀਣ ਯੱਗ ਹੀ ਕਰਾ ਸਕਦੇ ਹਨ। ਸ਼ੂਦਰ ਸਿਰਫ਼ ਮੰਤਰਹੀਣ ਯੱਗ ਹੀ ਕਰ ਸਕਦਾ ਹੈ। ਸਵਾਹਾਕਾਰ, ਵਸਟਾਕਾਰ ਤੇ ਮੰਤਰ ਉੱਤੇ ਸ਼ੂਦਰਾਂ ਦਾ ਅਧਿਕਾਰ ਨਹੀਂ। ਸ਼ੂਦਰ ਲਈ ਧਨ ਜਮ੍ਹਾਂ ਕਰਨਾ ਵੀ ਮਨ੍ਹਾ ਹੈ। ਉਹ ਤੇ ਉਸਦਾ ਧਨ ਉਸਦੇ ਦਿਵਜ ਮਾਲਕ ਦੀ ਹੀ ਸੰਪਤੀ ਹਨ ਕੋਈ ਵੀ ਸ਼ੂਦਰ ਨਾ ਤਾ ਵੇਦ ਅਤੇ ਧਰਮ-ਸ਼ਾਸਤਰ ਪੜ੍ਹ ਸਕਦਾ ਹੈ ਨਾ ਹੀ ਸੁਣ ਸਕਦਾ ਹੈ। ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਨੂੰ ਕੜਾ ਦੰਡ ਦਿੱਤਾ ਜਾਵੇਗਾ।[13]

ਮਨੂੰਵਾਦੀ ਵਿਚਾਰਧਾਰ ਨੇ ਵਰਣ-ਵੰਡ ਨੂੰ ਹੋਰ ਪਕੇਰਾ ਕਰਨ ਲਈ ਅੰਤਰਜਾਤੀ ਵਿਆਹ

ਦੀ ਮਨਾਹੀ ਕਰ ਦਿੱਤੀ। ਕੋਈ ਵੀ ਨੀਵੀਂ ਜਾਤ ਦਾ ਮਰਦ ਆਪਣੇ ਤੋਂ ਉੱਚੀ ਜਾਤ ਦੀ ਤੀਵੀਂ ਨਾਲ ਵਿਆਹ ਨਹੀਂ ਕਰ ਸਕਦਾ ਅਤੇ ਉੱਚੀ ਜਾਤ ਦਾ ਮਰਦ ਆਪਣੇ ਤੋਂ ਨੀਵੀਂ ਜਾਤ ਦੀ ਔਰਤ ਨਾਲ ਵਿਆਹ ਕਰਵਾ ਸਕਦਾ ਸੀ। ਇਸ ਪ੍ਰਕਾਰ ਜਾਤ ਪ੍ਰਥਾ ਹੋਰ ਵੀ ਕਠੋਰ ਹੋ ਚੁੱਕੀ ਸੀ ਅਤੇ ਸ਼ੂਦਰਾਂ ਦੀ ਸਮਾਜਕ ਸਥਿਤੀ ਬਦਤਰ ਹੋ ਚੁੱਕੀ ਸੀ। 'ਧਰਮਗੁਰੂ' ਨਾਟਕ ਵਿਚ ਬ੍ਰਾਹਮਣ ਕੰਨਿਆ ਚਿੱਤ੍ਰਲੇਖਾ ਕਸ਼ੱਤਰੀ ਰਾਜਕੁਮਾਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ ਪਰ ਧਰਮ ਗੁਰੂ ਵਸ਼ਿਸ਼ਠ ਵਰਗੇ ਇਸ ਵਿਆਹ ਨੂੰ ਧਰਮ ਦੇ ਵਿਰੁੱਧ ਮੰਨਦੇ ਹਨ। ਇੱਥੇ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਭਾਰਤੀ ਸਮਾਜ ਦੇ ਪ੍ਰਬੰਧ ਵਿਚ ਔਰਤ ਵੀ ਦਲਿਤ ਹੀ ਹੈ, ਚਾਹੇ ਉਹ ਕਿਸੇ ਵੀ ਵਰਨ ਨਾਲ ਸੰਬੰਧ ਰੱਖਦੀ ਹੋਵੇ। ਸੋ ਭਾਰਤੀ ਪ੍ਰਸੰਗ ਅੰਦਰ ਔਰਤ ਅਤੇ ਸ਼ੂਦਰ ਦੋਵੇਂ ਹੀ ਦਲਿਤ ਹਨ, ਵਸ਼ਿਸ਼ਠ ਦੇ ਹੇਠ ਲਿਖੇ ਬੋਲਾਂ ਤੋਂ ਇਹ ਸਥਿਤੀ ਸਪੱਸ਼ਟ ਹੁੰਦੀ ਹੈ।

ਵਸ਼ਿਸ਼ਠ: ਜੇ ਅਸੀਂ ਸਮਾਜ ਵਿਚ ਸਤ ਸਥਾਪਤ ਕਰਨੈ ਤਾਂ ਸਾਨੂੰ ਚਾਹੀਦੈ, ਇਸਤਰੀਆਂ ਦਾ ਪੁਰਸ਼ਾਂ ਦੇ ਮੇਲਿਆਂ 'ਚ ਜਾਣਾ ਮਨ੍ਹਾਂ ਕਰੀਏ। ਉਨ੍ਹਾਂ ਦੇ ਸੈਰ-ਸਪਾਟੇ ਬੰਦ ਕਰਾਈਏ, ਉਹ ਉਤੇਜਨਾ ਵਾਲੇ ਪਹਿਰਾਵੇ ਨਾ ਪਹਿਨਣ। ਪਤੀ ਦੀ ਆਗਿਆ ਤੋਂ ਬਿਨਾਂ ਉਹ ਘਰੋਂ ਨਾ ਨਿਕਲਣ...। ਇਸਤਰੀ ਲਈ ਪਤੀ ਹੀ ਯੱਗ ਹੈ, ਪਤੀ ਹੀ ਵ੍ਰਤ...। ...ਸ਼ੂਦਰ ਵੀ ਵਿਸ਼ੇਸ਼ ਸੰਜਮ ਤੋਂ ਕੰਮ ਲੈਣ। ਕੋਈ ਵੀ ਸ਼ੂਦਰ ਨਾ ਹੀ ਨਵੇਂ ਕੱਪੜੇ ਪਹਿਨਣ। ਸ਼ੂਦਰ ਆਪਣੇ ਦਿਵਜ ਮਾਲਿਕਾਂ ਦੇ ਉਤਾਰ ਹੀ ਪਹਿਨਣ ਤੇ ਉਨ੍ਹਾਂ ਦੀ ਸੇਵਾ ਕਰਨਾ।[14]

ਇਸ ਪ੍ਰਕਾਰ ਸਵਰਾਜਬੀਰ ਇਸ ਨਾਟਕ ਰਾਹੀਂ ਬ੍ਰਾਹਮਣਵਾਦੀ ਜਾਤੀ ਵਿਵਸਥਾ ਨੂੰ ਪੇਸ਼ ਕਰਕੇ ਦਲਿਤਾਂ ਦੀ ਪਛਾਣ ਕਰਵਾਉਂਦਾ ਹੈ ਅਤੇ ਉਹਨਾਂ ਕਾਰਨਾਂ ਨੂੰ ਵੀ ਪੇਸ਼ ਕਰਦਾ ਹੈ ਜਿਹਨਾਂ ਰਾਹੀਂ ਸਮਾਜ ਦੇ ਇੱਕ ਵਰਗ ਦੁਆਰਾ ਸ਼ੂਦਰ/ਦਾਸ/ਦਲਿਤ ਬਣਾ ਦਿੱਤਾ ਗਿਆ ਹੈ। ਰਾਜ ਕੁਮਾਰ ਸੱਤਿਆਵ੍ਰਤ ਖੱਤਰੀ ਹੁੰਦਾ ਹੋਇਆ ਵੀ ਦਲਿਤ ਵਰਗ ਦੀ ਤ੍ਰਾਸਦੀ ਹੰਢਾਅ ਰਿਹਾ ਹੈ। ਕਿਉਂਕਿ ਉਹ ਧਰਮ ਗੁਰੂ ਵਸ਼ਿਸ਼ਠ ਦੀ ਨਰਾਜ਼ਗੀ ਦਾ ਸ਼ਿਕਾਰ ਹੈ। ਉਸ ਨੂੰ ਸਾਰੇ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ ਅਤੇ ਅਖੌਤੀ ਦਲਿਤਾਂ ਨਾਲ ਜੰਗਲ ਵਿਚ ਰਹਿਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ।

ਧਰਮ ਅਤੇ ਵਰਣ - ਵਿਵਸਥਾ ਦੀ ਵਿਆਖਿਆ ਕਰਦਿਆਂ ਹੋਇਆ ਡਾ. ਸਰਬਜੀਤ ਸਿੰਘ ਲਿਖਦਾ ਹੈ:-

ਹਿੰਦੂ ਧਰਮ ਸਮਾਜ ਨੂੰ ਵਰਣ-ਵੰਡ ਰਾਹੀਂ ਵਿਭਾਜਤ ਕਰਕੇ ਮਨੁੱਖਾਂ ਅੰਦਰ ਉੱਚਤਾ-ਨੀਚਤਾ, ਪੁਨੀਤ-ਪਤਿਤ ਅਤੇ ਗੌਰਵ-ਹੀਣਤਾ ਨੂੰ ਨਿਆਂਇਕ ਬਣਾਉਂਦਾ ਹੈ। ਵਰਣ-ਵਿਧਾਨ ਸਮਾਜ ਅੰਦਰ ਮਨੁੱਖ ਦੀ ਦਰਜਾਬੰਦੀ ਨੂੰ ਧਰਮ ਰਾਹੀਂ ਸਹਿਜ, ਪ੍ਰਵਾਨਯੋਗ ਅਤੇ ਮੰਨਣਯੋਗ ਸਿੱਧ ਕਰਦਾ ਹੈ। ਜਿਸ ਮਨੁੱਖ ਦਾ ਵਰਣ ਉੱਚਾ ਹੈ ਉਸ ਦਾ ਵਿਹਾਰ ਕਿੰਨਾ ਵੀ ਲੋਕ ਵਿਰੋਧੀ, ਅਧਰਮੀ, ਮਨੁੱਖ ਵਿਰੋਧੀ ਹੋਵੇ, ਉਹ ਉੱਚਾ ਅਤੇ ਸੁੱਚਾ ਹੈ। ਇਸ ਅਨੁਸਾਰ ਮਨੁੱਖ ਦੀ ਹੋਂਦ ਅਤੇ ਸ਼ਖ਼ਸੀਅਤ ਉਸ ਦੇ ਵਿਹਾਰ ਰਾਹੀਂ ਨਹੀਂ ਸਗੋਂ ਵਰਣ ਰਾਹੀਂ ਨਿਰਧਾਰਤ ਹੁੰਦੀ ਹੈ। ਬ੍ਰਾਹਮਣੀਅਤ ਨੇ ਵਰਣ-ਵਿਵਸਥਾ ਵਿਚ ਆਪ ਸਰਬ ਉੱਚ ਥਾਂ ਪ੍ਰਾਪਤ ਕਰਕੇ ਬਾਕੀ ਦੇ ਵਰਣਾਂ ਨੂੰ ਦੁਜੈਲੇ ਸਥਾਨ ਉੱਤੇ ਰੱਖਿਆ ਹੈ।[15]

ਇਸ ਨਾਟਕ ਵਿਚ ਇਕ ਤੱਥ ਇਹ ਵੀ ਉੱਭਰਦਾ ਹੈ ਕਿ ਧਰਮ ਦੀ ਮਰਿਆਦਾ ਦੇ ਉਲੰਘਣ ਕਾਰਨ ਚੰਡਾਲ ਬਣ ਜਾਣ ਦੇ ਕਠੋਰ ਦੰਡ ਦੀ ਵਿਵਸਥਾ ਕੀਤੀ ਹੈ। ਪਰ ਸੱਤਿਆਵ੍ਰਤ ਇਸ ਬ੍ਰਾਹਮਣੀ ਮਰਿਆਦਾ ਤੋਂ ਨਾਬਰ ਹੋ ਜਾਂਦਾ ਹੈ ਅਤੇ ਦਲਿਤ ਵਰਗ ਦਾ ਪ੍ਰਤੀਨਿੱਧ ਬਣ ਕੇ ਇਸ ਵਰਗ ਦੀ ਮੁਕਤੀ ਲਈ ਸੰਘਰਸ਼ ਕਰਦਾ ਹੈ।

'ਧਰਮ ਗੁਰੂ' ਨਾਟਕ ਵਿਚ ਨਾਟਕਕਾਰ ਨੇ ਇੱਕ ਤੱਥ ਇਹ ਵੀ ਉਜਾਗਰ ਕੀਤਾ ਹੈ ਕਿ ਬ੍ਰਾਹਮਣੀ ਸੋਚ ਵਾਲੇ ਸਮਾਜ ਵਿਚ ਗਊ (ਨੰਦਨੀ) ਦੀ ਹੱਤਿਆ ਨੂੰ ਪਾਪ ਸਮਝਿਆ ਜਾਂਦਾ ਹੈ। ਗਊ ਹੱਤਿਆ ਕਰਨ ਵਾਲੇ ਸੱਤਿਆਵ੍ਰਤ ਨੂੰ ਦੰਡ ਵੀ ਦਿੱਤਾ ਜਾਂਦਾ ਹੈ ਪਰ ਇਕ ਸ਼ੂਦਰ ਦੀ ਹੱਤਿਆ ਕਰਨ ਵਾਲਾ ਕਿਸੇ ਵੀ ਤਰ੍ਹਾਂ ਦੇ ਪਾਪ ਤੋਂ ਮੁਕਤ ਹੁੰਦਾ ਹੈ। ਇਸ ਤੱਥ ਤੋਂ ਇਹ ਸਿੱਧ ਹੁੰਦਾ ਹੈ ਕਿ ਦਲਿਤ ਜਾਂ ਨਿਮਨ ਸ਼੍ਰੇਣੀ ਨੂੰ ਜਾਨਵਰਾਂ ਤੋਂ ਵੀ ਹੇਠਲਾ ਦਰਜਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਵਰਾਜਬੀਰ ਨੇ ਇਸ ਨਾਟਕ ਵਿਚ ਪ੍ਰਾਚੀਨ ਕਾਲ ਦੀ ਕਥਾ ਰਾਹੀਂ ਬ੍ਰਾਹਮਣਵਾਦੀ ਕਠੋਰ ਨਿਯਮਾਂਵਲੀ ਅਤੇ ਦਲਿਤ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਹੈ।

ਸਵਰਾਜਬੀਰ ਨੇ ਆਪਣੇ ਨਾਟਕ 'ਸ਼ਾਇਰੀ' ਵਿਚ ਉਨ੍ਹੀਵੀਂ ਸਦੀ ਦੀ ਪੰਜਾਬੀ ਸੂਫ਼ੀ ਸ਼ਾਇਰਾ ਪੀਰੋ ਅਤੇ ਸੰਤ ਗੁਲਾਬਦਾਸ ਦੇ ਜੀਵਨ ਦੇ ਵੇਰਵਿਆਂ ਨੂੰ ਆਧਾਰ ਬਣਾ ਕੇ ਔਰਤ ਅਤੇ ਸ਼ੂਦਰਾਂ ਦੇ ਦਲਿਤ ਜੀਵਨ ਨੂੰ ਪੇਸ਼ ਕੀਤਾ ਹੈ। ਆਇਸ਼ਾ ਕੋਟ ਮੁਹੰਮਦ ਖਾਂ ਪਿੰਡ ਦੇ ਤੇਲੀਆਂ ਦੀ ਕੁੜੀ ਹੈ, ਜੋ ਕਿ ਨਿਮਨ ਵਰਗ ਨਾਲ ਸੰਬੰਧ ਰੱਖਦੇ ਹਨ। ਉਹ ਆਪਣੀ ਅਜ਼ਾਦੀ ਦੇ ਸੁਪਨੇ ਨੂੰ ਹਰ ਹੀਲੇ ਨਾਲ ਪੂਰਾ ਕਰਨਾ ਚਾਹੁੰਦੀ ਹੈ, ਇਸ ਲਈ ਉਹ ਪਿੰਡ ਦੇ ਮੌਲਵੀ ਤੋਂ ਤਾਲੀਮ ਲੈਂਦੀ ਹੈ, ਸ਼ਾਇਰੀ ਕਰਦੀ ਹੈ, ਘਰੋਂ ਭੱਜਦੀ ਹੈ, ਇਲਾਹੀ ਬਖ਼ਸ਼ ਨਾਲ ਰਹਿੰਦੀ ਹੈ ਅਤੇ ਫਿਰ ਪੀਰਾਂ-ਫਕੀਰਾਂ ਨਾਲ ਅਧਿਆਤਮਕ ਜੀਵਨ ਵੀ ਜਿਉ ਕੇ ਵੇਖਦੀ ਹੈ ਪਰ ਸਾਡੇ ਸਮਾਜ ਅੰਦਰ ਇੱਕ ਔਰਤ ਤੇ ਉਹ ਵੀ 'ਸ਼ੂਦਰ ਨਾਰੀ' ਦੀ ਅਜ਼ਾਦੀ ਨੂੰ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਸੀ। ਸਵਰਾਜਬੀਰ ਨੇ ਇਸ ਨਾਟਕ ਰਾਹੀਂ ਬੀਤੇ ਸਮੇਂ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਵਰਤਮਾਨ ਸਮਾਜਕ ਸੰਰਚਨਾ ਦੀ ਗੁੰਝਲ ਨੂੰ ਪੇਸ਼ ਕੀਤਾ ਹੈ। ਔਰਤ ਦੀ ਸਥਿਤੀ ਸੰਬੰਧੀ ਕਾਸ਼ੀਨਾਥ ਅੰਬਲਗੇ ਦੇ ਵਿਚਾਰ ਇਸ ਤਰ੍ਹਾਂ ਹਨ:

ਔਰਤ ਇਸ ਸੰਸਾਰ ਦੀ ਸਰਵਪ੍ਰਥਮ ਦਲਿਤ ਹੈ। ਇਸ ਪੁਰਸ਼ ਪ੍ਰਧਾਨ ਸਮਾਜ ਵਿਚ ਵਿਅਕਤੀਤਵ ਵਿਕਾਸ ਦੇ ਸਭ ਪ੍ਰਕਾਰ ਦੇ ਕਾਰਜਾਂ ਤੋਂ ਉਹ ਵੰਚਿਤ ਰਹੀ ਹੈ। ਉਹ ਭੋਗ ਦੀ ਵਸਤੂ ਮੰਨੀ ਗਈ ਹੈ।[16]

ਇਸ ਨਾਟਕ ਦੀ ਪਾਤਰ ਆਇਸ਼ਾ ਜਾਤ ਦੀ ਤੇਲੀ ਹੈ ਜੋ ਕਿ ਆਪਣੇ ਆਪ ਨੂੰ ਸ਼ੂਦਰ ਆਖਦੀ ਹੈ 'ਲੋਕੀਂ ਤੇ ਸਾਨੂੰ ਸ਼ੂਦਰ ਵੀ ਕਹਿੰਦੇ ਨੇ।' ਰਹਿਮਤ ਆਪ ਆਇਸ਼ਾ ਨੂੰ ਸਮਝਾਉਂਦਾ ਹੈ ਕਿ ਮੁਸਲਮਾਨ ਜਾਤ-ਪਾਤ ਨੂੰ ਨਹੀਂ ਮੰਨਦੇ। ਉਸ ਸਮੇਂ ਦੇ ਜਾਗੀਰਦਾਰੀ ਸਮਾਜ ਅੰਦਰ ਸ਼ੂਦਰ ਅਤੇ ਔਰਤ ਦੋਹਾਂ ਦੀ ਹਾਲਤ ਬਹੁਤ ਤਰਸਯੋਗ ਸੀ। ਆਇਸ਼ਾ ਨੂੰ ਵੀ ਆਪਣੀ ਨੀਵੀਂ ਜਾਤ ਕਾਰਨ ਹਰ ਥਾਂ ਜ਼ਲੀਲ ਹੋਣਾ ਪੈਂਦਾ ਸੀ। ਕਿਉਂਕਿ ਇਸ ਸਮਾਜ ਅੰਦਰ ਔਰਤ ਸਿਰਫ਼ ਭੋਗ ਵਿਲਾਸ ਦੀ ਵਸਤੂ ਹੀ ਸਮਝੀ ਜਾਂਦੀ ਸੀ। ਮਨਮੋਹਨ ਬਾਵਾ ਅਨੁਸਾਰ :-

ਇਸਤਰੀ ਨੂੰ ਕੇਵਲ ਇੱਕ ਭੋਗ ਵਿਲਾਸ ਦੀ ਵਸਤੂ ਸਮਝਿਆ ਗਿਆ ਹੈ ਜਿਸ ਦੁਆਰਾ

ਉਸ ਦਾ ਮਾਲਕ ਮਨੋਰੰਜਨ ਹਾਸਲ ਕਰਦਾ ਹੈ। ਉਸ ਦੇ ਸਰੀਰ ਦਾ ਮਾਲਕ ਹੀ ਉਸ ਦਾ ਪਤੀ ਹੈ। ਉਹ ਉਸ ਨੂੰ ਜੂਏ ਦੇ ਦਾਅ 'ਤੇ ਲਾ ਸਕਦਾ ਹੈ, ਗਿਰਵੀ ਰੱਖ ਸਕਦਾ ਹੈ, ਖਰੀਦ-ਵੇਚ ਸਕਦਾ ਹੈ, ਯਗ ਸਮੇਂ ਕਿਸੇ ਬ੍ਰਾਹਮਣ ਨੂੰ ਦੱਖਣਾ ਦੇ ਤੌਰ 'ਤੇ ਭੇਟ ਕਰ ਸਕਦਾ ਹੈ, ਕਿਸੇ ਮਹਿਮਾਨ ਨੂੰ ਸੌਗਾਤ ਦੇ ਤੌਰ 'ਤੇ ਦੇ ਸਕਦਾ ਹੈ, ਰਾਜਾ ਨੂੰ ਭੇਟ ਕਰ ਸਕਦਾ ਹੈ।[17]

ਨੀਵੀਂ ਜਾਤ ਦਾ ਮਿਹਣਾ ਆਇਸ਼ਾ ਦੇ ਨਾਲ ਹੀ ਰਹਿੰਦਾ ਹੈ ਭਾਵੇਂ ਉਹ ਤੋਪਖਾਨੇ ਦੇ ਜਰਨੈਲ ਇਲਾਹੀ ਬਖ਼ਸ਼ ਨਾਲ ਰਹਿੰਦੀ ਹੈ। ਇਲਾਹੀ ਬਖ਼ਸ਼ ਉਸ ਨੂੰ ਸ਼ਾਇਰੀ ਕਰਨ ਤੋਂ ਰੋਕ ਰਿਹਾ ਹੈ। ਕਿਉਂਕਿ ਉਹ ਇੱਕ ਔਰਤ ਹੈ। ਜਦੋਂ ਕਹਾਰਾਂ ਦੀ ਗੱਲਬਾਤ ਉਸ ਦੀ ਨਿਮਨ ਸਥਿਤੀ ਨੂੰ ਪੇਸ਼ ਕਰ ਜਾਂਦੀ ਹੈ:-

ਸਰਦਾਰ ਮੁਹੰਮਦ:.... ਮੈਨੂੰ ਤਾਂ ਇਹ ਸੋਚ-ਸੋਚ ਕੇ ਸ਼ਰਮ ਆ ਰਹੀ ਏ। ਪਈ ਅੱਜ ਸਾਨੂੰ ਤੇਲੀਆਂ ਦੀ ਧੀ ਚੁੱਕਣੀ ਪੈਣੀ ਐ...।

ਅਸ਼ਰਫ਼: ਮੈਂ ਤਾਂ ਕਹਿੰਦਾ ਜਾਤ ਤੋਂ ਵੀ ਨਾਂਹ...ਅੱਜ ਤੇ ਸਾਨੂੰ ਆਪਣੀ ਜਾਤ ਤੋਂ ਵੀ ਨੀਵੀਂ ਜਾਤ ਦੀ ਤੀਵੀਂ ਨੂੰ ਮੋਢਿਆ 'ਤੇ ਚੁੱਕਣਾ ਪੈਣਾ ਏ।[18]

ਨਾਟਕ ਅੰਦਰ ਪੀਰੋ ਦਲਿਤ ਹੋਣ ਦੇ ਬਾਵਜੂਦ ਉਹ ਆਪਣੀ ਹੋਂਦ ਅਤੇ ਪਛਾਣ ਲਈ ਦ੍ਰਿੜਤਾ ਨਾਲ ਸੰਘਰਸ਼ ਕਰਦੀ ਹੈ। ਸੰਤ ਗੁਲਾਬ ਦਾਸ ਸਥਾਪਤੀ ਦੇ ਵਿਰੋਧੀ ਚਿਹਨ ਵਜੋਂ ਪੇਸ਼ ਹੁੰਦਾ ਹੈ। ਉਹ ਜਾਤੀ-ਪ੍ਰਥਾ ਨੂੰ ਬ੍ਰਾਹਮਣ ਵਰਗ ਦਾ ਭਰਮ-ਜਾਲ ਮੰਨਦਾ ਹੋਇਆ, ਵਿਵਸਥਾ ਨੂੰ ਧਰਮ ਦੇ ਨਾਂ ਉੱਤੇ ਆਮ ਲੋਕਾਂ ਦੀ ਕੀਤੀ ਜਾਂਦੀ ਲੁੱਟ ਹੀ ਕਹਿੰਦਾ ਹੈ। ਉਹ ਸਭ ਵਰਗਾਂ ਦੇ ਲੋਕਾਂ ਨੂੰ ਸਮਾਨ ਸਮਝਦਾ ਹੈ।

ਗੁਲਾਸ ਦਾਸ : ਲਾਹੌਰ ਦੇ ਦਰਬਾਰ ਵਿਚ ਉੱਚੀਆਂ ਜਾਤਾਂ ਵਾਲੇ ਲੋਕ ਆਉਂਦੇ ਨੇ ...ਸਾਡਾ ਦਰਬਾਰ ਉਨ੍ਹਾਂ ਲਈ ਹੋਵੇਗਾ, ਜਿਨ੍ਹਾਂ ਨੂੰ ਲੋਕ ਨੀਵੀਆਂ ਜਾਤਾਂ ਵਾਲੇ ਕਹਿੰਦੇ ਨੇ...[19]

ਗੁਲਾਬ ਦਾਸ ਪਰੰਪਰਕ ਜਾਤੀ-ਵਿਵਸਥਾ ਨੂੰ ਵੰਗਾਰਦਾ ਹੋਇਆ ਸਭ ਨੂੰ ਇਕੋ ਜਿਹਾ ਦਰਜਾ ਦਿੰਦਾ ਹੈ ਅਤੇ ਦਲਿਤਾਂ ਦੀ ਮੁਕਤੀ ਲਈ ਸੰਘਰਸ਼ ਕਰਦਾ ਹੈ। ਆਇਸ਼ਾ ਅਤੇ ਈਸਲ ਵਰਗੇ ਸਮਾਜ ਵਲੋਂ ਦਬਾਏ ਅਤੇ ਨਕਾਰੇ ਵਰਗ ਨੂੰ ਆਪਣੇ ਡੇਰੇ ਵਿਚ ਸ਼ਰਨ ਦਿੰਦਾ ਹੈ। ਗੁਲਾਬ ਦਾਸ ਸਮੇਂ ਦੀ ਸਰਕਾਰ ਦੇ ਵਿਰੋਧ ਦਾ ਸਾਹਮਣਾ ਵੀ ਕਰਦਾ ਹੈ।

ਇਸ ਪ੍ਰਕਾਰ ਨਾਟਕਕਾਰ ਇਸ ਨਾਟਕ ਵਿਚ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਵਰਣ-ਵਿਵਸਥਾ ਦਾ ਵਿਰੋਧ ਕਰਦਾ ਹੈ। ਉਹ ਨਿਮਨ ਜਾਂ ਦਲਿਤ ਵਰਗ ਅਤੇ ਨਾਰੀ ਦੇ ਸੰਘਰਸ਼ ਨੂੰ ਇਸ ਬ੍ਰਾਹਮਣਵਾਦੀ ਵਿਵਸਥਾ ਪ੍ਰਤੀ ਹੋਰ ਤੀਬਰ ਕਰਦਾ ਹੈ।

ਸਵਰਾਜਬੀਰ ਨੇ ਇਹਨਾਂ ਨਾਟਕਾਂ ਰਾਹੀਂ ਜਿੱਥੇ ਪੁਰਾਤਨ ਕਾਲ ਤੋਂ ਲੈ ਕੇ ਅੱਜ ਦੇ ਸਮੇਂ ਤੱਕ ਦਲਿਤਾਂ ਦੇ ਮਸਲਿਆਂ ਦੀ ਸਹੀ ਪਹਿਚਾਣ ਕੀਤੀ ਹੈ, ਉੱਥੇ ਉਸ ਨੇ ਜਰਾ, ਸਤਿਆਵ੍ਰਤ, ਵਿਸ਼ਵਾਮਿੱਤਰ, ਆਇਸ਼ਾ/ਪੀਰੋ ਅਤੇ ਗੁਲਾਬਦਾਸ ਵਰਗੇ ਪਾਤਰਾਂ ਰਾਹੀਂ ਦਲਿਤ ਮਨੁੱਖ ਦੀ ਮੁਕਤੀ ਦੇ ਸੰਘਰਸ਼ ਲਈ ਚੇਤਨਾ ਪੈਦਾ ਕੀਤੀ ਹੈ। ਉਸ ਨੇ ਇਹ ਵੀ ਦਰਸਾਇਆ ਹੈ ਕਿ ਦਲਿਤਾਂ ਦਾ ਸੰਘਰਸ਼ ਬ੍ਰਾਹਮਣਾਂ ਦੇ ਖ਼ਿਲਾਫ਼ ਨਹੀਂ, ਸਗੋਂ ਬ੍ਰਾਹਮਣਵਾਦੀ ਸਿਸਟਮ ਜਾਂ ਮਨੂੰਵਾਦੀ ਵਿਚਾਰਧਾਰਾ

ਦੇ ਖ਼ਿਲਾਫ਼ ਹੈ, ਜਿਸ ਰਾਹੀਂ ਇਹ ਵਰਣ-ਵੰਡ ਹੋਂਦ ਵਿਚ ਆਈ ਸੀ।

**ਹਵਾਲੇ :**


1. ਸਚਿਦਾਨੰਦਾ ਸਿੰਨਹਾ, ਜਾਤੀ ਵਿਵਸਥਾ (ਮਿਥਕ, ਵਾਸਤਵਿਕਤਾ ਔਰ ਚੁਣੌਤੀਆਂ, ਪੰਨਾ 20
2. ਐਮ. ਐਨ. ਸ੍ਰੀਨਿਵਾਸ, ਆਧੁਨਿਕ ਭਾਰਤ ਮੇਂ ਤਥਾ ਨਿਬੰਧ, ਪੰਨਾ 61
3. ਡਾ. ਸੇਵਾ, ਬ੍ਰਾਹਮਣਵਾਦ ਔਰ ਜਨਵਿਮਰਸ਼, ਪੰਨਾ 13
4. ਮਨਮੋਹਨ ਬਾਵਾ, ਭਾਰਤੀ ਇਤਿਹਾਸ ਮਿਥਹਾਸ, ਪੰਨਾ 156
5. ਓਮ ਪ੍ਰਕਾਸ਼ ਵਾਲਮੀਕੀ, ਦਲਿਤ ਸਾਹਿਤਯ ਕਾ ਸੌਂਦਰਯ ਸ਼ਾਸਤਰ, ਪੰਨਾ 76
6. ਡਾ. ਸਵਰਾਜਬੀਰ, ਕੇਵਲ ਧਾਲੀਵਾਲ
7. ਸਵਰਾਜ ਬੀਰ, ਕ੍ਰਿਸ਼ਨ, ਪੰਨਾ 55
8. ਉਹੀ, ਪੰਨਾ 35
9. ਉਹੀ, ਪੰਨਾ 31
10. ਉਹੀ, ਪੰਨਾ 87.
11. ਡਾ. ਸੇਵਾ ਸਿੰਘ, ਬ੍ਰਾਹਮਣਵਾਦ ਔਰ ਜਨਵਿਮਰਸ਼ ਪੰਨਾ 13
12. ਸਵਰਾਜਬੀਰ, ਧਰਮਗੁਰੂ, ਪੰਨਾ 46
13. ਉਹੀ, ਪੰਨਾ 56
14. ਉਹੀ, ਪੰਨਾ 60
15. ਡਾ. ਸਰਬਜੀਤ, ਮਿੱਥ ਅਤੇ ਵਰਤਮਾਨ, ਪੰਨਾ 144-145
16. ਡਾ. ਕਾਸ਼ੀਨਾਥ ਅੰਬਲਗੇ, ਅੱਕਮਹਾਂਦੇਵੀ ਔਰ ਇਸਤਰੀ-ਵਿਮਰਸ਼, ਪੰਨਾ 25
17. ਮਨਮੋਹਨ ਬਾਵਾ, ਭਾਰਤੀ ਇਤਿਹਾਸ ਮਿਥਹਾਸ, ਪੰਨਾ 119
18. ਸਵਰਾਜਬੀਰ, ਸ਼ਾਇਰੀ, ਪੰਨਾ 60
19. ਉਹੀ, ਪੰਨਾ 94


□□□

# ਚਲ ਮੇਰੀ ਧੀਏ

## *ਸੁਖਮਿੰਦਰ ਸੇਖੋਂ*

ਜਦੋਂ ਉਹ ਸਾਮ ਤੱਕ ਘਰ ਨਾ ਮੁੜੀ ਤਾਂ ਪਿਆਰਾ ਸਿੰਘ ਦਾ ਮਨ ਕਾਹਲਾ ਪੈਣ ਲੱਗ ਪਿਆ। ਉਹ ਥੋੜ੍ਹੀ ਥੋੜ੍ਹੀ ਦੇਰ ਬਾਅਦ ਬਾਹਰ ਗੇਟ ਤੱਕ ਹੋ ਕੇ ਵਾਪਸ ਮੰਜੇ 'ਤੇ ਆਕੇ ਲੇਟ ਜਾਇਆ ਕਰੇ। ਪ੍ਰੰਤੂ ਬੇਚੈਨ ਦਿਲ ਨੂੰ ਕਰਾਰ ਕਿੱਥੋਂ ਆਵੇ। ਉਸ ਨੂੰ ਪਤਾ ਹੀ ਨਾ ਲੱਗਾ ਕਿ ਉਸ ਦੀ ਨੂੰਹ ਖਿੱਚੜੀ ਵਾਲੀ ਕੌਲੀ ਉਸ ਕੋਲ ਰੱਖ ਕੇ ਚਲੀ ਗਈ ਸੀ—।

ਜਦੋ ਉਹ ਦੁਬਾਰਾ ਵਾਪਸ ਪਰਤੀ ਤਾ ਉਸ ਦੇ ਹੱਥ ਪਾਣੀ ਦਾ ਗਿਲਾਸ ਸੀ।

ਪਿਆਰਾ ਸਿੰਘ ਨੇ ਪੁੱਛਿਆ-ਰਾਣੀ ਪੁੱਤ ! ਤੇਰੀ ਬੀਬੀ ਹਾਲੇ ਮੁੜੀ ਨੀ—?ਪਿਆਰਾ ਸਿੰਘ ਰੁਪਿੰਦਰ ਨੂੰ ਹਮੇਸ਼ਾ ਉਸ ਦੇ ਘਰ ਦੇ ਨਾਉਂ ਨਾਲ ਹੀ ਬੁਲਾਉਂਦਾ ਸੀ।

-ਨਹੀ ਪਾਪਾ ਜੀ !ਰੁਪਿੰਦਰ ਕੌਰ ਪਾਣੀ ਦਾ ਗਿਲਾਸ ਤਿਪਾਈ 'ਤੇ ਟਿਕਾ ਕੇ ਫਿਰ ਰਸੋਈ ਵੰਨੀ ਹੋ ਤੁਰੀ।

ਜੋਗਿੰਦਰ ਕੌਰ ਸਵੇਰੇ ਪਹਿਲੀ ਬੱਸ ਫੜਕੇ ਜਲੰਧਰ ਗਈ ਸੀ। ਉਥੇ ਲਾਗੇ ਹੀ ਇਕ ਪਿੰਡ ਉਸ ਨੇ ਕਿਸੇ ਸੰਤਾਂ ਦੀ ਮਹਿੰਮਾ ਸੁਣੀ ਸੀ। ਥਰੀ ਵੀਲ੍ਹਰ ਫੜ ਕੇ ਉਹ ਸੰਤਾਂ ਦੇ ਡੇਰੇ ਜਦੋਂ ਅੱਪੜੀ ਤਾਂ ਸੰਤਾਂ ਨੇ ਉਸ ਦਾ ਹਾਰ ਸ਼ਿੰਗਾਰ ਦੇਖਦਿਆਂ ਹੀ ਸੱਤ ਬਚਨ ਕਹਿੰਦਿਆਂ ਉਚਾਰਿਆ-ਭਾਈ ਬੀਬਾ! ਚਿੰਤਾ ਕੀ ਕੋਈ ਬਾਤ ਨੀਂ ਤੇਰੇ ਪਤੀ ਤੇ ਜੋ ਕਸ਼ਟ ਆਇਆ ਸੀ ਉਹ ਹੁਣ ਟਲ ਗਿਆ ਈ ਸਮਝੋ।

ਏਨਾ ਕਹਿੰਦਿਆਂ ਉਸ ਜੋਗਿੰਦਰ ਕੌਰ ਦੀ ਪਿੱਠ ਥਕਪਾਈ ਸੀ ਤੇ ਉਸ ਆਪਣੇ ਧੰਨ ਭਾਗ ਸਮਝਦਿਆਂ ਸੰਤਾਂ ਵੱਲੋ ਦਿੱਤੀਆਂ ਸੱਤ ਪੁੜੀਆਂ ਚੁੰਨੀ ਲੜ੍ਹ ਬੰਨ੍ਹ ਲਈਆਂ ਸਨ। ਘਰ ਉਹ ਦੇਰ ਰਾਤ ਨੂੰ ਪਰਤੀ।

ਪਿਆਰਾ ਸਿੰਘ ਹਾਲੇ ਜਾਗਦਾ ਹੀ ਸੀ। ਦਰਅਸਲ ਉਹ ਸੁੱਤਾ ਹੀ ਕਦੋਂ ਸੀ। ਕਈ ਮਹੀਨੇ ਨਹੀ ਵਰ੍ਹੇ ਹੀ ਹੋ ਗਏ ਸਨ ਉਸ ਦੀ ਬੀਮਾਰੀ ਨੂੰ। ਪਹਿਲਾਂ ਤਾਂ ਡਾਕਟਰਾਂ ਨੂੰ ਕੋਈ ਸਮਝ ਹੀ ਨਾ ਲੱਗੀ ਪਰ

*ਪਤਾ : 5/8 ਘੁੰਮਣ ਨਗਰ ਸਰਹਿੰਦ ਰੋਡ ਪਟਿਆਲਾ। 98145-07693*

ਫਿਰ ਹੌਲੀ-ਹੌਲੀ ਜਦ ਪਤਾ ਲੱਗਾ ਤਾਂ ਬੀਮਾਰੀ ਗੰਭੀਰ ਰੂਪ ਅਖਤਿਆਰ ਕਰ ਗਈ ਸੀ। ਡਾਕਟਰਾਂ ਦਾ ਨਿਰੰਤਰ ਇਲਾਜ ਚੱਲਦਾ ਰਿਹਾ।ਪਹਿਲਾਂ ਪਹਿਲ ਤਾਂ ਜੋਗਿੰਦਰ ਕੌਰ ਉਸ ਨੂੰ ਡਾਕਟਰਾਂ ਕੋਲ ਲਿਜਾਂਦੀ ਰਹੀ ਪ੍ਰੰਤੂ ਹੁਣ ਤਾਂ ਲਗਪਗ ਉਸ ਨੇ ਉਸਦੀ ਬੀਮਾਰੀ ਤੋ ਕਿਨਾਰਾ ਹੀ ਕਰ ਲਿਆ ਸੀ। ਸ਼ਾਇਦ ਉਸਨੂੰ ਡਾਕਟਰਾਂ ਦੇ ਇਲਾਜ 'ਤੇ ਕੋਈ ਭਰੋਸਾ ਨਹੀ ਸੀ ਰਹਿ ਗਿਆ ਜਾਂ ਖਰਚੇ ਤੋਂ ਡਰੋਂ ਲੇਕਿਨ ਨੇੜੇ ਤੇੜੇ ਦੇ ਸਾਧਾਂ ਸੰਤਾਂ ਦੇ ਡੇਰਿਆਂ ਦੇ ਉਹ ਜ਼ਰੂਰ ਗੇੜੇ ਮਾਰ ਆਉਦੀ।ਸੰਤ,ਸਾਧ ਜੋ ਵੀ ਬਚਨ ਕਰਦੇ ਜਾਂ ਦਵਾ,ਦਾਰੂ ਦਿੰਦੇ ਉਹ ਪਿਆਰਾ ਸਿੰਘ ਨੂੰ ਪਾਣੀ ਜਾਂ ਚਾਹ ਵਗੈਰਾ ਵਿਚ ਮਿਲਾਕੇ ਪਿਆ ਛੱਡਦੀ।ਪਹਿਲਾਂ ਤਾਂ ਉਹ ਮੰਦਰ ਗੁਰਦੁਆਰੇ ਵੀ ਹੋ ਆਉਦੀ ਸੀ ਪਰ ਹਣ ਤਾਂ ਉਸ ਦਾ ਇਨ੍ਹਾਂ ਤੋਂ ਵੀ ਯਕੀਨ ਉੱਠ ਗਿਆ ਜਾਪਦਾ ਸੀ। ਉਹ ਸਾਧਾਂ,ਸੰਤਾਂ ਦੇ ਗੇੜ ਵਿਚ ਅਜਿਹੀ ਆਈ ਕਿ ਉਸ ਪਿਆਰਾ ਸਿੰਘ ਤੋ ਆਪਣੇ ਆਪ ਨੂੰ ਬਿਲਕੁਲ ਅਲੱਗ ਹੀ ਕਰ ਲਿਆ।ਉਹ ਉਸ ਦੇ ਬੋਲਾਂ ਨੂੰ ਅਣਗੌਲਿਆਂ ਕਰਕੇ ਏਧਰ ਓਧਰ ਭਟਕਦੀ ਰਹਿੰਦੀ।

ਜਲੰਧਰ ਮੂੰਹ ਹਨੇਰੇ ਦੀ ਗਈ, ਰਾਤ ਨੂੰ ਪਰਤੀ ਆਪਣੀ ਸੱਸ ਨੂੰ ਰੁਪਿੰਦਰ ਰੋਟੀ ਦੀ ਥਾਲੀ ਪਰੋਸ ਗਈ ਸੀ।ਚਾਰ ਮਿੱਸੀਆਂ ਰੋਟੀਆਂ ਤੇ ਮਾਂਹ ਦੀ ਦਾਲ ਵਿਚ ਮੱਖਣ ਦੀ ਟਿੱਕੀ।

-ਗੁਰਜੀਤ ਕਿੱਥੇ ਐ ਮੁੜਿਆ ਨੀ ਹਾਲੇ ? ਉਸ ਨੇ ਏਧਰ ਓਧਰ ਅੱਖਾਂ ਘੁੰਮਾਉਂਦਿਆਂ ਆਪਣੇ ਇਕਲੌਤੇ ਪੁੱਤਰ ਬਾਰੇ ਪੁੱਛਿਆ।

-ਨਹੀ ਬੀ ਜੀ ਸ਼ਾਇਦ। ਇਤਨਾ ਕਹਿ ਅੱਗਿਓ ਰੁਪਿੰਦਰ ਚੁੱਪ ਹੀ ਰਹੀ।

ਹਾਲੇ ਰੁਪਿੰਦਰ ਨੇ ਏਨਾ ਕੁ ਹੀ ਆਖਿਆ ਸੀ ਕਿ ਕੁਝ ਹੀ ਪਲਾਂ ਬਾਅਦ ਗੁਰਜੀਤ ਵੀ ਆ ਧਮਕਿਆ ਕਿਮੇ ਐਂ ਬੀਬੀ, ਹੋ ਆਈ ਸਾਧਾਂ ਸੰਤਾਂ ਦੇ ਡੇਰੇ, ਲੈ ਆਈ ਪੁੱਛਾਂ ਫੇਰ ਲੈ ਆਈ-ਕਿ ਪੁੜੀਆਂ ਸਵਾਹ ਦੀਆਂ?

ਗੁਰਜੀਤ ਹਸਿਆ ਤੇ ਲੜਖੜਾਉਂਦਾ ਹੋਇਆ ਜੋਗਿੰਦਰ ਕੌਰ ਦੇ ਨੇੜੇ ਆ ਢੁਕਿਆ।ਕੋਲ ਖੜ੍ਹੀ ਰੁਪਿੰਦਰ ਨੇ ਨੱਕ ਮੂੰਹ ਨੂੰ ਚੁੰਨੀ ਨਾਲ ਢਕ ਲਿਆ।ਸਾਰਾ ਕਮਰਾ ਹੀ ਸ਼ਰਾਬੀ ਸਾਹਾਂ ਦੀ ਹਵਾੜ੍ਹ ਮਾਰਨ ਲੱਗਾ ਸੀ।

-ਮੈਂ ਕੀਤੀ ਐ ਇਕ ਨਾਮੀ ਡਾਕਟਰ ਨਾਲ ਗੱਲ-ਕਹਿੰਦਾ ਬਈ ਇਸ ਤਰ੍ਹਾਂ ਦੀ ਬਮਾਰੀ ਹੁੰਦੀ ਤਾਂ ਲਾ-ਅਲਾਜ ਈ ਐ-ਠੀਕ ਹੋ ਜੇ ਤਾਂ ਹੋ ਨਹੀ ਤਾਂ ਫੇਅ। ਏਸ ਲਈ ਮੈ ਤਾਂ ਕਹਿਨਾ ਬੀ-ਉਂ ਡਾਕਟਰ ਸਿਆਣੈ-ਮੰਨਿਆ ਹੋਇਐ-ਕਹੇਂ ਤਾਂ ਕੱਲ੍ਹ ਈ ਲੈ ਚੱਲਦੇ ਆਂ ਪਾਪਾ ਜੀ ਨੂੰ..

ਹੌਲੀ-ਹੌਲੀ ਤੁਰਦਾ ਹੋਇਆ ਗੁਰਜੀਤ ਪਿਆਰਾ ਸਿੰਘ ਦੇ ਬੈੱਡ ਵੱਲ ਵੱਧਣ ਲੱਗਾ।ਪਿਆਰਾ ਸਿੰਘ ਹਾਲੇ ਜਾਗਦਾ ਹੀ ਪਿਆ ਸੀ।ਉਸ ਸਾਰਾ ਕੁਝ ਸੁਣ ਲਿਆ ਸੀ ਪਰ ਗੁਰਜੀਤ ਨੂੰ ਆਪਣੇ ਵੰਨੀ ਆਉਂਦਾ ਤੱਕ, ਉਸ ਆਪਣੀਆਂ ਅੱਖਾਂ ਮੂੰਦ ਲਈਆਂ ਜਿਵੇ ਉਹ ਦੇਰ ਤੋਂ ਸੁੱਤਾ ਪਿਆ ਹੋਵੇ।

ਗੁਰਜੀਤ ਪਹਿਲਾਂ ਤਾਂ ਉਸ ਦੇ ਬੈੱਡ ਦੀ ਕਿਨਾਰੀ 'ਤੇ ਬੈਠਣ ਲੱਗਾ ਪਰ ਫਿਰ ਕੁਝ ਸੋਚਦਿਆਂ ਬੁੜਬੁਾਉਂਦਾ ਹੋਇਆ ਦੂਸਰੇ ਕਮਰੇ ਵਿਚ ਚਲਾ ਗਿਆ।

ਰੋਟੀ ਖਾਕੇ ਜੋਗਿੰਦਰ ਕੌਰ ਨੇ ਪਾਣੀ ਦਾ ਗਲਾਸ ਗਟਾਗਟ ਕਰਕੇ ਪੀਤਾ ਤੇ ਫੇਰ ਵਾਹਖੁਰੂ ਵਾਹਖੁਰੂ ਕਰਦੀ ਹੋਈ ਸੌਣ ਦਾ ਆਹਰ ਪਾਹਰ ਕਰਨ ਲੱਗੀ।

ਹੁਣ ਪਿਛਲੇ ਹਫ਼ਤੇ ਤੋਂ ਪਿਆਰਾ ਸਿੰਘ ਦੀ ਤਬੀਅਤ ਜ਼ਿਆਦਾ ਖ਼ਰਾਬ ਰਹਿਣ ਲੱਗੀ ਸੀ। ਜਿਹੜੀ ਦਵਾਈ ਨਾਲ ਪਹਿਲਾਂ ਕੁਝ ਆਰਾਮ ਆਇਆ ਜਾਪਦਾ ਸੀ ਤੇ ਤੇਲ ਮਾਲਿਸ਼ ਨਾਲ ਲੱਤਾਂ ਬਾਹਵਾਂ ਵਿਚ ਜਾਨ ਪੈਂਦੀ ਮਹਿਸੂਸ ਹੁੰਦੀ ਨਜ਼ਰ ਆਉਂਦੀ ਸੀ, ਹੁਣ ਉਸ ਤੋਂ ਤੁਰਨਾ ਵੀ ਮੁਹਾਲ ਹੋਇਆ ਪਿਆ ਸੀ। ਦੋ ਕਦਮ ਚੱਲ ਕੇ ਹੀ ਡਿੱਗਣ ਵਰਗਾ ਹੋ ਜਾਂਦਾ ਤੇ ਸਾਹ ਵੀ ਚੜ੍ਹਨ ਲੱਗਦਾ। ਉਹ ਪਿਆਰਾ ਸਿੰਘ ਜੋ ਖੇਤਾਂ ਵਿਚ ਕੰਮ ਕਰਦਿਆਂ, ਆਪਣੇ ਸੀਰੀ ਤੋਂ ਵੀ ਵਧੇਰੇ ਕੰਮ ਕਰਦਾ ਸੀ ਤੇ ਥਕਾਵਟ ਵੀ ਬਹੁਤੀ ਮਹਿਸੂਸ ਨਹੀ ਸੀ ਹੁੰਦੀ,ਉਹ ਹੁਣ ਆਪਣੇ ਸਰੀਰ ਅੱਗੇ ਲਾਚਾਰ ਸੀ। ਉਹ ਪਿਆਰਾ ਸਿੰਘ ਜੋ ਆਪਣੇ ਪਿੰਡ ਤੋਂ ਇਲਾਵਾ ਦੂਸਰੇ ਪਿੰਡਾਂ ਦੇ ਨਿੱਕੇ ਵੱਡੇ ਭਲਵਾਨਾਂ ਨੂੰ ਪਹਿਲੇ ਗੇੜ ਵਿਚ ਚਿੱਤ ਕਰ ਦਿੰਦਾ ਸੀ, ਹੁਣ ਉਸ ਤੋਂ ਦੋ ਕਦਮ ਵੀ। ਉਦੋਂ ਉਹ ਹਮੇਸ਼ਾ ਆਪਣੇ ਸਰੀਰ ਨੂੰ ਹਾਰ ਸ਼ਿੰਗਾਰ ਕੇ ਰੱਖਦਾ ਸੀ। ਪੂਰੇ ਸਰੀਰ 'ਤੇ ਤੇਲ ਮਾਲਸ਼ ਕਰਕੇ ਉਹ ਪੱਟਾਂ 'ਤੇ ਥਾਪੀ ਮਾਰ ਕੇ ਆਪੇ ਸੰਗ ਹੀ ਖੁਸ਼ ਹੋ ਕੇ ਲਲਕਾਰਾ ਮਾਰਦਾ ਹੈ ਬੀ ਕੋਈ ਸੂਰਮਾ 'ਜੀਹਨੇ ਮੇਰੇ ਨਾਲ ਘੁਲਣੈ ? ਅਜਿਹਾ ਦਰਸ਼ਨੀ ਭਲਵਾਨ ਹੁਣ ਚਿੱਤ ਹੋਇਆ ਪਿਆ ਸੀ, ਸਰੀਰ ਹਮੇਸ਼ਾ ਨਿਢਾਲ ਤੇ ਬੇਜਾਨ ਰਹਿੰਦਾ। ਬੀਮਾਰੀ ਦੀ ਡਾਕਟਰਾਂ ਨੂੰ ਕੋਈ ਖ਼ਾਸ ਸਮਝ ਨਹੀ ਸੀ ਪੈ ਰਹੀ। ਕੇਵਲ ਸਰੀਰਕ ਰੂਪ ਵਿਚ ਹੀ ਨਹੀ, ਉਹ ਦੀ ਮਾਨਸਿਕ ਅਵੱਸਥਾ ਵੀ ਸੰਤੁਲਨ ਵਿਚ ਨਹੀਂ ਸੀ।

-ਪਾਪਾ ਜੀ ਮੈ ਲੈ ਚੱਲਦੀ ਆਂ ਥੋਨੂੰ ਕਿਸੇ ਚੰਗੇ ਡਾਕਟਰ ਕੋਲ-ਇੱਕ ਰੋਜ਼ ਰਾਣੀ ਨੇ ਉਸ ਦੀਆਂ ਬਾਹਵਾਂ ਤੇ ਲੱਤਾਂ ਦੀ ਮਾਲਿਸ਼ ਕਰਦਿਆਂ ਕਿਹਾ ਸੀ ਪਰ ਉਸ ਨੇ ਸਾਫ਼ ਨਾਂਹ ਵਿਚ ਸਿਰ ਹਿਲਾ ਦਿੱਤਾ ਸੀ-ਨਹੀ ਰਾਣੀ ਪੁੱਤ! ਹੁਣ ਤਾਂ ਕਿਤੇ ਜਾਨ ਦਾ ਜੀਅ ਨੀ ਮੰਨਦਾ। ਏਨਾ ਆਖ ਉਹ ਖਾਲੀ ਖਾਲੀ ਅੱਖਾਂ ਨਾਲ ਉਪਰ ਛੱਤ ਵੰਨੀ ਝਾਕਣ ਲੱਗ ਪਿਆ ਸੀ।

ਇੱਕ ਦਿਨ ਰਾਣੀ ਕੌਰ ਨੇ ਆਪਣੇ ਸਹੁਰੇ ਦੀ ਤੰਗ ਹਾਲਤ ਤੋ ਪਸੀਜਦਿਆਂ ਉਸ ਨੂੰ ਇੱਕ ਚੰਗੇ ਡਾਕਟਰ ਕੋਲ ਲਿਜਾਣ ਲਈ ਮਨਾ ਹੀ ਲਿਆ-ਚੱਲ ਧੀਏ ! ਜਿਮੇਂ ਤੇਰੀ ਮਰਜ਼ੀ।

ਪ੍ਰੰਤੂ ਡਾਕਟਰ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਆਖ਼ਰ ਉਸ ਨੂੰ ਕਿਹੜੀ ਬੀਮਾਰੀ ਹੈ। ਹਾਲਾਂਕਿ ਕਈ ਟੈਸਟ ਕਰਵਾਏ ਪਰ ਇਸ ਦੇ ਬਾਵਜੂਦ ਬਿਮਾਰੀ ਦੀ ਥਾਹ ਨਾ ਪਾਈ ਗਈ। ਉਸ ਨੂੰ ਹਸਪਤਾਲ ਵਿਚ ਹੀ ਰਹਿਣ ਦੀ ਡਾਕਟਰਾਂ ਵੱਲੋ ਸਲਾਹ ਦਿੱਤੀ ਗਈ ਸੀ। ਇਸ ਦੌਰਾਨ ਰੁਪਿੰਦਰ ਹੀ ਘਰ,ਬਾਹਰ ਦਾ ਕੰਮ ਕਰਦੀ। ਨਹੀ ਜੋਗਿੰਦਰ ਕੌਰ ਤੇ ਗੁਰਜੀਤ ਤਾ ਬੱਸ ਕੇਵਲ ਮਾੜੀ ਮੋਟੀ ਖਬਰ ਹੀ ਲੈਣ ਆਉਂਦੇ ਸਨ ਪਰ ਕਈ ਦਿਨ ਹਸਪਤਾਲ ਵਿਚ ਦਾਖ਼ਲ ਰਹਿਣ ਦੇ ਬਾਵਜੂਦ ਪਿਆਰਾ ਸਿੰਘ ਦਾ ਠੀਕ ਇਲਾਜ ਨਾ ਹੋ ਸਕਿਆ। ਦਰਅਸਲ ਟੈਸਟਾਂ ਵਿਚ ਸਾਫ਼ ਸਾਫ਼ ਕੋਈ ਬੀਮਾਰੀ ਪਕੜ ਵਿਚ ਨਹੀਂ ਸੀ ਆ ਰਹੀ। ਡਾਕਟਰਾਂ ਤੇ ਕੁਝ ਹੋਰ ਸਿਆਣਿਆਂ ਉਸ ਨੂੰ ਲੁਧਿਆਣੇ ਜਾਂ ਚੰਡੀਗੜ੍ਹ ਵਿਚ ਕਿਸੇ ਚੰਗੇ ਹਸਪਤਾਲ ਵਿਚ ਲੈ ਕੇ ਜਾਣ ਦੀ ਸਲਾਹ ਦਿੱਤੀ ਪਰ ਲਿਜਾਵੇ ਕੌਣ ? ਰੁਪਿੰਦਰ ਕਹਿਣ ਲੱਗੀ ਪਾਪਾ ਜੀ, ਚੰਡੀਗੜ੍ਹ ਪੀ ਜੀ ਆਈ ਚੱਲਦੇ ਆਂ, ਉਥੇ ਜ਼ਰੂਰ ਤੁਹਾਡੀ ਬੀਮਾਰੀ ਦਾ ਕੋਈ ਨਾ ਕੋਈ ਹੱਲ ਨਿਕਲ ਆਊਗਾ ਪਰ ਪਿਆਰਾ ਸਿੰਘ ਨਾ ਮੰਨਿਆ, ਉਸ ਇੱਕ ਜ਼ਿੱਦ ਹੀ ਫੜ ਲਈ-ਨਾ ਨਾ-ਮੈ ਨੀ ਜਾਣਾ ਕਿਤੇ ਘਰ ਈ ਰਹੂੰ ਠੀਕ ਹੋਵਾਂ ਚਾਹੇ ਨਾ।

ਦਰਅਸਲ ਉਹ ਰਾਣੀ 'ਤੇ ਹੋਰ ਜ਼ਿੰਮੇਵਾਰੀ ਨਹੀ ਸੀ ਸੁੱਟਣਾ ਚਾਹੁੰਦਾ। ਆਪਣੀ ਪਖੰਡਣ

ਪਤਨੀ ਤੇ ਆਪਣੇ ਨਾਲਾਇਕ ਪੁੱਤਰ ਤੋ ਵੀ ਉਹ ਭਲੀ ਭਾਂਤ ਜਾਣੂੰ ਸੀ। ਜਦੋਂ ਕਦੇ ਜੋਗਿੰਦਰ ਕੌਰ ਉਸਨੂੰ ਕਿਸੇ ਡੇਰਿਓਂ ਕੋਈ ਪੁੜੀ ਲੈਕੇ ਆਉਂਦੀ ਤਾਂ ਉਹ ਆਪਣਾ ਗੁੱਸਾ ਦਿਖਾਉਂਦਾ-ਕਿਉ ਪਖੰਡ ਕਰਦੀ ਐਂ, ਜੇ ਚੰਗੀ ਹੋਮੇ ਤਾਂ ਆਪਣੀ ਨੂੰਹ ਰਾਣੀ ਵਾਂਗ ਮੇਰੀ ਸੇਵਾ ਨਾ ਕਰੇਂ ?

ਪਰ ਰਾਣੀ 'ਤੇ ਉਸ ਨੂੰ ਸਕੀਆਂ ਧੀਆਂ ਨਾਲੋ ਵੀ ਵਧ ਕੇ ਵਿਸ਼ਵਾਸ ਸੀ, ਉਸ ਦੀ ਸਿਦਕ ਸੇਵਕੀ ਦੇਖਕੇ ਉਸ ਦਾ ਗੱਚ ਭਰ ਅਉਂਦਾ ਪਰ ਆਪਣੀ ਘਰਵਾਲੀ ਦੀਆਂ ਪੁੜੀਆਂ ਉਹ ਪਰ੍ਹਾ ਵਗਾਹ ਮਾਰਦਾ-ਇਨੂੰ ਕੋਈ ਪੁੱਛਣ ਆਲਾ ਹੋਵੇ ਕਿ ਜਦੋ ਡਾਕਟਰਾਂ ਨੇ ਜਵਾਬ ਦੇ' ਤਾ - ਉਨ੍ਹਾਂ ਦੇ ਕੋਈ ਬਮਾਰੀ ਸਮਝ ਨੀ ਆਈ ਤਾਂ ਕੀ ਤੇਰੇ ਟੂਣੇ ਟਮਾਣ ਤੇ ਇਹ ਪੁੜੀਆਂ ਜੀਆਂ ਦੀ ਸਵਾਹ ਦਾ ਕੋਈ ਅਸਰ ਹੋਊ ?

ਉਹ ਆਪਣੀ ਘਰਵਾਲੀ ਤੇ ਪੁੱਤਰ ਬਾਰੇ ਕਿੰਨਾ ਕੁਝ ਬੋਲ ਜਾਂਦਾ ਪਰ ਰਾਣੀ ਉਸ ਨੂੰ ਚੁੱਪ ਰਹਿਣ ਦੀ ਤਾਕੀਦ ਕਰਦੀ-ਹੁਣ ਚੁੱਪ ਕਰੋ ਪਾਪਾ ਜੀ ਥੋਨੂੰ ਰਾਮ ਦੀ ਜ਼ਰੂਰਤ ਐ। ਮੈਂ ਹੁਣੇ ਮਿਕਸੀ 'ਚੋ ਥੋਡੇ ਲਈ ਜੂਸ ਕੱਢ ਕੇ ਲਿਆਈ।

ਜੋਗਿੰਦਰ ਕੌਰ ਵਾਹਖੁਰੂ ਵਾਹਖੁਰੂ ਕਰਦੀ ਹੋਈ ਦਗੜ-ਦਗੜ ਕਰਦੀ ਚਲੀ ਜਾਂਦੀ। ਪਰੰਤੂ ਇੱਕ ਦਿਨ ਉਹ ਕੁਝ ਸੋਚ ਵਿਚਾਰ ਕਰਦੀ ਹੋਈ ਦੂਸਰੇ ਕਮਰੇ ਵਿਚ ਜਰਦਾ ਮਲਦੇ ਗੁਰਜੀਤ ਕੋਲ ਜਾ ਬੈਠੀ-ਤੇਰਾ ਪਾਪਾ ਨੀ ਹੁਣ ਮੈਨੂੰ ਬਚਦਾ ਦੀਂਹਦਾ।

-ਹਾਂਅ ! ਲੱਗਦਾ ਤਾਂ ਮੈਨੂੰ ਬੀ ਕੁਛ ਐਮੇ ਈ ਐ ਬੀਬੀਏ ਪਰ ਚਲੋ ਦੇਖਦੇ ਆਂ ਕਦੋਂ ਤੱਕ ? ਇਤਨਾ ਕਹਿ ਉਹ ਜਰਦੇ ਦੀ ਚੂੰਢੀ ਜਾੜ੍ਹਾਂ ਹੇਠ ਟਿਕਾ ਲੈਂਦਾ।

-ਮੈਨੂੰ ਪਤੈ ਇਕ ਦਿਨ ਕੀ ਕਹਿੰਦਾ ਬੀ ਤੁਸੀਂ ਦੋਹੇਂ ਮਾਂ ਪੁੱਤ ਮੈਨੂੰ ਮਾਰ ਕੇ ਈ ਰਾਜੀ ਓਂ। ਆਖ ਉਹ ਰੋਣ ਜਿਹਾ ਮੂੰਹ ਬਣਾ ਲਿਆ ਅਤੇ ਆਪਣਾ ਜੂੜਾ ਖੋਲ੍ਹਕੇ ਵਾਲ ਖਿਲਾਰ ਕੇ ਬੈਠੀ ਹੋਈ ਉਥੇ ਹੀ ਟੇਢੀ ਹੋ ਗਈ।

ਗੁਰਜੀਤ ਉਸ ਦੀ ਸਾਰੀ ਗੱਲ ਬਾਤ ਸੁਣਦਾ ਹੋਇਆ ਫਰਿੱਜ ਕੋਲ ਗਿਆ ਤੇ ਜਰਦਾ ਉਥੇ ਹੀ ਥੁੱਕਦਾ ਹੋਇਆ ਉਸ ਅੰਦਰੋਂ ਦਹੀਂ ਵਾਲਾ ਡੌਂਗਾ ਕੱਢਿਆ ਤੇ ਮੂੰਹ ਲਾ ਕੇ ਪੀਣ ਲੱਗਾ। ਫਿਰ ਉਸ ਆਪਣੀ ਦਾਹੜੀ ਵਿਚ ਫਸੀ ਦਹੀ ਆਪਣੇ ਹੱਥਾਂ ਨਾਲ ਹੀ ਸਾਫ ਕੀਤੀ ਤੇ ਬੋਲਿਆ-ਬੀਬੀ ! ਮੈਨੂੰ ਸਾਰਾ ਕੁਛ ਪਤੈ ਹੁਣ ਤੂੰ ਕੀ ਦੱਸੇਂਗੀ। ਬੱਸ ਕੇਰਾਂ ਕਾਗਜ਼ ਪੱਤਰ 'ਤੇ ਦਸਤਖ ਕਰਵਾ ਲਵਾਂ ਤੂੰ ਫੇਰ ਦੇਖੀਂ ਜੱਟ ਦੀ ਝੱਟ ?

-ਹਾਹੋ ਪੁੱਤ ! ਹੁਣ ਮੈ ਕੀ ਜਾਣਦੀ ਨੀ ਰਾਣੀ ਨੂੰਹ। ਬੱਡੀ ਉਸਦੀ ਹਮੈਤਣ ਬਣਦੀ ਐ ਦੇਖ ਤਾਂ ਕਿਮੇ ਢੌਂਗ ਕਰਦੀ ਐ ਸੇਵਾ ਕਰਨ ਦਾ। ਹੋਰ ਕੁਛ ਨੀ ਉਹ ਤਾਂ ਤੇਰੇ ਪਾਪੇ ਨੂੰ ਵੱਸ ਵਿਚ ਕਰਕੇ ਉਸ ਤੋਂ ਜ਼ਮੀਨ ਜੈਦਾਦ ਹੜੱਪਣਾ ਚਹੁੰਦੀ ਐ। ਤੂੰ ਦੇਖੀਂ ਜਦੋ ਉਹ ਦਾ ਕੰਮ ਹੋ ਗਿਆ ਤਾਂ ਫੇਅ ਏਹ ਕਿਮੇ ਗੂਠਾ ਦਖੌਂਦੀ ਐ ? ਮੈ ਜਾਣਦੀ ਨੀ ਬੱਡੀ ਸੇਵਕੀ ਨੂੰ ? ਸੱਚ ਪੁੱਛੇਂ ਤਾਂ ਮੈਨੂੰ ਤਾਂ ਸੁਰੂ ਤੋਂ ਈ ਏਦੇ ਚਾਲੇ ਠੀਕ ਨੀ ਲੱਗੇ ਕਦੇ।

ਜੋਗਿੰਦਰ ਕੌਰ ਏਨਾ ਕਹਿੰਦਿਆਂ ਆਪਣਾ ਮੱਥਾ ਫੜਕੇ ਚਿੰਤਾਤੁਰ ਹੋਣ ਲੱਗਦੀ ਹੈ। ਗੁਰਜੀਤ ਉਸ ਨੂੰ ਮੋਢਿਆਂ ਤੋ ਫੜ ਕੇ ਹਲੂਣਦਾ ਹੈ ਹਾਹੋ ਬੀਬੀ ਮੈ ਵੀ ਕਹਾਂ ਕਿ ਕੋਈ ਵਿੱਚੋਂ ਗੱਲ ਜਰੂਰ ਆ। ਅੱਗਿਓਂ ਗੁਰਜੀਤ ਬੋਲਦਿਆਂ ਬੋਲਦਿਆਂ ਰੁਕ ਗਿਆ ਚੂੰਕਿ ਉਸ ਨੇ ਰਾਣੀ ਦੇ

ਕਦਮਾਂ ਦੀ ਆਹਟ ਸੁਣ ਲਈ ਸੀ। ਜੋਗਿੰਦਰ ਕੌਰ ਦੀਆਂ ਅੱਖਾਂ ਵੀ ਓਧਰ ਨੂੰ ਹੋ ਗਈਆਂ ਤੇ ਉਹ ਚੌਕੰਨੀ ਹੋ ਗਈ ਅਤੇ ਆਪਣੇ ਖੁੱਲ੍ਹੇ ਵਾਲਾਂ ਦਾ ਜੂੜਾ ਬਣਾਉਣ ਲੱਗੀ।

ਪਿਆਰਾ ਸਿੰਘ ਵੀ ਹੁਣ ਹੌਲੀ-ਹੌਲੀ ਠੀਕ ਹੋਣ ਲੱਗਾ ਸੀ। ਉਸ ਨੂੰ ਖ਼ੁਦ ਵੀ ਆਰਾਮ ਮਹਿਸੂਸ ਹੋਣ ਲੱਗਾ। ਉਹ ਹੁਣ ਹਮੇਸ਼ਾ ਰਾਣੀ ਦੀ ਪੈੜ ਉਡੀਕਦਾ ਕਿ ਉਹ ਕਦੋਂ ਕੰਮ ਧੰਦੇ ਤੋਂ ਵਿਹਲੀ ਹੋ ਕੇ ਉਸ ਕੋਲ ਬੈਠੇ ਤੇ ਚੰਦ ਬੋਲ ਸਾਂਝੇ ਕਰੇ। ਉਸ ਨੂੰ ਉਸ ਦਾ ਬਹੁਤ ਧਰਵਾਸਾ ਸੀ। ਸ਼ਾਇਦ ਉਸ ਦੀ ਸੇਵਾ ਦਾ ਫਲ ਸੀ ਕਿ ਉਹ ਆਪਣੇ ਆਪ ਨੂੰ ਕੁਝ ਠੀਕ ਠਾਕ ਮਹਿਸੂਸ ਕਰ ਰਿਹਾ ਸੀ। -ਚਾਣਚਕ ਉਸਨੂੰ ਬਾਹਰੋਂ ਸਕੂਟਰ ਦੀ ਆਵਾਜ ਸੁਣਾਈ ਦਿੱਤੀ - ਜ਼ਰੂਰ ਰਾਣੀ ਈ ਹੋਵੇਗੀ ?

ਰਾਣੀ ਹੀ ਸੀ। ਉਹ ਸਕੂਟਰ ਵਿਹੜੇ ਵਿਚ ਖੜ੍ਹਾ ਕਰਕੇ ਰਸੋਈ ਵਿਚ ਕੁਝ ਖਾਣ ਪੀਣ ਦਾ ਸਾਮਾਨ ਰੱਖਣ ਚਲੀ ਗਈ ਅਤੇ ਕੁਝ ਹੀ ਮਿੰਟਾਂ ਬਾਅਦ ਪਿਆਰਾ ਸਿੰਘ ਕੋਲ ਆ ਖੜ੍ਹੀ ਹੋਈ। ਕੁਝ ਦਵਾਈਆਂ ਉਥੇ ਟੇਬਲ 'ਤੇ ਟਿਕਾਈਆਂ ਅਤੇ ਇਕ ਸ਼ੀਸ਼ੀ ਵਿੱਚੋ ਤੇਲ ਲੈ ਕੇ ਪਿਆਰਾ ਸਿੰਘ ਦੇ ਕੋਲ ਬਹਿ ਗਈ ਚਲੋ ਪਾਪਾ ਜੀ ਤਿਆਰ ਹੋ ਜਾਵੋ ਮਾਲਸ਼ ਕਰਾਉਣ ਲਈ।

-ਨਹੀ ਪੁੱਤ ! ਤੂੰ ਬਾਹਰੋ ਆਈ ਐ ਥੱਕੀ ਹੋਮੇਗੀ ਰਾਮ ਕਰ। ਪਿਆਰਾ ਸਿੰਘ ਕਹਿਣ ਹੀ ਲੱਗਾ ਸੀ ਕਿ ਰੁਪਿੰਦਰ ਨੇ ਡਾਕਟਰਾਂ ਵਾਲਾ ਹੁਕਮ ਚਾੜ੍ਹਿਆ-ਚਲੋ ਚੁੱਪ ਕਰਕੇ ਮਾਲਿਸ਼ ਕਰਵਾਓ ਨਹੀਂ ਫੇਰ ਤੁਸੀਂ ਮੈਨੂੰ ਜਾਣਦੇ ਈ ਹੋ।

ਹਾਲਾਂਕਿ ਜਦੋਂ ਵੀ ਉਹ ਪਿਆਰਾ ਸਿੰਘ ਦੇ ਮਾਲਿਸ਼ ਕਰਦੀ ਜਾਂ ਨਹਾਉਂਦੀ ਧਵਾਉਂਦੀ ਸੀ ਤਾਂ ਉਸਨੂੰ ਬਹੁਤ ਸ਼ਰਮ ਆਉਂਦੀ। ਉਸ ਹਮੇਸ਼ ਵਾਂਗ ਅੱਜ ਵੀ ਕਿਹਾ-ਪੁੱਤ! ਔਖਾ-ਸੌਖਾ ਮੈਂ ਆਪ ਈ ਕਰ ਲਿਆ ਕਰੂੰਗਾ

ਪਰ ਰਾਣੀ ਦੀ ਜ਼ਿੱਦ ਅੱਗੇ ਉਸ ਦੀ ਪੇਸ਼ ਨਾ ਚੱਲਦੀ। ਪਿਆਰਾ ਸਿੰਘ ਦਾ ਗਲ਼ਾ ਵੀ ਭਰ ਆਉਂਦਾ ਤੇ ਅੱਖਾਂ ਵੀ। ਅੱਖਾਂ ਵਿੱਚੋਂ ਕਈ ਵਾਰ ਤਾਂ ਤ੍ਰਿਪ ਤ੍ਰਿਪ ਹੰਝੂ ਵੀ ਵਗਣ ਲੱਗਦੇ।

ਹਾਲਾਂਕਿ ਰਾਣੀ ਨੇ ਇੱਕ ਵਾਰ ਨਹੀਂ ਇਸ ਦੇ ਇਵਜ਼ ਅਨੇਕ ਵਾਰ ਕਿਹਾ ਸੀ ਧੀਆਂ ਕੋਲੋਂ ਕਾਹਦੀ ਸ਼ਰਮ ਪਾਪਾ ਜੀ ? ਇਵੇਂ ਪਿਆਰਾ ਸਿੰਘ ਲਾ-ਜਵਾਬ ਹੋ ਜਾਂਦਾ ਤੇ ਚੰਗੇ ਬੱਚਿਆਂ ਵਾਗ ਖਾਮੋਸ਼ੀ ਧਾਰ ਜਾਦਾ।

ਅਤੇ ਸ਼ਾਇਦ ਰੁਪਿੰਦਰ ਦੀ ਸੇਵਾ ਦਾ ਅਸਰ ਸੀ ਜਾਂ ਡਾਕਟਰਾਂ ਦੀਆਂ ਦਵਾਈਆਂ ਦਾ-ਪਿਆਰਾ ਸਿੰਘ ਚੰਗਾ ਭਲਾ ਹੋਣ ਲੱਗਾ ਸੀ।

ਪਰ ਇਸ ਦੇ ਉਲਟ ਜੋਗਿੰਦਰ ਕੌਰ ਤੇ ਗੁਰਜੀਤ ਸਕੀਮਾਂ ਲੜਾਉਦੇ ਰਹਿੰਦੇ ਅਤੇ ਪਿਆਰਾ ਸਿੰਘ ਦੀ ਮੌਤ ਦੀ ਉਡੀਕ ਕਰਦੇ ਪਰ ਹੁਣ ਜਦੋਂ ਉਹ ਉਠਣ-ਬੈਠਣ ਹੀ ਨਹੀ ਤੁਰਨ ਫਿਰਨ ਜੋਗਾ ਵੀ ਹੋ ਗਿਆ ਸੀ ਤਾਂ ਉਹ ਚਿੰਤਤ ਹੋਣ ਲੱਗੇ। ਉਹ ਆਨੇ-ਬਹਾਨੇ ਦੋਹਾਂ ਦੇ ਨਾਜਾਇਜ਼ ਸਬੰਧ ਬਿਆਂ ਕਰਨੋਂ ਵੀ ਬਾਜ਼ ਨਾ ਆਉਂਦੇ। ਗਲੀ ਗੁਆਂਢ ਵਿਚ ਥੋੜ੍ਹੀ ਬਹੁਤ ਉੱਡੀ ਖ਼ਬਰ ਨੂੰ ਹੀ ਲੂਣ ਮਸਾਲਾ ਲਾ ਕੇ ਰੁਪਿੰਦਰ ਤੇ ਪਿਆਰਾ ਸਿੰਘ ਨੂੰ ਸੁਣਾ ਕੇ ਕਹਿ ਵੀ ਛੱਡਦੇ ਲੈ ਹੋਰ ਕੀ ਸਾਡਾ ਤਾਂ ਭਾਈ ਐਥੇ ਜਿਉਣਾ ਵੀ ਦੁੱਭਰ ਹੋਇਆ ਪਿਆ ਸਾਥੋਂ ਨੀ ਸੁਣ ਹੁੰਦੀਆਂ ਰੋਜ਼ ਰੋਜ਼ ਲੋਕਾਂ ਦੀਆਂ ਗੱਲਾਂ।

ਰਾਣੀ ਸਾਰਾ ਕੁਝ ਜਾਣਦੀ, ਸਮਝਦੀ ਵੀ ਚੁੱਪ ਹੀ ਰਹਿੰਦੀ ਪਰ ਪਿਆਰਾ ਸਿੰਘ ਤੋ ਰਿਹਾ ਨਾ ਜਾਂਦਾ। ਉਹ ਬੋਲਦਾ, ਟੋਕਦਾ। ਇਕ ਦਿਨ ਤਾਂ ਉਹ ਜੋਗਿੰਦਰ ਕੌਰ ਨੂੰ ਘੁੰਢੀ ਲੈ ਕੇ ਵੀ ਪੈ ਨਿਕਲਿਆ-ਜੇ ਹੁਣ ਕਦੇ ਅਹੀ ਜੀਆਂ ਗੱਲਾਂ ਕੀਤੀਆਂ ਤਾਂ ਪਰ ਇਸ ਤੋਂ ਅਗਾਂਹ ਉਹ ਵੀ ਕੁਝ ਨਾ ਬੋਲਦਾ। ਬੇਵਸ ਤੇ ਲਾਚਾਰ ਜਿਹਾ ਮੁੜ ਬੈੱਡ ਤੇ ਲੇਟ ਜਾਂਦਾ।ਪਰ ਰਾਣੀ ਆਪਣੀ ਸੱਸ ਤੇ ਪਤੀ ਨੂੰ ਕਦੇ ਕਦਾਈਂ ਸੁਣਾ ਵੀ ਜਾਂਦੀ ਲੋਕ ਜੋ ਮਰਜ਼ੀ ਪਏ ਆਖਣ ਨਾ ਮੈਨੂੰ ਇਸ ਦੀ ਕੋਈ ਪਰਵਾਹ ਐ ਨਾ ਹੀ ਮੇਰੇ ਪਾਪਾ ਜੀ ਨੂੰ।

ਇੱਕ ਸਵੇਰ ਤਾਂ ਪਿਆਰਾ ਸਿੰਘ ਨੇ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਬਹੁਤ ਚੰਗਾ-ਚੰਗਾ ਮਹਿਸੂਸ ਕੀਤਾ। ਦਰਅਸਲ ਉਸਨੂੰ ਅੱਧੀ ਰਾਤ ਤੋਂ ਬਾਅਦ ਸਵੇਰੇ-ਸਵੇਰੇ ਇੱਕ ਸੁਪਨਾ ਆਇਆ ਸੀ ਸੁਪਨਾ ਤਾਂ ਕਾਫੀ ਲੰਬਾ ਸੀ ਪਰ ਇਸ ਦਾ ਅੰਤ ਇਵੇ ਸੀ ਜੋਗਿੰਦਰ ਕੌਰ ਕਿਸੇ ਸਾਧ ਨਾਲ ਦੌੜ ਗਈ ਗਰਜੀਤ ਸਿੰਘ ਦਾ ਕਿਸੇ ਔਰਤ ਨਾਲ ਨਾਜਾਇਜ਼ ਸਬੰਧਾਂ ਕਰਕੇ ਕਿਸੇ ਨੇ ਕਤਲ ਕਰ ਦਿੱਤਾ। ਗੁਰਜੀਤ ਦੇ ਕਤਲ ਤੋ ਬਾਅਦ ਉਹ ਰਾਣੀ ਦੀ ਡੋਲੀ ਨੂੰ ਵਿਦਾ ਕਰਦਿਆਂ ਆਪਣੇ ਆਪ ਨੂੰ ਬਹੁਤ ਹੀ ਹਲਕਾ ਮਹਿਸੂਸ ਕਰ ਰਿਹਾ ਸੀ ਚਲੋ ਧੀ ਦੀ ਕਬੀਲਦਾਰੀ ਵੀ ਨਬੇੜੀ ਗਈ। ਪ੍ਰੰਤੂ ਉਸ ਦੀ ਅੱਖ ਖੁੱਲ੍ਹ ਗਈ। ਸਵੇਰ ਦੇ ਚਾਰ ਵੱਜ ਚੁੱਕੇ ਸਨ।

ਉਹ ਹਾਲੇ ਆਪਣੇ ਆਪ ਨੂੰ ਪੂਰੀ ਸਹਿਜ ਅਵੱਸਥਾ ਵਿਚ ਲਿਆਉਣ ਦੇ ਯਤਨ ਵਿੱਚ ਸੀ ਕਿ ਰਾਣੀ ਉਸਦੇ ਬੈੱਡ ਸਰਾਹਣੇ ਆ ਖੜ੍ਹੀ ਹੋਈ। ਉਸ ਤੋਂ ਚਾਹ ਦਾ ਕੱਪ ਫੜ ਕੇ ਉਸ ਪਾਸੇ ਟਿਕਾ ਦਿੱਤਾ ਤੇ ਰਾਣੀ ਨੂੰ ਆਪਣੇ ਬੈੱਡ ਕੋਲ ਹੀ ਬੈੱਡ ਤੇ ਬਿਠਾ ਲਿਆ ਤੇ ਪਿਆਰ ਨਾਲ ਅਰਜ ਕੀਤੀ ਰਾਣੀ ਪੁੱਤ ! ਮੇਰੀ ਇਕ ਬੇਨਤੀ ਐ। ਪਿਆਰਾ ਸਿੰਘ ਨੇ ਉਸ ਦੇ ਸਿਰ 'ਤੇ ਹੱਥ ਧਰਿਆ।

-ਬੇਨਤੀ ਨੀ ਪਾਪਾ ਜੀ ਤੁਸੀ ਹੁਕਮ ਕਰੋ। ਰਾਣੀ ਇਕਦਮ ਬੋਲ ਉਠੀ।

-ਨਹੀ ਪੁੱਤ ! ਮੈ ਤਾਂ ਬੱਸ ਇਹੀ ਅਰਜ਼ ਕਰਨੀ ਸੀ ਕਿ ਅੱਜ ਈ ਤੂੰ ਮੇਰੇ ਨਾਲ ਕਚੈਹਰੀ ਚੱਲੀਂ ਇਹ ਜ਼ਮੀਨ ਜੈਦਾਦ ਤੇਰੇ ਨਾਉਂ ਕਰਾਉਣੀ ਐ-ਮੇਰਾ ਕੀ ਭਰੋਸਾ ਭਾਈ।

ਉਸ ਦੇ ਇਹ ਬੋਲ ਸੁਣ ਕੇ ਰਾਣੀ ਦੇ ਅੰਦਰ ਅਜੀਬ ਕਸ਼ਮਕਸ਼ ਨੇ ਜਨਮ ਲਿਆ ਪਰ ਅਗਲੇ ਹੀ ਪਲ ਉਹ ਸਹਿਜ ਹੋ ਗਈ-ਨਹੀਂ ਪਾਪਾ ਜੀ, ਇਮੇ ਨਾ ਆਖੋ-ਤੁਸੀ ਲੰਬੀ ਉਮਰ ਭੋਗੋਗੇ। ਜਿੱਥੇ ਤੱਕ ਜ਼ਮੀਨ ਜੈਦਾਦ ਦਾ ਸਬੰਧ ਰਿਹਾ ਮੈਨੂੰ ਕਿਸੇ ਵੀ ਅਜਿਹੀ ਸ਼ੈਅ ਦੀ ਜ਼ਰੂਰਤ ਨਹੀ ਮੈਨੂੰ ਤਾਂ ਬੱਸ ਥੋਡਾ ਅਸ਼ੀਰਵਾਦ ਈ ਬਹੁਤ ਐ।

-ਅਸ਼ੀ ਅ-ਰ ਵਾਦ ? ਪਿਆਰਾ ਸਿੰਘ ਦੇ ਹੋਠਾਂ 'ਤੇ ਇਹ ਸ਼ਬਦ ਤਿਲਮਿਲਾਉਣ ਲੱਗੇ। ਉਸ ਤੋ ਅਗਾਂਹ ਬੋਲਿਆ ਨਹੀ ਸੀ ਜਾ ਰਿਹਾ, ਉਸ ਦਾ ਗਲਾ ਭਰ ਆਇਆ ਤੇ ਅੱਖਾਂ ਵਿੱਚੋ ਵੀ ਅੱਥਰੂ ਕਿਰਨ ਲੱਗੇ ਇਹ ਤਾ ਹਮੇਸ਼ਾਂ ਪੁੱਤ ਮੇਰਾ ਤੇਰੇ ਨਾਲ ਈ ਰਹੂਗਾ ਮੇਰੀ ਰਾਣੀ ਧੀਏ ਅਸ਼ੀਰਵਾਦ।

□□□

# ਗ਼ਜ਼ਲ ਸੰਗ੍ਰਹਿ ਪੁੰਨਿਆਂ : ਵਿਚਾਰਧਾਰਾਈ ਪ੍ਰਸੰਗ

*ਡਾ. ਸੁਨੀਤਾ ਰਾਣੀ*

ਸੁਖਵਿੰਦਰ ਅੰਮ੍ਰਿਤ ਨੇ ਸਮਕਾਲੀ ਪੰਜਾਬੀ ਕਵਿਤਾ ਅਤੇ ਗ਼ਜ਼ਲ ਦੇ ਖੇਤਰ ਵਿਚ ਮੱਹਤਵਪੂਰਨ ਸਥਾਨ ਬਣਾ ਲਿਆ ਹੈ। ਉਸਨੇ ਇਹ ਸਥਾਨ ਕਾਵਿ ਰਚਨਾ 'ਚ ਮੌਜੂਦ ਵੱਖਰਤਾ ਤੇ ਵਿਲੱਖਣਤਾ ਕਰਕੇ ਬਣਾਇਆ ਹੈ। ਇਸਦੀ ਕਾਵਿ ਸਿਰਜਣਾ ਸਮਕਾਲੀ ਨਾਰੀ ਕਾਵਿ ਦੇ ਨਾਲ ਸੁਰ ਨਹੀਂ ਮਿਲਾਉਂਦੀ ਸਗੋਂ ਵੱਖਰੀ ਸੁਰ ਅਖ਼ਤਿਆਰ ਕਰਦੀ ਹੈ। ਉਹ ਸਮਕਾਲੀ ਕਵਿਤੱਰੀਆਂ ਜਿਵੇਂ ਮਨਜੀਤ ਟਿਵਾਣਾ, ਡਾ. ਵਨੀਤਾ, ਪਾਲ ਕੌਰ, ਮਨਜੀਤਪਾਲ ਕੌਰ, ਸ਼ਸ਼ੀ ਸਮੁੰਦਰਾ, ਨਿਰੂਪਮਾ ਦੱਤ, ਅਮਰ ਜਿਉਤੀ, ਰਾਣੀ ਨਰਿੰਦਰ ਆਦਿ ਨਾਲੋਂ ਕਾਵਿ ਖੇਤਰ ਵਿਚ ਵਿੱਥ ਥਾਪਦੀ ਨਜ਼ਰ ਆਉਂਦੀ ਹੈ। ਇਹ ਵਿੱਥ ਵਿਚਾਰਧਾਰਕ ਤੌਰ 'ਤੇ ਵੇਖੀ ਜਾ ਸਕਦੀ ਹੈ। ਉਹ ਹੋਰ ਕਵਿੱਤਰੀਆਂ ਵਾਂਗ ਮਰਦ ਨੂੰ ਖਲਨਾਇਕ, ਬਘਿਆੜ ਆਦਿ ਦੇ ਰੂਪ ਵਿਚ ਪੇਸ਼ ਕਰਨ ਦੀ ਬਜਾਇ ਮਹਿਬੂਬ/ਦੋਸਤ/ਪ੍ਰੇਮੀ ਅਤੇ ਖ਼ੁਦਾ ਦੇ ਰੂਪ ਵਿਚ ਪੇਸ਼ ਕਰਦੀ ਹੈ।

ਸੁਖਵਿੰਦਰ ਅੰਮ੍ਰਿਤ ਦਾ ਕਾਵਿ ਸਫ਼ਰ ਤਕਰੀਬਨ ਤਿੰਨ ਦਹਾਕਿਆਂ 'ਚ ਫੈਲਿਆ ਹੋਇਆ ਹੈ। ਉਹ 'ਸੂਰਜ ਦੀ ਦਹਿਲੀਜ਼' ਤੋਂ ਲੈ ਕੇ ਹੁਣ ਤੱਕ ਨਿਰੰਤਰ ਕਾਵਿ ਸਿਰਜਣਾ ਵਿਚ ਯਤਨਸ਼ੀਲ ਦਿਖਾਈ ਦੇ ਰਹੀ ਹੈ। ਇਸ ਦੀ ਰਚਨਾ ਵਿਚ ਬਹੁ-ਨਾਦੀ ਧੁਨੀਆਂ ਨੂੰ ਸੁਣਿਆ ਜਾ ਸਕਦਾ ਹੈ। ਪਰੰਤੂ ਮੁਖ ਧੁਨੀ ਮੁਹੱਬਤ ਦੀ ਹੀ ਉਭਰਦੀ ਹੈ। ਉਸ ਦੀ ਮੁਹੱਬਤ ਦੋਸਤ ਤੋਂ ਸ਼ੁਰੂ ਹੋ ਕੇ ਖ਼ੁਦਾ ਵਿਚ ਰੁਪਾਂਤਰਿਤ ਹੋ ਜਾਂਦੀ ਹੈ। ਇਸ ਦੇ ਦਰਮਿਆਨ ਉਸ ਦੀ ਕਾਵਿ ਨਾਇਕਾ ਮਹਿਬੂਬ, ਪ੍ਰੇਮੀ, ਆਸ਼ਕ ਲਈ ਤੜਪਦੀ, ਸਹਿਕਦੀ ਵੇਖੀ ਜਾ ਸਕਦੀ ਹੈ। ਇਸੇ ਸੰਬੰਧੀ ਡਾ਼ ਯੋਗਰਾਜ ਦੇ ਕਥਨ ਨੂੰ ਪੜ੍ਹਿਆ ਜਾ ਸਕਦਾ ਹੈ :

ਸਮਕਾਲੀ ਪੰਜਾਬੀ ਕਵਿਤਾ ਵਿਚ ਲੱਗਭਗ ਹਰ ਕਵਿੱਤਰੀ ਵਿਚ ਮੁਹੱਬਤ ਦੀ ਚਿਹਨਕਾਰੀ ਹੈ ਪਰ ਪਿਆਰ ਕਵਿਤਾ ਦੇ ਤੌਰ 'ਤੇ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਆਪਣੀ ਵਿਲੱਖਣਤਾ ਨੂੰ ਸਾਬਿਤ ਕਰਕੇ ਸਥਾਪਿਤ ਹੁੰਦੀ ਹੈ। ਭਾਵੇਂ ਕਿ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ

*ਸਹਾਇਕ ਪ੍ਰੋਫ਼ੈਸਰ, ਖਾਲਸਾ ਕਾਲਜ ਫਾਰ ਵਿਮੈਨ, ਸਿਵਿਲ ਲਾਈਨਜ਼, ਲੁਧਿਆਣਾ।*
*ਫੋਨ : : 9592256494*

ਹੋਰ ਨਾਰੀ ਸਰੋਕਾਰ ਵੀ ਪੇਸ਼ ਹੋ ਰਹੇ ਹਨ ਪਰ ਉਸ ਦੀ ਜਿਹੜੀ ਵਿਲੱਖਣਤਾ ਪਿਆਰ ਕਵਿਤਾ ਦੀ ਬਣਦੀ ਹੈ। ਉਸ ਸਾਹਮਣੇ ਉਸ ਦੇ ਬਾਕੀ ਵਿਸ਼ੇ ਗੌਣ ਰਹਿ ਜਾਂਦੇ ਹਨ। ਸੁਖਵਿੰਦਰ ਅੰਮ੍ਰਿਤ ਵੀ ਸਮਕਾਲੀ ਪੰਜਾਬੀ ਕਵਿਤਾ ਵਿਚ ਨਿਰੰਤਰ ਲਿਖਣ ਵਾਲੀ ਮਹੱਤਵਪੂਰਨ ਕਵਿੱਤਰੀ ਦੇ ਤੌਰ 'ਤੇ ਸਥਾਪਿਤ ਕਵਿੱਤਰੀਆਂ ਦੀ ਪਾਲ 'ਚ ਸ਼ਾਮਿਲ ਹੈ।.....ਉਸ ਦੀ ਵਿਲੱਖਣਤਾ ਇਕ ਸਮਰੱਥਾਸ਼ਾਲੀ ਗ਼ਜ਼ਲ ਸ਼ਾਇਰਾ ਦੀ ਵੀ ਬਣਦੀ ਹੈ। ਸੁਖਵਿੰਦਰ ਅੰਮ੍ਰਿਤ ਦੀ ਪਿਆਰ ਦੀ ਸ਼ਾਇਰੀ ਸਮਰਪਣ ਦੀ ਸ਼ਾਇਰੀ ਹੈ, ਇਸ ਵਿਚ ਸਕੂਨ, ਸੁਹਜ ਸੰਵੇਦਨਾ ਅਤੇ ਖੀਵੇ ਹੋਣ ਦਾ ਅਹਿਸਾਸ ਹੈ। ਇਸ ਦੀ ਸ਼ਾਇਰੀ ਵਿਚ ਪਿਆਰ ਦਾ ਅਹਿਸਾਸ ਇਕ ਊਰਜਾ ਦੇ ਅਹਿਸਾਸ ਦੀ ਤਰ੍ਹਾਂ ਹੈ।[1]

ਸੁਖਵਿੰਦਰ ਅੰਮ੍ਰਿਤ ਦੀ ਰਚਨਾ ਦਾ ਕੇਂਦਰੀ ਥੀਮ ਮੁਹੱਬਤ ਲਈ ਸਮਰਪਣ ਬਣਦਾ ਹੈ। ਉਹ ਮੁਹੱਬਤ ਦੀਆਂ ਤੰਦਾਂ ਨੂੰ ਆਦਰਸ਼ ਰੂਪ ਵਿਚ ਬੁਣਦੀ ਹੈ। ਉਸ ਲਈ ਮਹਿਬੂਬ ਇਕ ਆਦਰਸ਼ ਹੈ, ਮੰਜ਼ਿਲ ਹੈ ਤੇ ਖ਼ੁਦਾਈ ਬੰਦਗੀ ਹੈ। ਨਵੀਂ ਪੰਜਾਬੀ ਕਵਿਤਾ ਵਿਚ ਇਹ ਥੀਮ ਵੱਖਰਾ, ਵਿਲੱਖਣ ਤੇ ਨਵਾਂ ਹੈ। ਇਸੇ ਵੱਖਰਤਾ ਨੇ ਹੀ ਸੁਖਵਿੰਦਰ ਅੰਮ੍ਰਿਤ ਨੂੰ ਆਧੁਨਿਕ ਨਾਰੀਵਾਦੀ ਕਵਿਤਾ ਵਿਚ ਵਿਸ਼ੇਸ ਸਥਾਨ 'ਤੇ ਖੜ੍ਹਾ ਕੀਤਾ ਹੈ ਅਤੇ ਵਿਸ਼ੇਸ਼ ਕਿਸਮ ਦਾ ਪਾਠਕ ਵਰਗ ਵੀ ਪੈਦਾ ਕੀਤਾ ਹੈ। ਇਹ ਵਿਸ਼ੇਸ਼ ਕਿਸਮ ਦਾ ਪਾਠਕ ਵਰਗ ਨੌਜਵਾਨ ਮੁੰਡੇ ਕੁੜੀਆਂ ਦਾ ਹੈ ਜਿਸ ਵੱਲ ਸੁਰਜੀਤ ਪਾਤਰ ਵੀ 'ਪੁੰਨਿਆਂ' ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਵਿਚ ਜ਼ਿਕਰ ਕਰਦਾ ਹੈ :

ਉਸ ਨੂੰ ਰੋਜ਼ ਉਨ੍ਹਾਂ ਮੁੰਡਿਆਂ ਤੇ ਕੁੜੀਆਂ ਦੇ ਖ਼ਤ ਆਉਂਦੇ ਹਨ ਜਿਨ੍ਹਾਂ ਲਈ ਉਹ ਪ੍ਰੇਰਣਾ ਸਰੋਤ ਹੈ, ਜਿਨ੍ਹਾਂ ਲਈ ਉਹ ਆਸ ਦੀ ਕਿਰਨ ਹੈ, ਜਿਨ੍ਹਾਂ ਲਈ ਉਹ ਜਿਉਣ ਦਾ ਅੰਦਾਜ਼ ਹੈ।[2]

ਪੰਜਾਬੀ ਦੇ ਵੱਖ-ਵੱਖ ਕਵੀਆਂ ਨੇ ਮੁਹੱਬਤ ਦੇ ਬਹੁਨਾਦੀ ਸੁਰਾਂ ਨੂੰ ਆਪਣੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤਾ ਹੈ। ਮੱਧਕਾਲੀ ਸੂਫ਼ੀ ਕਵੀ ਸਮਾਜਿਕ ਮਸਲਿਆਂ ਦੀ ਪੇਸ਼ਕਾਰੀ ਇਸ਼ਕ ਨੂੰ ਮਾਧਿਅਮ ਬਣਾ ਕੇ ਕਰਦੇ ਰਹੇ ਸਨ। ਸ਼ਿਵ ਕੁਮਾਰ ਬਟਾਲਵੀ ਮੁਹੱਬਤ ਨੂੰ ਵਿਯੋਗ ਤੇ ਮੋਹ ਦੇ ਦਵੰਦਵਾਦੀ ਰਿਸ਼ਤੇ ਰਾਹੀ ਉਲੀਕਦਾ ਹੈ। ਸੂਫ਼ੀ ਕਵੀ ਮੁਰਸ਼ਦ ਵਿਚੋਂ ਹੀ ਰੱਬ ਦੇ ਦੀਦਾਰ ਕਰਦੇ ਸਨ। ਕਵਿੱਤਰੀ ਇਸ ਮਹਿਬੂਬ ਨੂੰ ਛਾਂ ਦੇਣ ਵਾਲਾ ਬਿਰਖ ਦੇ ਰੂਪ ਵਿਚ ਚਿਤਰਦੀ ਹੈ। ਇਹ ਰਿਸ਼ਤਾ ਇਨਸਾਨੀ ਖ਼ੁਦਗਰਜ਼ਾਂ ਤੋਂ ਉਲਟ ਮਾਨਵੀ ਸੰਵੇਦਨਸ਼ੀਲ ਭਾਵਨਾਵਾਂ ਦੀ ਟੇਕ 'ਤੇ ਉਸਰਦਾ ਹੈ।

ਸੁਖਵਿੰਦਰ ਅੰਮ੍ਰਿਤ ਦੀ ਪੰਜਾਬੀ ਸਾਹਿਤ ਵਿਚ ਪਛਾਣ ਇਕ ਗ਼ਜ਼ਲਕਾਰਾ ਦੇ ਤੌਰ 'ਤੇ ਹੀ ਸਥਾਪਿਤ ਹੋਈ ਹੈ। ਪੰਜਾਬੀ ਵਿਚ ਵਿਭਿੰਨ ਗ਼ਜ਼ਲ ਮੰਚਾਂ 'ਤੇ ਉਸ ਦੀ ਸ਼ਿਰਕਤ ਇਸ ਦੀ ਗਵਾਹੀ ਭਰਦੀਆਂ ਹਨ। ਇਸ ਗੱਲ ਦਾ ਸੰਕੇਤ ਸੁਰਜੀਤ ਪਾਤਰ 'ਪੁੰਨਿਆਂ' ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਵਿਚ ਕਰਦਾ ਹੈ :

ਪਿਛਲੇ ਦਿਨੀਂ ਉਹ ਵਿਸ਼ਵ ਪੰਜਾਬੀ ਕਾਨਫ੍ਰੰਸ ਦੇ ਡੈਲੀਗੇਟ ਦੇ ਤੌਰ 'ਤੇ ਲਾਹੌਰ ਗਈ। ਦੂਸਰੀ ਸ਼ਾਮ ਕਵੀ ਦਰਬਾਰ ਸੀ। ਮੁਨੀਰ ਨਿਆਜ਼ੀ, ਅਫਜ਼ਲ ਅਹਿਸਨ ਰੰਧਾਵਾ, ਅਫ਼ਜ਼ਲ ਸਾਹਿਰ, ਕੰਵਲ ਮੁਸ਼ਤਾਕ, ਸ਼ਰੀਫ਼ ਕੁੰਜਾਹੀ, ਸੰਤੋਖ ਸਿੰਘ ਧੀਰ.... ਤੇ ਹੋਰ ਬਹੁਤ ਸਾਰੇ ਕਹਿੰਦੇ ਕਹਾਉਂਦੇ ਪੰਜਾਹ ਤੋਂ ਵੱਧ ਸ਼ਾਇਰ ਉਥੇ ਹਾਜ਼ਰ ਸਨ। ਸੁਖਵਿੰਦਰ ਦੀਆਂ ਕਵਿਤਾਵਾਂ ਨੇ ਸਰੋਤਿਆਂ ਤੇ ਜਿਵੇਂ ਜਾਦੂ ਹੀ ਧੂੜ ਦਿੱਤਾ। ਹਰ ਕੋਈ ਏਹੀ ਕਹਿ ਰਿਹਾ ਸੀ: ਸੁਖਵਿੰਦਰ ਨੇ ਲਾਹੌਰ ਲੁੱਟ

ਲਿਆ। ਅਖ਼ਬਾਰਾਂ ਨੇ ਉਸ ਦੀਆਂ ਇੰਟਰਵਿਊਆਂ ਛਾਪੀਆਂ। ਕਾਨਫ੍ਰੰਸ ਦੇ ਪਾਣੀਆਂ ਤੇ ਉਸ ਦੇ ਸ਼ਿਅਰ ਕੰਵਲ ਦੇ ਫੁੱਲਾਂ ਵਾਂਗ ਤਰ ਰਹੇ ਸਨ।[3]

ਉਸ ਦੀਆਂ ਕੁਝ ਗ਼ਜ਼ਲਾਂ ਔਰਤ ਦੀ ਹੋਂਦ ਬਾਰੇ ਵੀ ਚੇਤੰਨ ਕਰਦੀਆਂ ਹਨ। ਉਹਨਾਂ ਸਥਿਤੀਆਂ-ਪਰ-ਸਥਿਤੀਆਂ ਤੇ ਵਰਤਾਰਿਆਂ ਵੱਲ ਵੀ ਸੰਕੇਤ ਕਰਦੀ ਹੈ ਜੋ ਔਰਤ ਨੂੰ ਘਟਾ ਕੇ ਵੇਖਦੇ ਹਨ। ਜਿਵੇ :

ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ
ਤੂੰ ਆਪਣੀ ਆਤਮਾ ਦਾ ਹੁਸਨ ਬਸ ਰੱਖੀਂ ਬਚਾ ਕੇ ।[4]

ਉਹ ਮੁਹੱਬਤ ਦੀ ਰਾਹ ਵਿਚ ਆਉਣ ਵਾਲੀਆਂ ਵਿਪਰੀਤ ਸੰਸਥਾਵਾਂ (ਧਰਮ, ਮਰਿਆਦਾ, ਸਮਾਜ) ਨੂੰ ਵੀ ਵਗਾਰਦੀ ਹੈ। ਇਹ ਠੀਕ ਹੈ ਕਿ ਸਮਾਜ ਉਸ ਦੀਆਂ ਕਵਿਤਾਵਾਂ ਵਿਚ ਆਪਣੇ ਵਿਰੋਧਾਂ ਸਮੇਤ ਪੇਸ਼ ਨਹੀਂ ਹੋਇਆ। ਇਨ੍ਹਾਂ ਪ੍ਰਤੀਮਾਨਕ ਸਮਾਜਿਕ ਸੰਸਕ੍ਰਿਤਕ ਸੰਸਥਾਵਾਂ ਬਾਰੇ ਪ੍ਰਤੀਕਰਮ ਜ਼ਰੂਰ ਪ੍ਰਗਟ ਹੋਏ ਸਨ। ਅਸਲ ਵਿਚ ਵਿਭਿੰਨ ਸੰਸਥਾਵਾਂ ਦੇ ਵਿਰੋਧਾਂ ਨੂੰ ਗ਼ਜ਼ਲ ਕਾਵਿ ਰੂਪ ਵਿਚ ਸੰਕੇਤਕ ਢੰਗ ਨਾਲ ਹੀ ਪੇਸ਼ ਕੀਤਾ ਜਾ ਸਕਦਾ ਹੈ। ਉਹ ਕਿਤੇ-ਕਿਤੇ ਧਾਰਮਿਕ ਮਰਿਆਦਾ ਬਾਰੇ ਪ੍ਰਤੀਕਰਮ ਵੀ ਪ੍ਰਗਟ ਕਰਦੀ ਹੈ ਜਿਹੜੀ ਮੁਹੱਬਤ ਦੇ ਪਾਕ ਅਤੇ ਭਾਵਨਾਤਮਕ ਅਸਲੇ ਨੂੰ ਨਜ਼ਰ ਅੰਦਾਜ਼ ਕਰਕੇ ਪ੍ਰਤੀਮਾਨਕ ਸੰਸਕ੍ਰਿਤਕ ਬੰਦਸ਼ਾਂ ਲਾਉਂਦੀ ਹੈ :

ਛਾਂਗ ਦਿੱਤਾ ਬਿਰਖ ਤੋਂ ਉਸ ਨੂੰ ਸ਼ਰ੍ਹਾ ਦੀ ਧਾਰ ਨੇ
ਵਕਤ ਨੂੰ ਇਤਰਾਜ਼ ਸੀ ਉਹ ਸ਼ਾਖ਼ ਲਹਿਰਾਏ ਕਿਓਂ।[5]

ਜਾਂ

ਉੱਚੀ ਹੋਈ ਲਾਟ ਜਦ ਵੀ ਇਸ਼ਕ ਦੀ
ਰੰਗ ਰਸਮਾਂ ਵਾਲਿਆਂ ਦੇ ਉਡ ਗਏ।[6]

ਸੁਖਵਿੰਦਰ ਅੰਮ੍ਰਿਤ ਦੀ ਕਾਵਿ ਸਿਰਜਣਾ ਵਿਚ ਇਕ ਦਵੰਦ ਦੇਖਣ ਨੂੰ ਮਿਲਦਾ ਹੈ। ਇਸ ਦਵੰਦ ਨੂੰ ਸਮਾਜਿਕ ਕਦਰਾਂ-ਕੀਮਤਾਂ ਤੇ ਇਸਤਰੀ ਭਾਵਨਾਵਾਂ ਦੀ ਅਭਿਵਿਅਕਤੀ ਦੇ ਟਕਰਾਓ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਸ ਦੇ ਗ਼ਜ਼ਲ ਦੇ ਕੁਲ ਸ਼ਿਅਰ ਸਮਾਜਿਕ ਕਦਰਾਂ-ਕੀਮਤਾਂ ਨੂੰ ਕੈਦ ਕਰਾਰ ਦਿੰਦੇ ਹਨ। ਜਿਵੇਂ :

ਇਹ ਰਸਮਾਂ, ਨੇਮ, ਬੰਧਨ ਬੇੜੀਆਂ ਦੁਨੀਆ ਦੀ ਖਾਤਰ ਨੇ
ਮੁਹੱਬਤ ਤੇ ਇਬਾਦਤ ਨੂੰ ਕੋਈ ਬੰਦਿਸ਼ ਨਹੀਂ ਹੁੰਦੀ।[7]

ਇਸ ਦੀ ਸ਼ਾਇਰੀ ਵਿਚ ਭਾਵਨਾਵਾਂ ਨੂੰ ਬੇਬਾਕੀ ਨਾਲ ਪੜ੍ਹਿਆ ਜਾ ਸਕਦਾ ਹੈ। ਪਿਆਰ ਨੂੰ ਬਹੁਤ ਸ਼ਿਦਤ ਨਾਲ ਮਹਿਸੂਸ ਤੇ ਵਿਅਕਤ ਕੀਤਾ ਗਿਆ ਹੈ। ਜਿਵੇਂ :

ਮੈਂ ਤਾਂ ਬਸ ਅਪਣੇ ਹੀ ਰੌਂ ਵਿਚ
ਲਹਿਰਾਂ ਵਾਂਗੂੰ ਮਚਲ ਰਹੀ ਸੀ
ਉਹ ਵੀ ਸੀ ਕੋਈ ਤਪਦਾ ਖੰਜਰ

ਇਸ ਦਾ ਮੈਨੂੰ ਖ਼ਿਆਲ ਨਹੀਂ ਸੀ।[8]

ਉਹ ਔਰਤ ਦੇ ਬੜੇ ਹੀ ਕੋਮਲ ਤੇ ਪਾਕ ਜਜ਼ਬਿਆਂ ਨੂੰ ਸ਼ਾਇਰੀ ਰਾਹੀਂ ਪੇਸ਼ ਕਰਦੀ ਹੈ। ਉਹ ਆਪਣੇ ਆਪ ਨੂੰ ਮਰਦ ਦੇ ਖੇਮੇ ਵਿਚ ਬੇਬਸ ਤੇ ਤਰਸਯੋਗ ਮਹਿਸੂਸ ਕਰਦੀ ਹੈ। ਉਹ ਇਸ਼ਕ ਦੇ ਔਖਰੇ ਸੁਭਾਅ ਤੋਂ ਭਲੀਭਾਂਤ ਜਾਣੂ ਹੈ। ਰੱਤ ਪੀ ਕੇ ਇਸ਼ਕ ਦੇ ਚਿਹਰੇ 'ਤੇ ਜਲੌਅ ਆਉਂਦਾ ਹੈ। ਇਸ ਦੀ ਸ਼ਾਇਰੀ ਵਿਚ ਦਰਦ ਹੈ, ਦਰਦ ਨੂੰ ਮਹਿਸੂਸ ਕਰਨ ਦਾ ਜਿਗਰ ਹੈ। ਇਹ ਅਨੁਭਵ ਉਸ ਦਾ ਆਪਣਾ ਹੈ। ਰਚਨਾਕਾਰ ਦਾ ਅਨੁਭਵ ਜਿੰਨਾ ਡੂੰਘਾ ਤੇ ਵਿਸ਼ਾਲ ਹੋਵੇ ਗਾ, ਰਚਨਾ ਉਤਨੀ ਹੀ ਪਕੇਰੀ ਤੇ ਚਿਰਕਾਲੀ ਹੋਵੇਗੀ। ਇਸੇ ਹੀ ਸੰਬੰਧ ਵਿਚ ਡਾ. ਯੋਗਰਾਜ ਦਾ ਕਥਨ ਪੜ੍ਹਿਆ ਜਾ ਸਕਦਾ ਹੈ :

ਸੁਖਵਿੰਦਰ ਅੰਮ੍ਰਿਤ ਮੁਹੱਬਤ ਦੇ ਪ੍ਰਵਚਨਾਂ ਰਾਹੀਂ ਸਦੀਵੀ ਮਾਨਵੀ ਤਰੰਗਾਂ ਨੂੰ ਪੇਸ਼ ਕਰਨ ਵਿਚ ਵੀ ਸਫ਼ਲ ਹੋ ਜਾਂਦੀ ਹੈ। ਇਹ ਅਹਿਸਾਸ ਐਨੇ ਸਾਧਾਰਨੀਕ੍ਰਿਤ ਹੋ ਕੇ ਪੇਸ਼ ਹੁੰਦੇ ਹਨ ਕਿ ਹਰ ਸ਼ਖ਼ਸ ਨੂੰ ਆਪਣੇ ਪ੍ਰਤੀਤ ਹੁੰਦੇ ਹਨ। ਜਦੋਂ ਕਿਸੇ ਰਚਨਈ ਸ਼ਖ਼ਸੀਅਤ ਦੇ ਅਹਿਸਾਸ ਸਾਧਾਰਨੀਕ੍ਰਿਤ ਹੋ ਕੇ ਸਦੀਵੀ ਅਰਥਾਂ ਦੇ ਸੰਵਾਹਕ ਹੋ ਜਾਣ ਤਾਂ ਰਚਨਾ ਮੁੱਲਵਾਨ ਵੀ ਹੋ ਜਾਂਦੀ ਹੈ ਅਤੇ ਚਿਰਸਥਾਈ ਵੀ।[9]

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚਲੀ ਨਾਇਕਾ ਦੇ ਮਨ ਵਿਚ ਪਿਆਰ ਦਾ ਸੁਖਦ ਅਹਿਸਾਸ ਵੀ ਹੈ ਤੇ ਬਿਹਬਲਤਾ ਵੀ ਹੈ। ਉਹ ਪਿਆਰ ਦੇ ਅੰਬਰੀਂ ਅਕਾਸ਼ੀ ਉਡਾਰੀਆਂ ਮਾਰਦੀ ਖੀਵੀ ਹੋ ਕੇ ਫਿਰਦੀ ਹੈ। ਇਸ ਦੀ ਸ਼ਾਇਰੀ ਵਿਚ ਸੂਫ਼ੀਆਨਾ ਰੰਗ ਵੀ ਦੇਖਣ ਨੂੰ ਮਿਲਦਾ ਹੈ। ਜਿਵੇਂ :

ਇਹ ਸੁਆ ਹੈ ਹਨੇਰੇ 'ਚੋਂ ਲੰਘ ਜਾਏਗੀ
ਇਹ ਦੁਆ ਹੈ ਜਵਾਲਾ 'ਚੋਂ ਖਿੜ ਆਏਗੀ
ਰਾਖ਼ ਹੋ ਕੇ ਵੀ ਇਹ ਅਨਲਹੱਕ ਗਾਏਗੀ
ਮੇਰੀ ਮਿੱਟੀ ਦਾ ਏਹੋ ਹੀ ਖਾਸਾ ਸਹੀ।[10]

ਜਾਂ

ਮੈਂ ਉਸੇ ਕਹਾਣੀ ਦੀ ਅਗਲੀ ਕੜੀ ਹਾਂ
ਕਹੇ ਕੋਈ ਮੀਰਾ ਜਾ ਮਨਸੂਰ ਮੈਨੂੰ।[11]

ਸੁਖਵਿੰਦਰ ਅੰਮ੍ਰਿਤ ਦੀ ਕਾਵਿ ਰਚਨਾ ਨੂੰ ਜਨ ਸਧਾਰਨ ਵਿਚ ਇਸ ਕਰਕੇ ਵੀ ਸਵੀਕਾਰਿਆ ਤੇ ਅਪਣਾਇਆ ਗਿਆ ਹੈ ਕਿਉਂਕਿ ਇਸ ਦੀ ਰਚਨਾ ਲੋਕਧਾਰਾਈ ਪੰਜਾਬੀ ਅਵਚੇਤਨ ਤੱਕ ਰਸਾਈ ਕਰਦੀ ਹੈ। ਲੋਕਧਾਰਾਈ ਅੰਸ਼ ਕਵਿਤਾ ਦੀ ਪੜ੍ਹਤ ਨੂੰ ਵਧੇਰੇ ਪੜ੍ਹਨਯੋਗ ਬਣਾਉਂਦੇ ਹਨ। ਜਿਵੇਂ :

ਮੈਂ ਤਖਤ ਫੂਕੇ ਤੇ ਤਾਜ ਸਾੜੇ
ਮੈਂ ਖੇੜਿਆਂ ਦੀ ਜ਼ੰਜੀਰ ਤੋੜੀ

ਐ ਮੇਰੇ ਰਾਝਣ, ਐ ਮੇਰੇ ਚਾਨਣ
ਮੈਂ ਹਰ ਹਨੇਰੇ ਨੂੰ ਚੀਰ ਆਈ।[12]

ਜਾਂ

ਬਹਾਰ, ਭੈਰਵ, ਖਮਾਜ, ਪੀਲੂ
ਤੇ ਨਾ ਬਿਲਾਵਲ, ਬਿਹਾਗ ਕੋਈ
ਸੁਰਾਂ 'ਚ ਤੜਪੇ ਜੋ ਆਦਿ ਯੁਗ ਤੋਂ
ਉਹ ਤੇਰਾ ਮੇਰਾ ਵੈਰਾਗ ਕੋਈ।[13]

ਇਸ ਦੀ ਸ਼ਾਇਰੀ ਵਿਚ ਸੰਯੋਗ ਤੇ ਵਿਯੋਗ ਦੇ ਪਲਾਂ ਦਾ ਚਿਤਰਨ ਮਿਲਦਾ ਹੈ। ਸੰਯੋਗ ਤੇ ਵਿਯੋਗ ਇਸ਼ਕ ਦੇ ਦੋ ਅਨਿੱਖੜ ਪਾਸਾਰ ਹਨ। ਇਹਨਾਂ ਤੋਂ ਬਿਨਾ ਇਸ਼ਕ ਦਾ ਮੁਹਾਂਦਰਾ ਪ੍ਰਗਟ ਨਹੀਂ ਹੋ ਸਕਦਾ ਹੈ। ਜਿੰਨੀ ਵਿਯੋਗ ਦੀ ਅਵਸਥਾ ਡੂੰਘੀ ਤੇ ਚਿਰਕਾਲੀ ਹੋਵੇਗੀ, ਸੰਯੋਗ ਓਨਾ ਹੀ ਗਹਿਰਾ ਤੇ ਅਨੰਦਮਈ ਹੋਵੇਗਾ। ਸੰਯੋਗ ਤੇ ਵਿਯੋਗ ਦੇ ਸੁਮੇਲ ਤੋਂ ਹੀ ਇਸ਼ਕ ਦੇ ਨਕਸ਼ ਵਧੇਰੇ ਡੂੰਘੇ ਤੇ ਪਛਾਣਯੋਗ ਬਣਦੇ ਹਨ। ਅਜਿਹੇ ਸ਼ਿਅਰ ਮਨੁੱਖੀ ਅਵਚੇਤਨ ਵਿਚ ਡੂੰਘੀ ਉਦਾਸੀ ਤੇ ਇੱਕਲਤਾ ਤੱਕ ਰਸਾਈ ਕਰਦੇ ਪ੍ਰਤੀਤ ਹੁੰਦੇ ਹਨ। ਜਿਵੇ:

ਕੀਹਨੇ ਮਿੱਟੀ ਦੀ ਤੜਪ ਸਹਿਣੀ ਸੀ
ਕੀਹਨੇ ਪਾਣੀ ਦਾ ਦੁੱਖ ਸਮੋਣਾ ਸੀ
ਮੇਰੀ ਹਸਤੀ ਦਾ ਦਰਦ ਆਖ਼ਰ ਨੂੰ
ਤੇਰੀ ਅੱਗ 'ਚ ਅਭੇਦ ਹੋਣਾ ਸੀ।[14]

ਜਾਂ

ਤੇਰਿਆਂ ਹੋਠਾਂ 'ਤੇ ਹੁਣ ਬੰਸੀ ਵੀ ਜਰ ਹੁੰਦੀ ਨਹੀਂ
ਹਾਏ, ਦਿਲ ਦੀ ਬੇਕਰਾਰੀ ਬਿਆਨ ਕਰ ਹੁੰਦੀ ਨਹੀਂ।[15]

ਜਾਂ

ਕਦੋਂ ਮੁਮਕਿਨ ਸੀ ਮੇਰੀ ਤਪਸ਼ ਨੂੰ ਉਹ ਹੋਠ ਲਾਉਂਦਾ
ਉਹ ਮੇਰੀ ਖ਼ਾਕ ਨੂੰ ਦੂਰੋਂ ਖੜੋ ਕੇ ਦੇਖਦਾ ਸੀ।[16]
ਨੌਂ ਮਣ ਲੱਕੜਾਂ ਇਕ ਚਿੰਗਾਰੀ
ਤੀਲ੍ਹਾ ਤੀਲ੍ਹਾ ਉਮਰ ਗੁਜ਼ਾਰੀ
ਜਿਸ ਵਿਚ ਰੁੱਤ ਬਸੰਤ ਵੀ ਆਉਂਦੀ
ਐਸਾ ਕੋਈ ਸਾਲ ਨਹੀਂ ਸੀ।[17]

ਜਾਂ

ਇਕ ਨਸ਼ਿਆਇਆ ਪਲ ਆਇਆ ਸੀ
ਉਸੇ ਪਲ ਮੇਰੀ ਉੱਡ ਗਈ ਚੁੰਨੀ
ਫਿਰ ਉਮਰਾਂ ਦੀ ਵਾਟ ਸੀ ਸੁੰਨੀ
ਪੁੰਨੂੰ ਮੇਰੇ ਨਾਲ ਨਹੀਂ ਸੀ।[18]

ਜਿੱਥੇ ਇਹ ਸ਼ਿਅਰ ਕਾਵਿ ਨਾਇਕਾ ਦੀ ਤੜਪ, ਦਰਦ ਨੂੰ ਪੇਸ਼ ਕਰਦੇ ਹਨ। ਇਸ ਅਵਸਥਾ ਤੋਂ ਬਾਅਦ ਸੰਯੋਗ ਦੀ ਅਵਸਥਾ ਵੀ ਆਉਂਦੀ ਹੈ, ਜਿੱਥੇ ਕਾਵਿ ਨਾਇਕਾ ਆਨੰਦ ਤੇ ਭਰਪੂਰਤਾ ਮਹਿਸੂਸ ਕਰਦੀ ਹੈ। ਜਿਵੇਂ :

ਭੁੱਲ ਗਏ ਸਭ ਪੋਹ ਦੇ ਠੱਕੇ
ਸ਼ਾਖ਼ ਮੇਰੀ 'ਚੋਂ ਫੁੱਟ ਪਏ ਪੱਤੇ
ਤੂੰ ਜਦ ਘੁੱਟ ਕੇ ਸੀਨੇ ਲਾਇਆ
ਕੋਈ ਫੇਰ ਸਿਆਲ ਨਹੀਂ ਸੀ।[19]

ਉਸ ਦੀ ਸ਼ਾਇਰੀ ਵਿਚ ਵਸਲ ਦੀਆਂ ਘੜੀਆਂ ਦਾ ਸੁਖਾਵਾਂ ਆਨੰਦ ਵੀ ਹੈ। ਇਸ਼ਕ ਵਿਚ ਖੀਵੀ ਨਾਇਕਾ ਲਾਚਾਰ, ਬੇਬੱਸ ਔਰਤ ਨਹੀਂ ਸਗੋਂ ਅਜਿਹੀ ਨਾਇਕਾ ਹੈ ਜਿਹੜੀ ਆਪਣੀ ਹੋਂਦ ਪ੍ਰਤੀ ਚੇਤੰਨ ਹੈ। ਇਹ ਕਾਵਿ ਨਾਇਕਾ ਆਪਣੇ ਮਹਿਬੂਬ ਨੂੰ ਖ਼ੁਦਾ ਦਾ ਰੂਪ ਹੀ ਮੰਨਦੀ ਹੈ। ਜਿਵੇ :

ਐ ਮੇਰੇ ਪਿਆਰੇ ਮੁਰਸ਼ਦ, ਇਸ ਮਾਤ-ਲੋਕ ਅੰਦਰ
ਤੂੰ ਖ਼ੁਦ ਖ਼ੁਦਾ ਹੈ ਜਾਂ ਹੈ ਉਸ ਦਾ ਸਫ਼ੀਰ ਕੋਈ।[20]

ਜਾਂ

ਐ ਮੇਰੇ ਪਿਆਰੇ ਮੁਰਸ਼ਦ, ਮੈਨੂੰ ਪਤਾ ਨਹੀਂ ਸੀ
ਤੂੰ ਹੀ ਮੇਰੀ ਖ਼ੁਦਾਈ ਤੂੰ ਹੀ ਖ਼ੁਦਾ ਹੋ ਜਾਣਾ।[21]

ਕਾਵਿ ਨਾਇਕਾ ਨੂੰ ਗਿਲਾ ਹੈ ਕਿ ਉਸ ਦਾ ਮਹਿਬੂਬ ਬੇਪਰਵਾਹ ਹੈ। ਉਹ ਉਸ ਦੀ ਸੁਹਿਰਦਤਾ, ਭਾਵੁਕ ਵੇਦਨਾ ਅਤੇ ਰੂਹਾਨੀ ਮੁਹੱਬਤ ਨੂੰ ਨਹੀਂ ਸਮਝਦਾ। ਉਹ ਰੂਹ ਦੇ ਰਿਸ਼ਤੇ ਨੂੰ ਸਮਝਣ ਵਿਚ ਨਾ-ਕਾਮਯਾਬ ਹੈ। ਜਿਵੇਂ :

ਤਿੱਖੀ ਧਾਰ 'ਤੇ ਤੁਰ ਕੇ ਵੀ ਮੈਂ
ਚਾਨਣ ਤੀਕਰ ਪਹੁੰਚ ਸਕੀ ਨਾ।[22]

ਜਾਂ

ਜੇ ਨਹੀਂ ਸੀ ਕੋਲ ਤੇਰੇ ਇਸ ਲਈ ਕੋਈ ਆਕਾਸ਼
ਇਸ ਕੁੜੀ ਨੂੰ ਸੁਪਨਿਆਂ ਦੇ ਖੰਭ ਤੂੰ ਲਾਏ ਕਿਉਂ।[23]

ਜਾਂ

ਗੱਜਿਆ ਵੀ, ਚਮਕਿਆ ਵੀ, ਦਿਲ ਕੀਤਾ ਬਰਸਿਆ ਵੀ

ਕਿਸੇ ਆਸਮਾਂ ਤੋਂ ਧਰਤੀ ਦਾ ਦਰਦ ਹਰ ਨਾ ਹੋਇਆ।[24]

ਸੁਖਵਿੰਦਰ ਅੰਮ੍ਰਿਤ ਪਿਆਰ ਦੇ ਜੀਵੰਤ ਅਹਿਸਾਸ ਅਤੇ ਜੀਵੰਤ ਕਾਇਆ ਦੀ ਕਵਿੱਤਰੀ ਹੈ। ਉਹ ਸਭਿਆਚਕ ਘੇਰਾਬੰਦੀਆਂ ਤੋਂ ਬਹੁਤੀ ਸੁਚੇਤ ਨਹੀਂ ਹੈ। ਇਸ ਦੀ ਕਾਵਿ ਨਾਇਕਾ ਸੁਪਨੇ ਨੂੰ ਯਥਾਰਥ ਵਿਚ ਨਾ ਰੁਪਾਂਤਰਿਤ ਹੁੰਦਾ ਵੇਖ ਕੇ ਤੜਪਦੀ ਹੈ।

ਇਸ ਦੀ ਕਾਵਿ ਨਾਇਕਾ ਸਭਿਆਚਾਰ ਦੀ ਵਲਗਣ ਤੋਂ ਬਾਹਰ ਜਾ ਕੇ ਪ੍ਰਾਕ੍ਰਿਤਕ ਜੀਵਨ ਜਿਉਣਾ ਲੋਚਦੀ ਹੈ। ਅਜਿਹਾ ਜੀਵਨ ਉਹ ਸੁਪਨਿਆਂ ਵਿਚ ਜਿਉਂਦੀ ਪ੍ਰਤੀਤ ਹੁੰਦੀ ਹੈ। ਉਹ ਇਨ੍ਹਾਂ ਵਲਗਣਾ (ਪਰਿਵਾਰ, ਸਮਾਜ ਵਿਆਹ-ਸੰਸਥਾ) ਨੂੰ ਕਿਉਂ ਤੋੜਨਾ ਲੋਚਦੀ ਹੈ। ਇਸ ਸਵਾਲ ਦੇ ਜਵਾਬ ਲਈ ਡਾ. ਸੁਖਦੇਵ ਸਿੰਘ ਸਿਰਸਾ ਦਾ ਕਥਨ ਵਧੇਰੇ ਤਰਕਸੰਗਤ ਹੈ :

ਪਰਿਵਾਰ ਤੇ ਵਿਆਹ ਦੇ ਪ੍ਰਵਾਨਿਤ ਰਿਸ਼ਤੇ ਸਮਾਜ ਵਲੋਂ ਤਾਂ ਸਵੀਕਾਰੇ ਹੋਏ ਤੇ ਵੈਧ ਹੁੰਦੇ ਹਨ ਪਰ ਇਹ ਜ਼ਿਆਦਾਤਰ ਸੰਵੇਦਨਾਵੀ ਸੇਕ ਤੋਂ ਵਿਹੂਣੇ ਹੁੰਦੇ ਹਨ, ਮੁਹੱਬਤ ਦਾ ਰਿਸ਼ਤਾ ਅਪ੍ਰਵਾਨਿਤ ਪਰ ਸ਼ਿੱਦਤ ਭਰਪੂਰ ਹੁੰਦਾ ਹੈ। ਨੈਤਿਕ ਮਰਿਆਦਾ ਦੀ ਰਾਮਕਾਰ ਤੇ ਦੁਨਿਆਵੀ ਰਿਸ਼ਤਿਆਂ ਦਾ ਤੌਂਕ ਔਰਤ-ਮਰਦ ਸੰਬੰਧਾਂ ਦੀ ਜਜ਼ਬਾਤੀ ਗਰਮਾਹਟ ਨੂੰ ਸੁੰਨ ਕਰਦਾ ਹੈ।[25]

ਇਸੇ ਵਰਤਾਰੇ ਨੂੰ ਕਾਵਿ ਮਾਧਿਅਮ ਰਾਹੀਂ ਵੀ ਸਮਝਿਆ ਜਾ ਸਕਦਾ ਹੈ।

ਅਸੀਸਾਂ ਆਈਆਂ ਦੁਆਵਾਂ ਆਈਆਂ

ਡੰਗੋਰੀ ਫੜ ਸਿੱਖਿਆਵਾਂ ਆਈਆ

ਨਵੀਂ ਵਿਆਹੀ ਦੀ ਰਾਖੀ ਖਾਤਰ

ਇਹ ਨਾਲ ਲਛਮਣ-ਲਕੀਰ ਆਈ।[26]

ਉਸ ਦੀ ਕਵਿਤਾ ਵਿਚ ਘਰ, ਮਰਦ, ਝਾਂਜਰ, ਚੂੜੀ, ਮੁਹੱਬਤ ਆਦਿ ਸ਼ਬਦ ਆਪਣੀ ਪੁਰਾਣੀ ਕੁੰਜ ਲਾਹ ਕੇ ਅਸਲੋਂ ਨਵੇਂ ਅਰਥਾਂ ਵਿਚ ਸਾਹਮਣੇ ਆਉਂਦੇ ਹਨ। ਇਥੇ ਉਸ ਦੀ ਕਵਿਤਾ ਦਾ ਇਕ ਹੋਰ ਨੁਕਤਾ ਧਿਆਨ ਖਿੱਚਦਾ ਹੈ ਕਿ ਉਸਦੀ ਕਾਵਿ ਨਾਇਕਾ ਦੀਆਂ ਮਨ ਇੱਛਤ ਭਾਵਨਾਵਾਂ ਅਤੇ ਯਥਾਰਥ ਦਾ ਤਣਾਓ ਕਾਵਿ ਸਿਰਜਨਾ ਰਾਹੀਂ ਉਦੈ ਹੁੰਦਾ ਹੈ। ਇਸ ਦੀ ਕਾਵਿ ਨਾਇਕਾ ਆਪਣੀਆਂ ਅਤ੍ਰਿਪਤ ਕਾਮਨਾਵਾਂ ਦਾ ਇਕ ਕਲਪਿਤ ਸੰਸਾਰ ਉਸਾਰਦੀ ਜਾਂ ਉਲੀਕਦੀ ਹੈ। ਜਿਸ ਦਾ ਸਮਾਜੀ ਵਿਧੀ-ਵਿਧਾਨ ਨਾਲ ਇਕ ਤਣਾਓ ਬਣਦਾ ਹੈ। ਕਾਵਿ ਨਾਇਕਾ ਦੇ ਅਵਚੇਤਨ ਵਿਚ ਮਹਿਬੂਬ ਦਾ ਪਿਆਰ ਮਾਣਨ ਦੀ ਲਾਲਸਾ ਚਰਮ ਸੀਮਾ ਉੱਪਰ ਹੈ ਪਰੰਤੂ ਸਭਿਆਚਾਰਕ ਕਦਰਾਂ-ਕੀਮਤਾਂ ਉਸ ਦੇ ਮਨ-ਇੱਛਤ ਸੰਸਾਰ ਨੂੰ ਯਥਾਰਥਕ ਜਾਂ ਹਕੀਕੀ ਨਹੀਂ ਬਣਨ ਦਿੰਦੇ। ਇਸੇ ਕਰਕੇ ਇਕ ਤਣਾਓ ਪਸਰਦਾ ਹੈ। ਕਾਵਿ ਨਾਇਕਾ ਤਣਾਓ ਲਈ ਸਮਾਜੀ ਵਿਧੀ ਵਿਧਾਨ ਦੇ ਯਥਾਰਥਕ ਵਿਸ਼ਲੇਸ਼ਣ ਤੋਂ ਮੁਕਤ ਹੈ ਇਸੇ ਕਰਕੇ ਉਹ ਆਪਣਾ ਇਕ ਸੁਪਨ ਸੰਸਾਰ ਸਿਰਜਦੀ ਹੈ। ਇਹ ਸੁਪਨ ਸੰਸਾਰ ਆਦਰਸ਼ਕ ਭਾਵਾਂ ਦਾ ਲਖਾਇਕ ਹੋ ਜਾਂਦਾ ਹੈ। ਇਹ ਸਮਾਜੀ ਵਿਧੀ ਵਿਧਾਨ ਜੇਕਰ ਟਕਰਾਓ ਦੀ ਸਥਿਤੀ ਵਿਚ ਆਉਂਦਾ ਹੈ ਤਾਂ ਕਾਵਿ ਨਾਇਕਾ ਦੀ ਸੰਤੁਸ਼ਟੀ ਤੱਕ ਸੀਮਤ ਨਹੀਂ ਹੁੰਦਾ ਸਗੋਂ ਮਾਨਵੀ ਆਜ਼ਾਦੀ ਦੇ ਚੰਹੁਮੁਖੀ ਸਰੋਕਾਰਾਂ ਨਾਲ ਜੁੜ ਸਕਦਾ ਸੀ। ਜਿਸ ਕਾਵਿ ਨਾਇਕਾ ਦੀ ਸ਼ਖਸੀਅਤ ਦੇ ਨਕਸ਼, ਕਾਵਿ ਦੇ ਮਾਧਿਅਮ ਰਾਹੀਂ ਉਭਰ ਰਹੇ ਹਨ, ਇਸ ਦਾ ਸਮਾਜਿਕ,

ਮਾਨਸਿਕ ਤੇ ਯਥਾਰਥਕ ਵਾਤਾਵਰਨ ਕਿਹੋ ਜਿਹਾ ਹੈ। ਅਜਿਹੀ ਕਾਵਿ ਨਾਇਕਾ ਦੇ ਚੌਗਿਰਦੇ ਦੀ ਤਸਵੀਰ ਡਾ. ਸਰਬਜੀਤ ਸਿੰਘ ਦੇ ਕਥਨ ਰਾਹੀਂ ਸਮਝੀ ਜਾ ਸਕਦੀ ਹੈ :

ਤਥਾਕਥਿਤ ਅਜ਼ਦ ਭਾਰਤ ਦੇ ਵਰਜਣਾ ਮੁਖੀ ਸਮਾਜ ਸੰਬੰਧਾਂ ਵਿਚੋਂ ਉਪਜਿਆ-ਵਿਗਸਿਆ ਮਨੁੱਖ ਕਿੰਨਾ ਵਿੰਗ-ਤੜਿੰਗਾ, ਉਭੜ-ਖਾਭੜ, ਚਿੱਬ ਖੜਿੱਬਾ ਅਤੇ ਭੰਨਿਆ-ਭੰਜਿਆ ਹੋਇਆ ਹੈ, ਜੋ ਮਨੁੱਖ ਹੋਣ ਨਾਤੇ ਅਸੀਮ ਮੁਹੱਬਤੀ ਭਾਵਨਾਵਾਂ ਰੱਖਦਾ ਹੈ। ਇਨ੍ਹਾਂ ਭਾਵਨਾਵਾਂ ਨੇ ਮੁਕਤ ਰੂਪ ਵਿਚ ਆਜ਼ਾਦ ਹੋ ਕੇ ਤ੍ਰਿਪਤ ਹੋਣਾ ਸੀ ਪਰੰਤੂ ਤਥਾਕਥਿਤ ਆਜ਼ਾਦੀ ਵਿਚ ਇਹ ਗੁਲਾਮ ਹੋ ਕੇ ਮਨੁੱਖ ਦੇ ਮਨ ਇੱਛਤ ਸੰਸਾਰ ਵਿਚ ਇਕ ਕਲਪਿਤ ਲੋਕ ਸਿਰਜਦੀਆਂ ਹਨ। ਤਥਾ ਕਥਿਤ ਆਜ਼ਾਦ ਭਾਰਤ ਨੇ ਅਜਿਹੇ ਮਨੁੱਖ ਦੀ ਸਿਰਜਣਾ ਕੀਤੀ ਹੈ ਜਿਹੜਾ ਅਤ੍ਰਿਪਤੀ ਅਤੇ ਅਸੰਤੁਸ਼ਟੀ ਦੀ ਜਿਲਣ ਦਾ ਸ਼ਿਕਾਰ ਹੈ। ਇਸ ਜਿੱਲਣ ਵਿਚ ਉੱਸਰਿਆ-ਨਿੱਸਰਿਆਂ ਮਨੁੱਖ ਆਪਣੇ ਅੰਦਰਲੇ ਮਨੁੱਖ ਦੀਆਂ ਇੱਛਾਵਾਂ ਅਤੇ ਚਾਹਤਾਂ ਨਾਲੋਂ ਵੱਖਰਾ ਹੈ। ਵਰਜਣਾ ਮੁੱਖ ਸਮਾਜ ਦਾ ਸਿਰਜਿਆ ਮਨੁੱਖ ਸਮਾਜ ਵਿਚ ਵਿਚਰਦਿਆਂ ਨਰੜਿਆ ਹੋਇਆ ਵਰ੍ਹੇ ਕੱਟ ਰਿਹਾ ਪਰੰਤੂ ਉਸ ਦਾ ਅੰਦਰਲਾ ਮਨੁੱਖ ਵਰਜਣਾ ਤੋਂ ਪਾਰ ਝਾਕਦਾ ਹੋਇਆ ਮੁਹੱਬਤੀ ਅਤੇ ਭਾਵਕ ਪਲਾਂ ਦਾ ਜਸ਼ਨ ਚਾਹੁੰਦਾ ਹੈ। ਇਹ ਭਾਰਤੀ-ਪੰਜਾਬੀ ਮਨੁੱਖ ਦੀ ਦੂਹਰੀ ਸ਼ਖ਼ਸੀਅਤ ਹੈ, ਜਿਸ ਦੀ ਮਾਨਸਿਕਤਾ ਝਰੀਟੀ ਹੋਈ ਹੈ।[27]

ਸੋ ਸੁਖਵਿੰਦਰ ਅੰਮ੍ਰਿਤ ਦੀ ਕਾਵਿ ਨਾਇਕਾ ਉਸ ਸੁਤੰਤਰ ਭਾਰਤ ਦੀ ਹੈ ਜੋ 1947 ਦੀ ਵੰਡ ਤੋਂ ਬਾਅਦ ਰਾਜਨੀਤਿਕ ਤੌਰ 'ਤੇ ਤਾਂ ਆਜ਼ਾਦ ਹੋ ਗਿਆ ਸੀ ਪਰੰਤੂ ਸਭਿਆਚਾਰਕ, ਮਾਨਸਿਕ ਅਤੇ ਧਾਰਮਿਕ ਵਲਗਣਾਂ ਨਾਲ ਵਲਿਆ ਹੀ ਰਹਿ ਗਿਆ। ਅਜਿਹੇ ਸਮਾਜ ਵਿਚ ਮੁਹੱਬਤ ਚਰਿੱਤਰ ਨੂੰ ਮਨਫ਼ੀ ਕਰਨ ਦੇ ਤੁੱਲ ਹੈ। ਅਜਿਹਾ ਮਨੁੱਖ ਦੂਹਰੀ ਸ਼ਖ਼ਸੀਅਤ ਦਾ ਧਾਰਨੀ ਹੈ। ਉਸ ਕਾਵਿ ਨਾਇਕਾ ਦਾ ਅੰਦਰਲਾ ਸੰਸਾਰ ਮੁਹੱਬਤ ਦੇ ਪਲ ਮਾਨਣ ਨੂੰ ਬਹਿਬਲ ਤੇ ਤਤਪਰ ਹੈ ਪਰੰਤੂ ਬਾਹਰਲਾ ਸਮਾਜੀ ਪ੍ਰਬੰਧ ਉਸ ਨੂੰ ਆਦਰਸ਼ਕ ਜੀਵਨ ਜੀਉਣ ਲਈ ਮਜਬੂਰ ਕਰਦਾ ਹੈ। ਅਜਿਹੀ ਦੁਵੱਲੀ ਸ਼ਖ਼ਸੀਅਤ ਵਿਚ ਮਨੁੱਖ ਦੀਆ ਮਾਨਵੀ ਤੇ ਮੁਹੱਬਤੀ ਸੰਵੇਦਨਾਵਾਂ ਝਰੀਟੀਆਂ ਜਾਂਦੀਆਂ ਹਨ। ਤਾਂ ਫਿਰ ਮਨੁੱਖ ਇਕ ਪੂਰਾ ਭਰਿਆ ਜੀਵਨ ਨਹੀਂ ਗੁਜਾਰਦਾ ਸਗੋਂ ਖੱਪਿਆਂ ਦੇ ਵਿਚ ਜੀਵਨ ਨਿਰਬਾਹ ਕਰਦਾ ਹੈ।

ਸੋ ਉਪਰੋਕਤ ਵਿਚਾਰ ਚਰਚਾ ਅਧੀਨ ਅਸੀਂ ਕਹਿ ਸਕਦੇ ਹਾਂ ਕਿ ਸੁਖਵਿੰਦਰ ਅੰਮ੍ਰਿਤ ਦੀ ਕਾਵਿ ਸਿਰਜਣਾ ਦਾ ਆਧਾਰ ਮੁਹੱਬਤ ਬਣਦਾ ਹੈ। ਉਹ ਨਿੱਜੀ ਅਨੁਭਵ ਨੂੰ ਕਾਵਿ ਦੇ ਮਾਧਿਅਮ ਰਾਹੀਂ ਢਾਲਦੀ ਹੈ। ਕਾਵਿ ਉਸ ਦੀਆਂ ਨਿੱਜੀ ਭਾਵਨਾਵਾ ਨੂੰ ਜ਼ੁਬਾਨ ਦਿੰਦਾ ਹੈ। ਉਸ ਦੀ ਮੁਹੱਬਤ ਦੀ ਸਭ ਤੋਂ ਵੱਡੀ ਸਮੱਸਿਆ ਇਹ ਬਣਦੀ ਹੈ ਕਿ ਉਹ ਮੁਹੱਬਤ ਦੇ ਰਾਹੀਂ ਕਿਸੇ ਸਮਾਜਿਕ ਚੇਤਨਾ ਨੂੰ ਨਹੀਂ ਜਗਾ ਰਹੀ। ਉਹ ਸਭਿਆਚਾਰਕ ਵਲਗਣਾਂ ਤੋਂ ਪਾਰ ਜਾ ਕੇ ਪ੍ਰਾਕ੍ਰਿਤਕ ਜੀਵਨ ਜਿਓਣਾ ਲੋਚਦੀ ਹੈ। ਇਹ ਪ੍ਰਾਕ੍ਰਿਤਕ ਜੀਵਨ ਜਿਉਣ ਦਾ ਸੁਪਨਾ ਜਦੋਂ ਯਥਾਰਥ ਦੇ ਰੂ-ਬ-ਰੂ ਹੁੰਦਾ ਹੈ ਤਾਂ ਟੁੱਟਦਾ ਭੱਜਦਾ ਤੇ ਖਿੰਡਿਆ ਹੋਇਆ ਦਿਖਦਾ ਹੈ। ਸੋ ਇਸ ਗ਼ਜ਼ਲ ਸੰਗ੍ਰਹਿ ਦੀ ਨਾਇਕਾ ਪਿਆਰ ਮੁਹੱਬਤ ਨੂੰ ਲੋਚਦੀ ਹੋਈ ਮਾਨਸਿਕ ਪੀੜਾ ਹੰਢਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਯੋਗਰਾਜ, ਪੰਜਾਬੀ ਕਵਿਤਾ ਉੱਤਰ ਪੰਜਾਬ ਸੰਕਟ, ਪੰਨਾ 186-87
2. ਸੁਰਜੀਤ ਪਾਤਰ, ਚੁੱਲ੍ਹੇ ਵਿਚ ਬਲਦੀਆਂ ਕਵਿਤਾਵਾਂ ਤੇ ਹਜ਼ਾਰ ਰੰਗਾਂ ਦੀ ਲਾਟ

(ਭੂਮਿਕਾ), ਪੁੰਨਿਆਂ, ਸੁਖਵਿੰਦਰ ਅੰਮ੍ਰਿਤ, ਪੰਨਾ 18

3. ਉਹੀ, ਪੰਨਾ 11

4. ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਪੰਨਾ 19

5. ਉਹੀ, ਪੰਨਾ 45

6. ਉਹੀ, ਪੰਨਾ 67

7. ਉਹੀ, ਪੰਨਾ 59

8. ਉਹੀ, ਪੰਨਾ 36

9. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ, ਪੰਨਾ 159

10. ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਪੰਨਾ 47

11. ਉਹੀ, ਪੰਨਾ 65

12. ਉਹੀ, ਪੰਨਾ 27

13. ਉਹੀ, ਪੰਨਾ 22

14. ਉਹੀ, ਪੰਨਾ 30

15. ਉਹੀ, ਪੰਨਾ 28

16. ਉਹੀ, ਪੰਨਾ 29

17. ਉਹੀ, ਪੰਨਾ 36

18. ਉਹੀ, ਪੰਨਾ 36

19. ਉਹੀ, ਪੰਨਾ 37

20. ਉਹੀ, ਪੰਨਾ 43

21. ਉਹੀ, ਪੰਨਾ 66

22. ਉਹੀ, ਪੰਨਾ 36

23. ਉਹੀ, ਪੰਨਾ 45

24. ਉਹੀ, ਪੰਨਾ 46

25. ਡਾ. ਸੁਖਦੇਵ ਸਿੰਘ, ਨੂਰ ਕਾਵਿ : ਜਲਾਵਤਨਾਂ ਦੀ ਵਾਪਸੀ, ਨਵੀਂ ਪੰਜਾਬੀ ਕਵਿਤਾ ਪਛਾਣ ਅਤੇ ਸਰੋਕਾਰ, ਡਾ. ਸਰਬਜੀਤ ਸਿੰਘ (ਸੰਪ.), ਪੰਨਾ 44

26. ਸੁਖਵਿੰਦਰ ਅੰਮ੍ਰਿਤ, ਪੁੰਨਿਆਂ, ਪੰਨਾ 27

27. ਡਾ. ਸਰਬਜੀਤ ਸਿੰਘ, ਪਾਠ ਤੇ ਪਰਿਪੇਖ, ਪੰਨਾ 196-97

□□□

# ਸਾਹਿਤ, ਇਤਿਹਾਸ ਤੇ ਮਿਥਿਹਾਸ : ਅੰਤਰ ਸੰਬੰਧ

*ਮਨਪ੍ਰੀਤ ਕੌਰ*

ਸਾਹਿਤ ਵਿਅਕਤਿਤਵ ਦਾ ਦੂਜਾ ਰੂਪ ਹੈ। ਜਦੋਂ ਵੀ ਕੋਈ ਸਿਰਜਣਾ ਕੀਤੀ ਜਾਂਦੀ ਹੈ ਤਾਂ ਸਿਰਜਣਹਾਰਾ ਆਪਣੀ ਸਿਰਜਣਾ ਵਿਚ ਆਪਣੀ ਰੂਹ ਫੂਕ ਦਿੰਦਾ ਹੈ। ਸਾਹਿਤ ਆਪਣੇ ਵਿਰਸੇ ਤੋਂ ਪ੍ਰੇਰਨਾ ਲੈਂਦਾ ਹੈ ਅਤੇ ਸਮਕਾਲੀ ਸਮਾਜ ਤੇ ਸਾਹਿਤ ਨੂੰ ਪ੍ਰੇਰਣਾ ਦਿੰਦਾ ਹੈ। ਸਾਹਿਤ ਤੋਂ ਹੀ ਸਮਕਾਲੀ ਸਮਾਜਿਕ, ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਹਾਲਤ ਦੀ ਜਾਣਕਾਰੀ ਮਿਲਦੀ ਹੈ ਕਿਉਂਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਅਤੇ ਇਸ ਦੇ ਨਾਲ ਹੀ ਸੰਚਾਰ ਦਾ ਮਾਧਿਅਮ ਵੀ। ਸਾਹਿਤ ਦੀ ਪੱਧਰ ਤੋਂ ਹੀ ਬਹੁਤੀ ਵਾਰ ਕਿਸੇ ਕੌਮ ਦੀ ਪੱਧਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਮਨੁੱਖ ਦੁਆਰਾ ਸਿਰਜਿਤ ਸਾਂਸਕ੍ਰਿਤਕ ਜਗਤ ਵਿਚ ਸਾਹਿਤ ਰੂਪੀ ਸਿਰਜਣਾ ਇਕ ਅਤਿ ਸੂਖ਼ਮ ਅਤੇ ਮਹੱਤਵਪੂਰਨ ਸਿਰਜਣਾ ਹੈ। ਭਾਸ਼ਾਈ ਪ੍ਰਗਟਾਅ ਮਾਧਿਅਮ ਵਜੋਂ ਸਾਹਿਤ ਦੀ ਸ੍ਰੇਸ਼ਟਤਾ, ਗੌਰਵ ਅਤੇ ਮੌਲਿਕਤਾ ਨਿਰਵਿਵਾਦ ਹੈ। ਜਿੱਥੋਂ ਤੱਕ 'ਸਾਹਿਤ' ਸ਼ਬਦ ਦੀ ਉਤਪੱਤੀ ਦਾ ਸੰਬੰਧ ਹੈ, ਇਹ ਕਿਹਾ ਜਾਂਦਾ ਹੈ ਕਿ ''ਸਾਹਿਤ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਸਾਹਿਤਯਮ' ਤੋਂ ਵਿਉਂਤਪਤ ਸ਼ਬਦ ਹੈ ਜਿਸ ਦੇ ਸਾਧਾਰਨ ਅਰਥ ਸੰਯੋਗ ਮੇਲ ਅਤੇ ਸਾਥ ਹਨ।''[1]

ਇਸ ਮਨੁੱਖੀ ਸਿਰਜਣਾ ਦਾ ਜਨਮ ਕਿਵੇਂ ਹੋਇਆ ਬਾਰੇ ਸਰਵ ਪ੍ਰਵਾਨਿਤ ਰਾਏ ਹੈ ਕਿ ਆਵਾਜ਼ ਅਰਥ ਆਇਆ ਤਾਂ ਬੋਲੀ ਬਣੀ। ਸਾਰਥਕ ਆਵਾਜ਼ਾਂ ਦਾ ਨਾਮ 'ਬੋਲੀ' ਹੈ। ਬੋਲੀ ਨੂੰ ਲਿੱਪੀਬੱਧ ਕਰਨ ਲਈ ਲਿਖਤ ਉਪਜੀ, ਲਿਖਤ ਵਿਚ ਸੁਹਜ ਭਰਿਆ ਗਿਆ ਤਾਂ ਸਾਹਿਤ ਦਾ ਜਨਮ ਹੋਇਆ। ਇਸ ਤਰ੍ਹਾਂ ਸਾਹਿਤ ਤੋਂ ਮੁਰਾਦ ਲਿਖਤ ਵਿਚ ਆਈ ਉਹ ਸਾਰਥਕ ਬੋਲੀ ਜਿਸ ਵਿਚ ਸੁਹਜ ਵੀ ਹੋਵੇ।

ਸਾਹਿਤਕ ਰਚਨਾ ਸਮੇਂ ਰਚਨਾਕਾਰ ਆਪਣੇ ਸਮਕਾਲੀਨ ਸਮਾਜ ਦੀਆਂ ਸਮੱਸਿਆਵਾਂ, ਸੱਭਿਆਚਾਰਕ ਵਿਰਸੇ ਅਤੇ ਮਨੁੱਖੀ ਰਿਸ਼ਤਿਆਂ ਨੂੰ ਰਚਨਾ ਦਾ ਆਧਾਰ ਬਣਾਉਂਦਾ ਹੈ। ਸਾਹਿਤ ਨੂੰ ਜੀਵਨ ਦਾ ਪ੍ਰਤੀਬਿੰਬ

*ਪਤਾ : 2790, ਸੰਨੀ ਐਨਕਲੇਵ, ਡੇਸੂ ਮਾਜਰਾ ਰੋਡ, ਖ਼ਰੜ - 140301 ਮੋਹਾਲੀ*

ਵੀ ਕਿਹਾ ਗਿਆ ਹੈ। ਅਸਲ ਵਿਚ ਸਾਹਿਤ ਦਾ ਸੱਚ ਸ਼ਖਸ਼ੀਅਤ ਅਤੇ ਜ਼ਜਬੇ ਦਾ ਸੱਚ ਹੈ। ਲਿਹਾਜ਼ਾ ਸਾਹਿਤਕਾਰ ਦਾ ਕਰਤੱਵ ਹੈ ਕਿ ਉਹ ਆਪਣੀ ਕਲਾਕ੍ਰਿਤੀ ਰਾਹੀਂ ਪਾਠਕਾਂ ਨੂੰ ਚੰਗੇਰੇ ਜੀਵਨ ਲਈ ਪ੍ਰੇਰਨਾ ਦੇਵੇ। ਇਸ ਤਰ੍ਹਾਂ ਮਾਨਵੀ ਸੰਵੇਦਨਾ ਦੀਆਂ ਸਾਂਝੀਆਂ ਭਾਵਨਾਵਾਂ, ਉਦਗਾਰਾਂ ਅਤੇ ਜ਼ਜਬਿਆਂ ਨੂੰ ਪ੍ਰਗਟਾਉਣ ਦਾ ਇਕ ਉਤਕ੍ਰਿਸ਼ਟ ਸੰਗਮ ਹੈ। "ਭਾਰਤੀ ਕਾਵਿ ਸ਼ਾਸ਼ਤਰ ਵਿਚ ਪ੍ਰਾਚੀਨ ਕਾਲ ਤੋਂ ਹੀ ਸਾਹਿਤ ਨੂੰ ਤਿੰਨ ਗੁਣਾਂ ਦਾ ਧਾਰਨੀ ਮੰਨਿਆ। ਸਤਿਅਮ, ਸ਼ਿਵਮ, ਸੁੰਦਰਮ ਅਰਥਾਤ ਸਾਹਿਤ ਸੱਚ ਦਾ ਧਾਰਨੀ ਹੋਵੇ, ਜੀਵਨ ਲਈ ਕਲਿਆਣਕਾਰੀ ਹੋਵੇ ਅਤੇ ਸੁੰਦਰਤਾ ਦਾ ਪ੍ਰਕਾਸ਼ ਪਾਵੇ।"[2]

ਮਨੁੱਖੀ ਗਿਆਨ-ਸੰਚਾਰ ਦੇ ਗਿਆਨ-ਅਨੁਸ਼ਾਸਨਾਂ ਵਿਚ ਇਤਿਹਾਸ ਵੀ ਇਕ ਅਜਿਹਾ ਮਹੱਤਵਪੂਰਨ ਅਨੁਸ਼ਾਸ਼ਨ ਹੈ ਜਿਹੜਾ ਆਪਣੇ ਪ੍ਰਗਟਾਵੇ ਲਈ ਭਾਸ਼ਾਈ ਪ੍ਰਗਟਾਅ ਦਾ ਇਸਤੇਮਾਲ ਕਰਦਾ ਹੈ। ਇਤਿਹਾਸ ਮਨੁੱਖ ਦੀ ਇਕ ਅਜਿਹੀ ਸਾਂਸਕ੍ਰਿਤ ਪ੍ਰਾਪਤੀ ਹੈ ਜਿਸ ਦੁਆਰਾ ਕਿਸੇ ਦੇਸ਼, ਕੌਮ, ਜਾਤੀ ਜਾਂ ਮਹਾਪੁਰਸ਼ ਦੇ ਕ੍ਰਮਿਕ ਵਿਕਾਸ ਨੂੰ ਸਮਝਿਆ ਤੇ ਜਾਣਿਆ ਜਾ ਸਕਦਾ ਹੈ। ਇਤਿਹਾਸ ਦੇ ਕੋਸ਼ਗਤ ਅਰਥ ਤਵਾਰੀਖ਼, ਪੁਰਾਣੇ ਸਮਿਆਂ ਦਾ ਹਾਲ, ਪਿਛਲਾ ਹਾਲ, ਹੋਈ ਬੀਤੀ ਆਦਿ ਹਨ। ਇਸੇ ਪ੍ਰਕਾਰ ਇਤਿਹਾਸ ਦੀ ਇਕ ਪਰਿਭਾਸ਼ਾ ਇਹ ਦਿੱਤੀ ਗਈ ਹੈ ਕਿ "ਇਤਿਹਾਸ ਵਾਪਰ ਚੁੱਕੀਆਂ ਘਟਨਾਵਾਂ ਖਾਸ ਤੌਰ 'ਤੇ ਉਹ ਘਟਨਾਵਾਂ ਜਿਹੜੀਆਂ ਕਿਸੇ ਵਿਸ਼ੇਸ਼ ਕਾਲ, ਦੇਸ਼ ਜਾਂ ਵਿਅਕਤੀ ਨਾਲ ਸੰਬੰਧ ਰੱਖਦੀਆਂ ਹੋਣ, ਦਾ ਲਿਖਤੀ ਰੂਪ ਵਿਚ ਸੰਭਾਲ ਕੇ ਰੱਖੀ ਗਈ ਬਿਰਤਾਂਤ ਲਿਖਤ ਹੈ।"[3]

ਇਤਿਹਾਸ ਦਾ ਰਚਨਾ-ਪ੍ਰਯੋਜਨ ਕਾਲਕ੍ਰਮ ਵਿਚ ਹੋਂਦਵਾਨ ਕਿਸੇ ਮਹੱਤਵਪੂਰਨ ਵਿਅਕਤੀ ਜਾਂ ਵਾਪਰੀ ਘਟਨਾ ਬਾਰੇ ਜਾਣਕਾਰੀ ਦੇਣਾ ਹੈ। ਗਿਆਨ ਸੰਚਾਰ ਦੇ ਸਿਲਸਿਲੇ ਵਿਚ ਇਤਿਹਾਸ ਦਾ ਯੋਗਦਾਨ ਮਹੱਤਵਪੂਰਨ ਹੈ। ਇਸ ਮਨੁੱਖੀ ਸਿਰਜਣਾ ਦੁਆਰਾ ਹੀ ਅਸੀਂ ਆਪਣੇ ਬੀਤੇ ਯੁੱਗ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਇਤਿਹਾਸ ਇਕ ਅਜਿਹਾ ਅਨੁਸ਼ਾਸ਼ਨ ਹੈ। ਜਿਸਦਾ ਰਚਨਾ-ਪ੍ਰਯੋਜਨ ਭੂਤਕਾਲ ਬਾਰੇ ਖੋਜ ਕਰਨਾ ਅਤੇ ਭੂਤਕਾਲ ਦੀਆਂ ਘਟਨਾਵਾਂ ਤੇ ਕਥਾਵਾਂ ਦੀ ਸਮਝ ਨਾਲ ਪੜਤਾਲ ਕਰਨਾ ਹੈ। ਸਾਧਾਰਨ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਮਨੁੱਖੀ ਸੰਸਾਰ ਵਿਚ ਆ ਚੁੱਕੀਆਂ ਤਬਦੀਲੀਆਂ ਦਾ ਵੇਰਵਾ ਹੈ। ਮਨੁੱਖੀ ਸੰਸਾਰ ਦਾ ਵਰਤਮਾਨ ਰੂਪ ਅਨੇਕਾਂ ਪੜਾਵਾਂ ਨੂੰ ਤੈਅ ਕਰਕੇ ਇਥੋਂ ਤੱਕ ਪੁੱਜਾ ਹੈ ਤੇ ਇੰਜ ਆਪਣੇ ਪਿੱਛੇ ਅਤੀਤ ਜਾਂ ਭੂਤਕਾਲ ਦਾ ਇਕ ਭਰਪੂਰ ਤੇ ਕੀਮਤੀ ਖਜ਼ਾਨਾ ਰੱਖਦਾ ਹੈ। ਅਸਲ ਵਿਚ ਇਤਿਹਾਸ ਮਨੁੱਖ ਨਾਲ ਅਤੀਤ ਵਿਚ ਵਾਪਰੀਆਂ ਘਟਨਾਵਾਂ ਦਾ ਦਸਤਾਵੇਜ਼ੀ ਬਿਰਤਾਂਤ ਹੈ। ਇਹ ਵੀ ਕਿਹਾ ਜਾਂਦਾ ਹੈ ਕਿ "ਇਤਿਹਾਸ ਅਤੀਤ ਵਿੱਚ ਵਾਪਰੀਆਂ ਘਟਨਾਵਾਂ, ਜਿੰਨ੍ਹਾਂ ਦਾ ਸੰਬੰਧ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮਨੁੱਖੀ ਜੀਵਨ ਨਾਲ ਹੋਵੇ ਦਾ ਦਸਤਾਵੇਜ਼ੀ ਵਿਵਰਣ ਹੈ।"[4]

ਕੁਝ ਵਿਦਵਾਨਾਂ ਨੇ ਇਤਿਹਾਸ ਨੂੰ ਭੂਤਕਾਲੀ ਘਟਨਾਵਾਂ ਤੱਕ ਸੀਮਤ ਰੱਖਿਆ ਹੈ, ਪ੍ਰੰਤੂ ਇਤਿਹਾਸ ਨੂੰ ਅਤੀਤ ਕਾਲ ਦੀਆਂ ਘਟਨਾਵਾਂ ਤੱਕ ਸੀਮਤ ਕਰਨ ਦਾ ਮਤਲਬ ਇਸ ਵਿਚਲੀ ਗਤੀਸ਼ੀਲਤਾ ਤੋਂ ਮੁਨਕਰ ਹੋਣਾ ਹੈ। "ਇਤਿਹਾਸ ਦਾ ਸੰਬੰਧ ਅਤੀਤ ਅਤੇ ਵਰਤਮਾਨ ਦੋਹਾਂ ਨਾਲ ਹੈ ਅਤੇ ਇਹ ਇਕ ਗਤੀਸ਼ੀਲ ਪ੍ਰਕਿਰਿਆ ਹੈ। ਵਰਤਮਾਨ ਅਤੇ ਅਤੀਤ ਵਿਚ ਇਕ ਕਦੇ ਨਾ ਮੁੱਕਣ ਵਾਲਾ ਸੰਵਾਦ ਹੈ।"[5] ਇਸ ਤਰ੍ਹਾਂ ਇਤਿਹਾਸ ਦਾ ਸਿੱਧਾ ਸੰਬੰਧ ਮਨੁੱਖ ਦੀ ਗਤੀਸ਼ੀਲਤਾ ਨਾਲ

ਸਥਾਪਤ ਹੁੰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਤੱਥ ਅਤੇ ਘਟਨਾਵਾਂ ਇਤਿਹਾਸ ਦਾ ਜ਼ਰੂਰੀ ਅੰਗ ਹਨ ਅਤੇ ਉਨ੍ਹਾਂ ਦੇ ਅਭਾਵ ਵਿਚ ਇਤਿਹਾਸਕ ਗਿਆਨ ਦੀ ਪ੍ਰਾਪਤੀ ਅਤੇ ਇਤਿਹਾਸ ਰਚਨਾ ਸੰਭਵ ਨਹੀਂ ਪਰ ਭੂਤਕਾਲੀ ਤੱਥਾਂ ਦਾ ਸੰਕਲਨ ਤੇ ਵਿਵਰਣ ਦੇਣਾ ਹੀ ਇਤਿਹਾਸ ਨਹੀਂ ਹੈ। ਇਤਿਹਾਸ ਕਿਸੇ ਦੇਸ਼-ਕਾਲ ਤੇ ਮਨੁੱਖ ਦੇ ਬਦਲ ਰਹੇ ਜੀਵਨ ਨਾਲ ਹੀ ਸੰਬੰਧ ਨਹੀਂ ਰੱਖਦਾ, ਸਗੋਂ ਉਸ ਬਾਰੇ ਵਿਆਖਿਆ ਵੀ ਕਰਦਾ ਹੈ। ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਤੱਥ ਕੇਵਲ ਸਮੱਗਰੀ ਹਨ। ਇਹ ਸਮੱਗਰੀ ਇਤਿਹਾਸ ਨਹੀਂ ਬਣ ਸਕਦੀ ਜਦ ਤੱਕ ਵਿਆਖਿਆਕਾਰ ਇਸ ਦੀ ਤੱਥਾਂ ਸਹਿਤ ਵਿਆਖਿਆ ਨਹੀਂ ਕਰਦਾ। ਇਤਿਹਾਸਕਾਰ 'ਕੀ ਹੋਇਆ' ਜਾਣਨ ਅਤੇ ਦੱਸਣ ਦੇ ਨਾਲ-ਨਾਲ ਇਹ ਵੀ ਦੱਸਦਾ ਹੈ ਕਿ 'ਕਿਵੇਂ ਹੋਇਆ', 'ਕਿਉਂ ਹੋਇਆ'। ਇਹ ਇਤਿਹਾਸ ਦਾ ਵਿਆਖਿਆ ਪੂਰਕ ਨਹੀਂ ਜ਼ਰੂਰੀ ਅੰਗ ਹੈ। ਇਤਿਹਾਸਕ ਤੱਥਾਂ ਦੀ ਵਰਤਮਾਨ ਦੇ ਸੰਦਰਭ ਵਿਚ ਕੀਤੀ ਵਿਆਖਿਆ ਨੂੰ ਇਤਿਹਾਸ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਇਤਿਹਾਸ ਦਾ ਪਰਿਭਾਸ਼ਾਗਤ ਪਰਿਪੇਖ ਉਸਾਰਨ ਉਪਰੰਤ ਇਕ ਸਾਂਝਾ ਨੇਮ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਤਿਹਾਸ ਵਰਤਮਾਨ ਲਈ ਮਾਰਗ ਦਰਸ਼ਨ ਕਰਦਾ ਹੈ। ਮਨੁੱਖ ਨੇ ਇਤਿਹਾਸ ਦੀ ਸਿਰਜਣਾ ਕੀਤੀ, ਇਸ ਨੂੰ ਸਾਂਭ ਕੇ ਰੱਖਿਆ ਅਤੇ ਇਸ ਤੋਂ ਸਮਝ ਤੇ ਪ੍ਰੇਰਨਾ ਲੈ ਕੇ ਨਿਰੰਤਰ ਵਿਕਾਸ ਕੀਤਾ ਹੈ।

ਪੰਜਾਬੀ ਸਾਹਿਤ ਦੇ ਮੁੱਢ ਤੋਂ ਹੀ ਸਾਹਿਤਕ ਰਚਨਾਵਾਂ ਰਾਹੀਂ ਇਤਿਹਾਸਕ ਪੱਖਾਂ ਤੋਂ ਪੇਸ਼ਕਾਰੀ ਹੋਈ ਮਿਲਦੀ ਹੈ। ਪੰਜਾਬੀ ਦੀਆਂ ਲਗਪਗ ਸਾਰੀਆਂ ਕਾਵਿ-ਧਾਰਾਵਾਂ ਵਿਚ ਸਮਾਜਿਕ, ਸੱਭਿਆਚਾਰਕ, ਧਾਰਮਿਕ ਤੇ ਰਾਜਨੀਤਕ ਲਹਿਰਾਂ ਦੇ ਪ੍ਰਭਾਵ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ।

ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪ੍ਰਾਚੀਨ ਜੰਗਨਾਮੇ' ਪੁਸਤਕ ਵਿਚ ਕੁਝ ਪ੍ਰਾਚੀਨ ਜੰਗਨਾਮੇ ਇਕੱਤਰ ਕੀਤੇ ਹਨ, ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਵੀ ਹੈ। ਇਨ੍ਹਾਂ ਜੰਗਨਾਮਿਆਂ ਵਿੱਚ ਪੀਰ ਬਖਸ਼ ਰਚਿਤ 'ਚੱਠਿਆਂ ਦੀ ਵਾਰ', ਸਹਿਰਾਈ ਸਿੰਘ ਰਚਿਤ 'ਵਾਰ ਹਰੀ ਸਿੰਘ ਨਲਵੇ ਦੀ', ਰਾਮ ਸਿੰਘ ਰਚਿਤ 'ਆਨੰਦਪੁਰ ਦੀ ਵਾਰ', ਸ਼ਾਹ ਮੁਹੰਮਦ ਰਚਿਤ 'ਕਿੱਸਾ ਸ਼ਾਹ ਮੁਹੰਮਦ', ਕਵੀ ਸੋਭਾ ਸਿੰਘ ਰਚਿਤ 'ਮੁਲਤਾਨ ਦੀ ਵਾਰ' ਆਦਿ ਇਤਿਹਾਸਕ ਰਚਨਾਵਾਂ ਸ਼ਾਮਿਲ ਹਨ। ਸਿੱਖ ਸੰਪਰਦਾਇ ਦਾ ਮਹਾਕਾਵਿਕ ਬਿੰਬ ਉਸਾਰਨ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵੀ ਵੱਖਰੀ ਪਛਾਣ ਰੱਖਦੀਆਂ ਹਨ। ਆਧੁਨਿਕ ਕਾਵਿ ਵਿਚ ਅਵਤਾਰ ਸਿੰਘ ਆਜ਼ਾਦ ਨੇ ਤਿੰਨ ਮਹਾਕਾਵਿ 'ਵਿਸ਼ਵ ਨੂਰ', 'ਮਰਦ ਅਗੰਮੜਾ' ਅਤੇ 'ਮਹਾਬਲੀ' ਕ੍ਰਮਵਾਰ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਸਿੱਖ-ਇਤਿਹਾਸ ਨਾਲ ਸੰਬੰਧਿਤ ਰਚਨਾਵਾਂ ਹਨ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧਿਤ ਰਚਨਾ 'ਨਨਕਾਇਣ' ਵੀ ਇਸੇ ਪਰਿਪਾਟੀ ਦੇ ਅੰਤਰਗਤ ਰੱਖੀ ਜਾ ਸਕਦੀ ਹੈ। ਭਾਈ ਵੀਰ ਸਿੰਘ ਦੀਆਂ ਰਚਨਾਵਾਂ ਅਸਿੱਧੇ ਰੂਪ ਵਿੱਚ ਸਿੱਖ ਇਤਿਹਾਸ ਦੀਆਂ ਸਾਹਿਤਕ ਰਚਨਾਵਾਂ ਹਨ। ਉਨ੍ਹਾਂ ਨੇ 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ' ਅਤੇ 'ਅਸ਼ਟਗੁਰੂ ਚਮਤਕਾਰ' ਆਦਿ ਨਾਂਵਾਂ ਹੇਠ ਵਾਰਤਕ ਵਿਚ ਸਿੱਖ ਇਤਿਹਾਸ ਰਚਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿੱਖੀ ਜੀਵਨ ਨੂੰ ਆਧਾਰ ਬਣਾ ਕੇ 'ਸੁੰਦਰੀ', 'ਬਿਜੈ ਸਿੰਘ' ਅਤੇ 'ਸਤਵੰਤ ਕੌਰ' ਆਦਿ ਕਲਪਿਤ ਪਾਤਰਾਂ ਦਾ ਚਿਤਰਨ ਕਰਨ ਵਾਲੇ ਨਾਵਲ ਰਚੇ ਹਨ।

ਪੰਜਾਬੀ ਦੇ ਮਹਾਨ ਵਾਰਤਕਕਾਰ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ 'ਪਰਮ ਮਨੁੱਖ' ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਬਾਰੇ ਵਾਰਤਕ ਰਚਨਾ ਕੀਤੀ ਹੈ। ਸੋਹਣ ਸਿੰਘ ਸੀਤਲ ਨੇ 'ਸਿੱਖ ਰਾਜ ਕਿਵੇਂ ਬਣਿਆ' ਅਤੇ 'ਸਿੱਖ ਰਾਜ ਕਿਵੇਂ ਗਿਆ' ਵਾਰਤਕ ਰਚਨਾਵਾਂ ਰਚੀਆਂ ਹਨ।

ਸਾਹਿਤ ਦੀ ਨਾਵਲ ਵਿਧਾ ਰਾਹੀਂ ਨਾਨਕ ਸਿੰਘ ਤੋਂ ਲੈ ਕੇ ਅਜੋਕੇ ਨਾਵਲਕਾਰਾਂ ਤੱਕ ਇਤਿਹਾਸਕ ਪੱਖ ਨੂੰ ਚਿਤਰਣ ਦੀ ਭਰਪੂਰ ਕੋਸ਼ਿਸ਼ ਹੋਈ ਹੈ। ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਗਦਰ ਇਤਿਹਾਸ ਨਾਲ ਸੰਬੰਧਿਤ ਹੈ। ਗਿਆਨੀ ਕੇਸਰ ਸਿੰਘ ਦੇ ਨਾਵਲ 'ਸ਼ਹੀਦ ਊਧਮ ਸਿੰਘ' ਅਤੇ 'ਲਹਿਰ ਵਧਦੀ ਗਈ' ਆਦਿ ਵੀ ਦੇਸ਼ ਦੀ ਆਜ਼ਾਦੀ ਨਾਲ ਸੰਬੰਧਿਤ ਹਨ। ਸਭ ਤੋਂ ਵੱਧ ਨਾਵਲ ਸਿੱਖ ਇਤਿਹਾਸ ਬਾਰੇ ਹਰਨਾਮ ਦਾਸ ਸਹਿਰਾਈ ਨੇ ਲਿਖੇ ਹਨ। 'ਲੋਹਗੜ੍ਹ', 'ਸਭਰਾਓਂ', 'ਬਾਲਾ ਪ੍ਰੀਤਮ', 'ਲਹਿਣੇ ਪਾਈ ਨਾਨਕੋ', 'ਗੁਰੂ ਰਾਮਦਾਸ ਸਰੋਵਰ ਨਾਤੇ', 'ਹਰੀਆਂ ਰਾਂਗਲੇ', 'ਲਾਡਲੀਆਂ ਫੌਜਾਂ', 'ਅਨੂਪ ਕੌਰ', 'ਸ਼ਹਾਦਤ', 'ਮੱਸਾ ਰੰਘੜ', 'ਛਠਮ ਪੀਰ', ਆਦਿ ਗਲਪ-ਰਚਨਾਵਾਂ ਸਿੱਖ ਇਤਿਹਾਸ ਨੂੰ ਚਿਤਰਨ ਵਾਲੀਆਂ ਹਨ। ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲ 'ਖੰਨੀਓਂ ਤਿੱਖੀ', 'ਏਤਿ ਮਾਰਗ ਜਾਣਾ', ਇਕ ਸਰਕਾਰ ਬਾਝੋਂ ਆਦਿ ਸਿੱਖ-ਇਤਿਹਾਸ ਨਾਲ ਸੰਬੰਧਿਤ ਹਨ। ਕਰਤਾਰ ਸਿੰਘ ਦੁੱਗਲ ਦੇ ਤਿੱਕੜੀ ਨਾਵਲ 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ', 'ਸਰਬੱਤ ਦਾ ਭਲਾ' ਸਮੁੱਚੇ ਸਿੱਖ ਇਤਿਹਾਸ ਨੂੰ ਰੌਚਕ ਢੰਗ ਨਾਲ ਵਿਸ਼ਲੇਸ਼ਿਤ ਕਰਦੇ ਹਨ। ਜਸਵੰਤ ਸਿੰਘ ਕੰਵਲ ਦਾ ਨਾਵਲ 'ਲਹੂ ਦੀ ਲੋਅ' ਨਕਸਲੀ ਲਹਿਰ ਦਾ ਗਾਲਪਨਿਕ ਇਤਿਹਾਸ ਚਿਤਰਦਾ ਹੈ। ਇਸੇ ਲਹਿਰ ਨਾਲ ਸੰਬੰਧਿਤ ਆਧੁਨਿਕ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦਾ ਨਾਵਲ 'ਦਸਤਾਵੇਜ਼' ਵੀ ਸ਼ਾਮਿਲ ਕੀਤਾ ਜਾ ਸਕਦਾ ਹੈ।

ਨਾਟਕ ਦੇ ਖੇਤਰ 'ਚ ਵੀ ਬਹੁਤ ਸਾਰੇ ਨਾਟਕ ਤੇ ਇਕਾਂਗੀ ਨਾਟਕ ਇਤਿਹਾਸਕ ਪਿੱਠ-ਭੂਮੀ ਵਿਚੋਂ ਲਿਖੇ ਗਏ ਹਨ। ਹਰਚਰਨ ਸਿੰਘ ਨੇ 'ਪੋਰਸ', 'ਰਾਜਾ', 'ਇਤਿਹਾਸ ਜਵਾਬ ਮੰਗਦਾ ਹੈ', 'ਚਮਕੌਰ ਦੀ ਗੜ੍ਹੀ' ਤੇ 'ਜ਼ਫਰਨਾਮਾ' ਆਦਿ ਨਾਟਕ ਇਤਿਹਾਸਕ ਦ੍ਰਿਸ਼ਟੀ ਤੋਂ ਲਿਖੇ ਹਨ। ਪ੍ਰਿੰ: ਸੰਤ ਸਿੰਘ ਸੇਖੋਂ ਨੇ 'ਮੁਇਆਂ ਸਾਰ ਨਾ ਕਾਈ', 'ਵਾਰਿਸ', ਬੇੜਾ ਬੰਧ ਨਾ ਸਕਿਓ', 'ਮਿੱਤਰ ਪਿਆਰਾ', 'ਬੰਦਾ ਬਹਾਦਰ', 'ਵੱਡਾ ਘਲੂਘਾਰਾ' ਇਤਿਹਾਸਕ ਨਾਟਕ ਲਿਖੇ ਹਨ। ਬਲਵੰਤ ਗਾਰਗੀ ਨੇ 'ਰਜ਼ੀਆ ਸੁਲਤਾਨ' ਇਤਿਹਾਸ ਨੂੰ ਸਨਮੁੱਖ ਕਰਕੇ ਚਿਤਰਿਆ ਹੈ। ਡਾ. ਰੌਸ਼ਨ ਲਾਲ ਆਹੂਜਾ ਨੇ 'ਕਾਲਿੰਗਾ ਦਾ ਦੁਖਾਂਤ', ਤੇ 'ਕਲਿਓਪੈਤਰਾ ਦਾ ਦੁਖਾਂਤ', 'ਦਾਰਾ ਸ਼ਿਕੋਹ ਦਾ ਦੁਖਾਂਤ' ਨਾਟਕ ਲਿਖੇ। ਗੁਰਦਿਆਲ ਸਿੰਘ ਫੁੱਲ ਨੇ 'ਸਭਿ ਕਿਛੁ ਹੋਤਿ ਉਪਾਏ', 'ਜਿਨ ਸਚੁ ਪਲੈ ਹੋਇ' ਆਦਿ ਸ਼ਤਾਬਦੀ ਨਾਟਕ ਸਿੱਖ ਇਤਿਹਾਸ ਨਾਲ ਸਬੰਧਤ ਲਿਖੇ। ਕਪੂਰ ਸਿੰਘ ਘੁੰਮਣ ਨੇ 'ਵਿਸਮਾਦ' ਨਾਟਕ ਲਿਖਿਆ। ਨਵੀਂ ਪੀੜ੍ਹੀ ਦੇ ਨਾਟਕਕਾਰ ਆਤਮਜੀਤ ਨੇ 'ਤੱਤੀ ਤਵੀ ਦਾ ਸੱਚ', 'ਮੰਗੂ ਕਾਮਰੇਡ' ਨਾਟਕ ਲਿਖੇ। ਚਰਨਦਾਸ ਸਿੱਧੂ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਿਰਤਾਂਤ 'ਤੇ ਤ੍ਰੈਲੜੀ ਨਾਟਕ 'ਭਗਤ ਸਿੰਘ ਸ਼ਹੀਦ' ਇਤਿਹਾਸਕ ਦ੍ਰਿਸ਼ਟੀ ਤੋਂ ਲਿਖਿਆ। ਅਜਮੇਰ ਰੋਡੇ ਨੇ 'ਕਾਮਾਗਾਟਾਮਾਰੂ' ਨਾਟਕ ਇਤਿਹਾਸ ਦੀਆਂ ਘਟਨਾਵਾਂ 'ਤੇ ਆਧਾਰਿਤ ਲਿਖਿਆ। ਦਵਿੰਦਰ ਦਮਨ ਨੇ 'ਸੂਰਜ ਦਾ ਕਤਲ' ਤੇ 'ਛਿਪਣ ਤੋਂ ਪਹਿਲਾਂ' ਨਾਟਕ ਲਿਖੇ। ਡਾ. ਸਵਰਾਜਬੀਰ ਨੇ ਵੀ 'ਸ਼ਾਇਰੀ' ਨਾਟਕ ਇਤਿਹਾਸ ਆਧਾਰਤ ਲਿਖਿਆ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਤੇ ਸਾਹਿਤ ਦਾ ਬਹੁਤ ਨੇੜੇ ਦਾ

ਸੰਬੰਧ ਹੈ। ਇਤਿਹਾਸਕ ਘਟਨਾਵਾਂ ਹੀ ਸਾਹਿਤ ਦੀ ਸਮੱਗਰੀ ਬਣਦੀਆਂ ਹਨ। ਕਿਸੇ ਸਮੇਂ ਦਾ ਸਾਹਿਤ ਬਿਨਾ ਨਾਂਵਾਂ ਤੇ ਥਾਵਾਂ ਤੋਂ ਉਸ ਸਮੇਂ ਦਾ ਕਾਲਪਨਿਕ ਇਤਿਹਾਸ ਹੁੰਦਾ ਹੈ। ਸਾਹਿਤਕ ਰਚਨਾਵਾਂ ਯਥਾਰਥ ਦਾ ਸੁਹਜਮਈ ਢੰਗ ਨਾਲ ਰੂਪਾਂਤਰਣ ਕਰਦੀਆਂ ਹਨ।

ਸਾਹਿਤ ਤੇ ਇਤਿਹਾਸ ਦੇ ਸਮਾਨਾਂਤਰ ਮਿਥਿਹਾਸ ਵੀ ਮਨੁੱਖ ਦੀ ਸਾਂਸਕ੍ਰਿਤਿਕ ਸਿਰਜਣਾ ਹੈ। ਇਹ ਸ਼ਬਦ ਅੰਗਰੇਜ਼ੀ ਦੇ ਸ਼ਬਦ ਮਿੱਥ ਦਾ ਸਮਾਨਾਰਥਕ ਹੈ। ਜਿਥੋਂ ਤੀਕ ਅੰਗਰਜ਼ੀ ਦੇ ਸ਼ਬਦ ਮਿਥ ਨੂੰ ਜਿਉਂ ਦਾ ਤਿਉਂ ਪੰਜਾਬੀ ਵਿਚ ਅਪਣਾ ਲੈਣ ਦਾ ਸਬੰਧ ਹੈ। ਇਸੇ ਬਾਰੇ ਡਾ. ਮਨਜੀਤ ਸਿੰਘ ਦੇ ਵਿਚਾਰ ਹਨ ਕਿ "ਪੰਜਾਬੀ ਵਿਚ ਸਾਡੇ ਕੋਲ ਇਸ ਪਰਿਭਾਸ਼ਿਤ ਸ਼ਬਦ ਦਾ ਕੋਈ ਢੁੱਕਵਾਂ ਵਿਕਲਪ ਮੌਜੂਦ ਨਹੀਂ ਹੈ।"[6] ਮਿਥ ਆਪਣੇ ਸੁਭਾਅ ਤੇ ਸਰੂਪ ਪੱਖੋਂ ਜਟਿਲ, ਬਹੁਪਾਸਾਰੀ, ਬਹੁ ਪ੍ਰਕਾਰਜੀ ਚਰਿੱਤਰ ਦੀ ਧਾਰਨੀ ਹੈ। ਮਿਥ ਦੇ ਕੋਸ਼ਗਤ ਅਰਥਾਂ ਅਨੁਸਾਰ "ਮਿਥ ਪੂਰਨ ਤੌਰ 'ਤੇ ਇਕ ਅਜਿਹਾ ਕਾਲਪਨਿਕ ਬਿਰਤਾਂਤ ਹੁੰਦਾ ਹੈ, ਜਿਸ ਵਿਚ ਆਮ ਤੌਰ 'ਤੇ ਵਿਅਕਤੀਆਂ, ਕਾਰਜਾਂ ਜਾਂ ਘਟਨਾਵਾਂ ਨੂੰ ਦਰਸਾਇਆ ਜਾਂਦਾ ਹੈ। ਪਰੰਤੂ ਕਈ ਵਾਰ ਕਾਲਪਨਿਕ ਅਲੌਕਿਕ ਤੱਤਾਂ 'ਤੇ ਆਧਾਰਿਤ ਬਿਰਤਾਂਤ ਵਿਚ ਪ੍ਰਕਿਰਤਕ ਜਾਂ ਇਤਿਹਾਸਕ ਤੱਥਾਂ ਨੂੰ ਵੀ ਅਸਿੱਧੇ ਤੌਰ 'ਤੇ ਸ਼ਾਮਲ ਕੀਤਾ ਜਾ ਸਕਦਾ ਹੈ।"[7]

ਮਿਥ ਮਨੁੱਖ ਦੀ ਅਜਿਹੀ ਕਾਲਪਨਿਕ ਸੋਚ ਹੈ, ਜਿਸ ਵਿਚ ਉਸ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਇਹ ਵੀਰਾਨ ਸੰਸਾਰ ਆਬਾਦ ਹੋਇਆ, ਕਿਵੇਂ ਸੁੰਨ ਸਮਾਧ ਤੋਂ ਕਾਇਨਾਤ/ਸ੍ਰਿਸ਼ਟੀ ਬਣੀ, ਕਿਵੇਂ ਰੁੱਤਾਂ ਨਾਲ ਮੌਸਮ ਵਿਚ ਬਦਲਾਅ ਆਇਆ, ਕਿਵੇਂ ਅਨੈਤਿਕਤਾ ਵਿਚੋਂ ਨੈਤਿਕਤਾ ਬਣੀ।

ਮਿਥ ਨੂੰ ਇਕ ਕਾਲਪਨਿਕ ਬਿਰਤਾਂਤ ਦੇ ਨਾਲ ਨਾਲ ਲੋਕ ਕਥਾ ਸਾਹਿਤ ਦਾ ਵੀ ਇਕ ਮਹੱਤਵਪੂਰਨ ਅੰਸ਼/ਭਾਗ ਮੰਨਿਆ ਗਿਆ ਹੈ। ਜਦੋਂ ਲੋਕ ਕਥਾ ਵਿਚ ਪਰਾਸਰੀਰਕ ਅੰਸ਼, ਕਰਾਮਾਤੀ ਅੰਸ਼ ਜਾਂ ਅਦਭੁਤ ਰੰਗ ਆ ਜਾਂਦਾ ਹੈ ਤਾਂ ਲੋਕ ਕਥਾ ਮਿਥ-ਕਥਾ ਦਾ ਰੂਪ ਲੈ ਲੈਂਦੀ ਹੈ। ਮਿਥ ਕਥਾਵਾਂ ਲੋਕ ਕਥਾ ਸਾਹਿਤ ਦਾ ਇਕ ਪ੍ਰਾਚੀਨ ਰੂਪ ਹੋਣ ਦੇ ਨਾਤੇ ਮਨੁੱਖ ਵੱਲੋਂ ਸਿਰਜਿਤ ਉਹ ਕਥਾਵਾਂ ਹਨ, ਜੋ ਉਸ ਸਮੇਂ ਮਨੁੱਖ ਦੁਆਰਾ ਆਪਣੇ ਚੌਗਿਰਦੇ ਨੂੰ ਸਮਝਣ ਤੇ ਸਮਝਾਉਣ ਦੇ ਉਦੇਸ਼ ਨਾਲ ਘੜੀਆਂ/ਸਿਰਜੀਆਂ ਗਈਆਂ ਤੇ ਇਹ ਕਥਾਵਾ ਪੀੜ੍ਹੀ ਦਰ ਪੀੜ੍ਹੀ ਵਿਕਾਸ ਕਰਦੀਆਂ ਸਾਡਾ ਭਰਪੂਰ ਕੀਮਤੀ ਵਿਰਸਾ ਬਣ ਗਈਆਂ।

ਸਾਹਿਤ ਵਿਚ ਇਤਿਹਾਸਕ ਤੇ ਮਿਥਿਹਾਸਕ ਵਿਰਸੇ ਦੀ ਆਧਾਰਭੂਤ ਸਮੱਗਰੀ ਵਜੋਂ ਵਰਤੋਂ ਸਾਹਿਤ ਸਿਰਜਣਾ ਜਿੰਨੀ ਹੀ ਪੁਰਾਣੀ ਹੈ। ਯੂਨਾਨੀ ਸਾਹਿਤ ਤੇ ਸੰਸਕ੍ਰਿਤਕ ਸਾਹਿਤ ਵਰਗੀਆਂ ਪ੍ਰਾਚੀਨ ਸਾਹਿਤ ਪਰੰਪਰਾਵਾਂ ਵਿਚ ਵੀ ਇਸ ਦੇ ਪ੍ਰਮਾਣ ਮਿਲਦੇ ਹਨ। ਉਦੋਂ ਤੋਂ ਚਲੀ ਆ ਰਹੀ ਇਹ ਪਰੰਪਰਾ ਆਧੁਨਿਕ ਸਾਹਿਤ ਰੂਪਾਂ ਵਿਚ ਵੀ ਨਿਰੰਤਰ ਚਲੀ ਆ ਰਹੀ ਹੈ। ਜਿਸ ਦੇ ਫਲਸਰੂਪ ਸਾਹਿਤ ਚਿੰਤਕਾਂ ਨੇ ਵੀ ਇਤਿਹਾਸ ਤੇ ਮਿਥਿਹਾਸ ਦੇ ਸੰਕਲਪ, ਸਿਧਾਂਤ ਤੇ ਸਰੂਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਡਾ. ਮਨਜੀਤ ਸਿੰਘ ਅਨੁਸਾਰ:- "ਮਿਥ ਮਾਨਵ ਜੀਵਨ ਤੇ ਬ੍ਰਹਿਮੰਡ ਨਾਲ ਸਬੰਧਤ ਕੁੱਝ ਗੰਭੀਰ ਮਸਲਿਆਂ ਨੂੰ ਆਪਣੀ ਆਧਾਰਭੂਮੀ ਬਣਾਉਂਦੀ ਹੈ। ਜੀਵਨ-ਮੌਤ, ਉਤਪਤੀ-ਪ੍ਰਲੈ, ਨੈਤਿਕਤਾ, ਸਦੀਵੀ-ਸੱਚ, ਹੋਂਦ-ਅਣਹੋਂਦ ਆਦਿ ਗੰਭੀਰ ਵਿਸ਼ਿਆਂ ਨਾਲ ਮਿਥ ਦਾ ਡੂੰਘਾ ਸਾਰੋਕਾਰ ਰਿਹਾ ਹੈ।"[8]

ਇਸੇ ਤਰ੍ਹਾਂ ਇਤਿਹਾਸ ਕੇਵਲ ਬੀਤ ਚੁੱਕੀਆਂ ਘਟਨਾਵਾਂ ਅਤੇ ਤੱਥਾਂ ਦਾ ਸੰਕਲਨ ਹੀ ਨਹੀਂ ਬਲਕਿ ਇਤਿਹਾਸਕ ਤੱਥਾਂ ਦੀ ਉਚਿਤ ਵਿਆਖਿਆ ਤੇ ਵਿਸ਼ਲੇਸ਼ਣ ਵੀ ਹੈ। ਇਤਿਹਾਸਕ ਤੱਥਾਂ ਦੀ ਵਿਆਖਿਆ ਕਰਦਿਆਂ ਇਤਿਹਾਸਕਾਰ ਦਾ ਰਚਨਾ-ਪ੍ਰਯੋਜਨ ਕੇਵਲ, ਕੀ ਹੋਇਆ, ਤੱਕ ਹੀ ਜਾਣਨ ਤੇ ਦੱਸਣ ਤੱਕ ਹੀ ਸੀਮਤ ਨਹੀਂ ਰਹਿੰਦਾ, ਬਲਕਿ 'ਕਿਵੇਂ ਹੋਇਆ' ਅਤੇ 'ਕਿਉਂ ਹੋਇਆ' ਦਾ ਵਿਵਰਣ ਦੇਣਾ ਵੀ ਲਾਜ਼ਮੀ ਹੈ।

ਜਿਉਂ ਜਿਉਂ ਮਨੁੱਖੀ ਚੇਤਨਾ ਨੇ ਵਿਕਾਸ ਕੀਤਾ ਇਤਿਹਾਸ ਤੇ ਮਿਥਿਹਾਸ ਨੂੰ ਮਨੁੱਖੀ ਵਿਕਾਸ ਦੀ ਕਹਾਣੀ ਮੰਨਦੇ ਹੋਏ ਗਿਆਨ ਮਾਰਗ ਨਾਲ ਸੰਬੰਧ ਰੱਖਦੇ ਵੱਖਰੇ-ਵੱਖਰੇ ਅਨੁਸ਼ਾਸਨ ਮਾਨਵ ਵਿਗਿਆਨ, ਮਨੋਵਿਗਿਆਨ ਤੇ ਸਮਾਜ ਵਿਗਿਆਨ ਇਤਿਹਾਸ-ਮਿਥਿਹਾਸ ਦੇ ਸਰੂਪ ਨੂੰ ਸਮਝਣ ਵੱਲ ਰੁਚਿਤ ਹੋਏ। ਮਾਨਵ ਵਿਗਿਆਨੀ ਵੀਕੋ ਨੇ ਮਿਥ ਨੂੰ ਆਦਿ ਮਨੁੱਖ ਦੀ ਅਰਥ ਭਰਪੂਰ ਸਿਰਜਣਾ ਮੰਨਦੇ ਹੋਏ ਉਸ ਦੇ ਗਿਆਨਮਈ ਹੋਣ 'ਤੇ ਜ਼ੋਰ ਦਿੱਤਾ। ਉਸਦੇ ਕਥਨ ਅਨੁਸਾਰ "ਮਿਥ ਆਦਿਮ ਮਨੁੱਖ ਦੇ ਪ੍ਰਤੱਖਣ ਤੇ ਅਨੁਭਵ (ਜੀਵਨ ਚੇਤਨਾ) ਦਾ ਅਭਿਵਿਅਕਤੀ ਰੂਪ ਹੈ।"[੭] ਇਸ ਕਰਕੇ ਉਸ ਨੇ ਮਨੁੱਖੀ ਸਮਾਜ ਦਾ ਵਿਗਿਆਨ ਉਸਾਰਦੇ ਹੋਏ ਮਿਥ ਨੂੰ ਮਾਨਵ ਵਿਗਿਆਨ ਦਾ ਅੰਗ ਮੰਨਿਆ ਹੈ। ਇਸੇ ਤਰ੍ਹਾਂ ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫਰਾਇਡ ਨੇ ਵੀ ਮਿਥ ਦਾ ਮਨੁੱਖ ਦੇ ਸੁਪਨ-ਸੰਸਾਰ ਨਾਲ ਸਬੰਧ ਜੋੜਿਆ ਹੈ।

ਦਰਸ਼ਨ ਸ਼ਾਸਤਰੀਆਂ ਨੇ ਮਿਥ ਦੀ ਪ੍ਰਤੀਕਮੂਲਕ ਵਿਆਖਿਆ ਕਰਦਿਆਂ ਇਹ ਧਾਰਨਾ ਬਣਾਈ ਕਿ ਮਨੁੱਖ ਕੋਲ ਪ੍ਰਤੀਕ ਸਿਰਜਣ ਦੀ ਸਮਰੱਥਾ ਹੈ ਤੇ ਇਹ ਹੀ ਉਸ ਨੂੰ ਸਮੁੱਚੇ ਪਸ਼ੂ ਜਗਤ ਨਾਲੋਂ ਨਿਖੇੜਦੀ ਹੈ। ਇਸ ਤਰ੍ਹਾਂ ਵਿਭਿੰਨ ਅਨੁਸ਼ਾਸਨਾਂ ਨਾਲ ਸੰਬੰਧਤ ਚਿੰਤਕਾਂ ਨੇ ਇਨ੍ਹਾਂ ਵਿਭਿੰਨ ਅਨੁਸ਼ਾਸਨਾਂ ਤੋਂ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਕਰਦੇ ਹੋਏ ਮਿਥ ਨੂੰ ਮਾਨਵੀ ਚੇਤਨਾ ਦੀ ਮਹੱਤਵਪੂਰਨ ਪ੍ਰਾਪਤੀ ਮੰਨਿਆ ਹੈ।

ਮਿਥਿਹਾਸ ਦੇ ਨਾਲ ਨਾਲ ਇਤਿਹਾਸ ਦਾ ਵੀ ਮਨੁੱਖੀ ਚੇਤਨਾ ਨਾਲ ਗਹਿਰਾ ਸਬੰਧ ਹੋਣ ਕਰਕੇ ਇਤਿਹਾਸ ਦਾ ਵੀ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ। ਇਸ ਤਰ੍ਹਾਂ ਉਪਰੋਕਤ ਚਿੰਤਕਾਂ ਦੇ ਵਿਚਾਰਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਇਤਿਹਾਸ, ਮਿਥਿਹਾਸ ਅਤੇ ਸਾਹਿਤ ਮਨੁੱਖ ਵਲੋਂ ਭਾਸ਼ਾਈ ਮਾਧਿਅਮ ਦੁਆਰਾ ਸਿਰਜੀਆਂ ਉਹ ਕਥਾਵਾਂ, ਘਟਨਾਵਾ ਤੇ ਪ੍ਰਸਤੁਤ ਵਿਚਾਰ ਹਨ, ਜਿਹੜੀਆਂ ਉਸ ਨੇ ਪ੍ਰਕ੍ਰਿਤਕ ਨਜ਼ਾਰਿਆਂ ਨੂੰ ਸਮਝਣ, ਪ੍ਰਕ੍ਰਿਤਕ ਸ਼ਕਤੀਆ 'ਤੇ ਕਾਬੂ ਪਾਉਣ, ਆਪਣੇ ਹਾਵ ਭਾਵ ਤੇ ਜਜ਼ਬਾਤ ਦੂਜਿਆਂ ਨਾਲ ਸਾਂਝੇ ਕਰਨ ਲਈ ਆਪਣੇ ਜੀਵਨ ਤਜਰਬਿਆਂ ਨੂੰ ਆਪਣੀ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਸਿਰਜੇ ਹਨ ਤਾਂ ਕਿ ਆਪਣੀ ਪਹਿਲੀ ਪੀੜ੍ਹੀ ਦੇ ਜੀਵਨ ਅਨੁਭਵਾਂ ਤੋਂ ਸਿੱਖਿਆ ਤੇ ਪ੍ਰੇਰਨਾ ਲੈ ਕੇ ਅਗਲੀ ਪੀੜ੍ਹੀ ਵਿਕਾਸ ਕਰ ਸਕੇ।

ਮਿਥਿਹਾਸ ਦੇ ਪਾਤਰਾਂ ਦੀਆਂ ਜੀਵਨ ਘਟਨਾਵਾਂ ਦੀ ਪ੍ਰਤੀਕਾਤਮਕ ਅਭਿਵਿਅੰਜਨਾ ਰਾਹੀਂ ਮਨੁੱਖ ਦੀ ਮੁੱਢਲੀ ਕਲਾ, ਭਾਸ਼ਾ ਤੇ ਸਾਹਿਤ ਦਾ ਉਦਗਮ ਹੋਇਆ। ਪ੍ਰਾਚੀਨ ਸਾਹਿਤ ਦਾ ਇਹ ਸਿਰਜਣਾਤਮਕ ਅਮਲ ਮੁੱਢਲੀ ਪੱਧਰ ਦਾ ਹੀ ਸੀ। ਲਿੱਪੀ ਦੀ ਹੋਂਦ ਨਾ ਹੋਣ ਕਾਰਨ ਪ੍ਰਤੀਕਾਂ ਤੇ ਚਿੰਨ੍ਹਾਂ ਦੇ ਰੂਪ ਵਿਚ ਮਨੁੱਖ ਨੇ ਗਿਆਨ ਦਾ ਸਮਾਜਿਕ ਪੱਧਰ 'ਤੇ ਸੰਚਾਰ ਕਰਨਾ ਸ਼ੁਰੂ ਕੀਤਾ। ਇਸ ਪ੍ਰਕਾਰ ਭਾਸ਼ਾ ਤੇ ਸਾਹਿਤ ਦਾ ਕਲਾਮਈ ਪ੍ਰਗਟਾਵਾ ਹੋਣਾ ਸ਼ੁਰੂ ਹੋ ਗਿਆ। ਸਾਹਿਤ ਮੌਖਿਕ ਰੂਪ

ਵਿਚ ਮਨੁੱਖੀ ਚੇਤਨਾ ਦਾ ਆਦਿ ਕਾਲੀਨ ਪ੍ਰਗਟਾਵਾ ਹੈ। ਲਿੱਪੀ ਦੀ ਈਜਾਦ ਨਾਲ ਮੌਖਿਕ ਸਾਹਿਤ ਨੇ ਲਿਖਤੀ ਰੂਪ ਧਾਰਨ ਕੀਤਾ।

ਵੀਹਵੀਂ ਸਦੀ ਵਿਚ ਪੱਛਮੀਂ ਵਿਦਵਾਨਾਂ ਵਲੋਂ ਮਿਥ ਦੇ ਖੇਤਰ ਅੰਦਰ ਜੋ ਵਿਸਤ੍ਰਿਤ ਵਿਸ਼ਲੇਸ਼ਣਾਤਮਕ ਕਾਰਜ ਹੋਇਆ, ਉਸ ਦੇ ਪ੍ਰਭਾਵ ਵਜੋਂ ਭਾਰਤੀ ਵਿਦਵਾਨਾਂ ਅੰਦਰ ਵੀ ਆਪਣੇ ਪੂਰਵਜਾਂ ਦੇ ਮਿਥ ਸਾਹਿਤ ਨੂੰ ਫਰੋਲਣ ਦੀ ਪ੍ਰਬਲ ਭਾਵਨਾ ਪੈਦਾ ਹੋਈ ਹੈ। ਫਲਸਰੂਪ ਉਨ੍ਹਾਂ ਨੇ ਭਾਰਤੀ ਮਿਥਿਹਾਸ ਦੇ ਅਰਥਾਂ ਨੂੰ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੱਧਕਾਲ ਤੀਕ ਭਾਰਤੀ ਸਾਹਿਤ ਅੰਦਰ ਮਿਥਿਹਾਸ ਪ੍ਰਮੁੱਖ ਤੌਰ 'ਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਦਾ ਹੈ।

ਸਾਹਿਤ ਨਾਲ ਮਿਥਿਹਾਸ ਦੇ ਸੰਬੰਧਾਂ ਦੀ ਭਰਪੂਰ ਚਰਚਾ 19ਵੀਂ ਤੇ 20ਵੀਂ ਸਦੀ ਵਿਚ ਹੀ ਹੋਈ ਹੈ। ਮੁੱਢਲੇ ਯੂਨਾਨੀ ਸਾਹਿਤ ਦੇ ਨਾਟਕੀ ਖੇਤਰ ਵਿਚ ਐਸਕੀਲੱਸ, ਸੋਫ਼ੋਕਲੀਜ਼ ਅਤੇ ਯੂਰਪੀਡੀਜ਼ ਆਦਿ ਮਹਾਨ ਨਾਟਕਕਾਰਾਂ ਦੀਆਂ ਕਿਰਤਾਂ ਦੀ ਮਹੱਤਤਾ ਯੂਨਾਨੀ ਮਿਥਾਂ ਕਾਰਨ ਹੀ ਹੈ। ਯੂਨਾਨੀ ਸਾਹਿਤ ਤੋਂ ਇਲਾਵਾ ਪੱਛਮੀ ਸਾਹਿਤ ਵਿੱਚ ਸ਼ੈਕਸਪੀਅਰ ਦੀਆਂ ਨਾਟਕੀ ਰਚਨਾਵਾਂ ਵਿੱਚ ਵੀ ਮਿਥਿਆਸ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਹੋਮਰ ਰਚਿਤ 'ਇਲੀਅਡ' ਤੇ 'ਓਡੀਸੀ', ਦਾਂਤੇ ਦੀ ਰਚਨਾ 'ਡੀਵਾਈਨ ਕਾਮੇਡੀ' ਆਦਿ ਮਿਥਿਹਾਸ ਸਮੱਗਰੀ ਨਾਲ ਭਰਪੂਰ ਹਨ। ਟੀ.ਐੱਸ. ਈਲੀਅਟ, ਕੀਟਸ, ਸ਼ੈਲੇ ਆਦਿ ਕਵੀਆਂ ਦੀਆਂ ਕਵਿਤਾਵਾਂ ਵਿੱਚ ਮਿਥਿਹਾਸ ਦੀ ਖੁੱਲ੍ਹੇ ਰੂਪ ਵਿੱਚ ਵਰਤੋਂ ਹੋਈ ਹੈ।

ਭਾਰਤੀ ਸਾਹਿਤ ਵਿੱਚ ਦੋ ਮਹਾਨ ਮਹਾਂ-ਕਾਵਿ 'ਰਮਾਇਣ' ਤੇ 'ਮਹਾਂਭਾਰਤ' ਇਸ ਪੱਖ ਤੋਂ ਕਲਾਸਿਕੀ ਰਚਨਾਵਾਂ ਹਨ। ਕਾਲੀਦਾਸ ਦੀਆਂ 'ਸ਼ਕੁੰਤਲਾ', 'ਮੇਘਦੂਤਮ' ਆਦਿ ਨਾਟਕੀ ਰਚਨਾਵਾਂ ਵੀ ਮਿਥਿਹਾਸ ਤੋਂ ਪ੍ਰਭਾਵਿਤ ਹਨ।

ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਨਾਥ ਕਾਵਿ, ਗੁਰਮਤਿ ਕਾਵਿ, ਸੂਫੀ ਕਾਵਿ, ਕਿੱਸਾ-ਕਾਵਿ ਅਤੇ ਵੀਰ-ਕਾਵਿ ਵਿੱਚ ਵੀ ਮਿਥਿਹਾਸ ਦੀ ਭਰਪੂਰ ਵਰਤੋਂ ਹੋਈ ਹੈ। ਮਿਥਿਹਾਸ ਦੀ ਸਾਹਿਤ ਅੰਦਰ ਵਰਤੋਂ ਜ਼ਿਆਦਾਤਰ ਸੰਕੇਤਾਂ, ਦ੍ਰਿਸ਼ਟਾਂਤਾਂ ਅਤੇ ਪ੍ਰਤੀਕਾਂ ਦੇ ਰੂਪ ਵਿੱਚ ਹੋਈ ਹੈ। ਦਸਮ ਗ੍ਰੰਥ ਅੰਦਰ 'ਚੰਡੀ ਦੀ ਵਾਰ' ਤੇ 'ਚੰਡੀ ਚਰਿੱਤਰ' ਆਦਿ ਰਚਨਾਵਾਂ ਵੀ ਮਿਥਿਹਾਸ ਆਧਾਰਤ ਹਨ। ਗੁਰਬਾਣੀ ਅੰਦਰ ਪੌਰਾਣਿਕ ਪ੍ਰਸੰਗਾਂ ਨੂੰ ਗੁਰਮਤਿ ਉਦੇਸ਼ਾਂ ਲਈ ਭਲੀ-ਭਾਂਤ ਦੁਹਰਾਇਆ ਗਿਆ ਹੈ। ਮੱਧਕਾਲੀਨ ਲੌਕਿਕ ਅਤੇ ਵਸ਼ਿਸ਼ਟ ਸਾਰਾ ਸਾਹਿਤ ਇਸ ਸਾਹਿਤਕ ਵਰਤਾਰੇ ਦਾ ਪ੍ਰਮਾਣ ਹੈ।

ਆਧੁਨਿਕ ਪੰਜਾਬੀ ਸਾਹਿਤ ਅੰਦਰ ਵੀ ਮਿਥਿਹਾਸ ਦੀ ਵਰਤੋਂ ਭਲੀ ਪ੍ਰਕਾਰ ਕੀਤੀ ਮਿਲਦੀ ਹੈ। ਬ੍ਰਿਜ ਲਾਲ ਸ਼ਾਸਤਰੀ ਦੀਆਂ ਨਾਟਕੀ ਰਚਨਾਵਾਂ ਪੂਰਨ, ਸਵਿੱਤ੍ਰੀ, ਸੁਕੰਨਿਯਾ ਆਦਿ ਮਿਥਿਹਾਸ ਆਧਾਰਤ ਹਨ। ਇਸ ਤੋਂ ਇਲਾਵਾ ਰੋਸ਼ਨ ਲਾਲ ਆਹੂਜਾ ਦੀ ਰਚਨਾ 'ਕਲਿੰਗਾ ਦਾ ਦੁਖਾਂਤ' ਤੇ ਪ੍ਰਿੰ. ਸੰਤ ਸਿੰਘ ਸੇਖੋਂ ਦੀਆਂ ਨਾਟਕੀ ਰਚਨਾਵਾਂ 'ਕਲਾਕਾਰ', 'ਦਮਯੰਤੀ' ਆਦਿ ਦਾ ਸੰਬੰਧ ਮਿਥਿਹਾਸ ਨਾਲ ਹੈ। ਚਰਨਦਾਸ ਸਿੱਧੂ ਦੇ ਨਾਟਕ 'ਇੰਦੂਮਤੀ ਸੱਤਿਦੇਵ' ਤੇ 'ਬਾਬਾ ਬੰਤੂ' ਵੀ ਮਿਥਿਹਾਸ ਆਧਾਰਿਤ ਹਨ। ਕਾਵਿ ਦੇ ਖੇਤਰ ਵਿੱਚ ਪ੍ਰੋ. ਪੂਰਨ ਸਿੰਘ ਦੀਆਂ ਕਵਿਤਾਵਾਂ 'ਪੂਰਨ ਨਾਥ ਜੋਗੀ', 'ਗਾਰਗੀ' ਆਦਿ ਮਿਥਿਹਾਸ ਨਾਲ ਸੰਬੰਧਿਤ ਹਨ। ਡਾ. ਸਵਰਾਜਬੀਰ ਦੇ ਨਾਟਕ 'ਧਰਮ ਗੁਰੂ', 'ਕ੍ਰਿਸ਼ਨ', 'ਮੇਦਨੀ', 'ਅਗਨੀਕੁੰਡ' ਵੀ ਮਿਥਿਹਾਸ ਦੀਆਂ ਘਟਨਾਵਾਂ ਦਾ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਨਵ-ਸਿਰਜਣ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਇਤਿਹਾਸ-ਮਿਥਿਹਾਸ ਸਾਹਿਤਕ ਰਚਨਾਵਾਂ ਲਈ ਇਕ ਸ਼ਕਤੀਸ਼ਾਲੀ ਭਾਵ-ਅਭਿਵਿਅੰਜਨਾਂ ਦਾ ਆਧਾਰ ਬਣਦਾ ਹੈ। ਆਦਿ-ਕਾਲ ਤੋਂ ਹੀ ਮਨੁੱਖ ਆਪਣੇ ਇਤਿਹਾਸਕ-ਮਿਥਿਹਾਸਕ ਵਿਰਸੇ ਤੋਂ ਪ੍ਰੇਰਨਾ ਲੈਂਦਾ ਰਿਹਾ ਹੈ। ਅਜੋਕੇ ਯੁੱਗ ਅੰਦਰ ਵੀ ਇਤਿਹਾਸ-ਮਿਥਿਹਾਸ ਜਨ.ਸਾਧਾਰਣ ਲਈ ਓਨਾ ਹੀ ਪ੍ਰੇਰਨਾਸ੍ਰੋਤ ਤੇ ਮਹੱਤਵਪੂਰਨ ਹੈ। ਸਾਹਿਤ, ਇਤਿਹਾਸ ਤੇ ਮਿਥਿਹਾਸ ਬਗੈਰ ਅਪੰਗ ਹੈ। ਸਾਹਿਤਕਾਰ ਪੁਰਾਤਨ ਸਮੇਂ ਤੋਂ ਹੀ ਆਪਣੇ ਇਤਿਹਾਸਕ-ਮਿਥਿਹਾਸਕ ਵਿਰਸੇ ਨੂੰ ਆਧਾਰ ਬਣਾਕੇ ਰਚਨਾ ਕਰਦੇ ਆਏ ਹਨ। ਇਸ ਲਈ ਸਾਹਿਤ ਦਾ ਇਤਿਹਾਸ ਤੇ ਮਿਥਿਹਾਸ ਨਾਲ ਅਨਿੱਖੜ ਰਿਸ਼ਤਾ ਹੈ। ਹਰੇਕ ਕਬੀਲੇ, ਸੰਸਕ੍ਰਿਤੀ ਤੇ ਦੇਸ਼ ਦਾ ਇਤਿਹਾਸ ਮਿਥਿਹਾਸ ਉਸਦੇ ਸਾਹਿਤ ਅੰਦਰ ਨਗੀਨਿਆਂ ਵਾਂਗ ਜੜ੍ਹਿਆ ਹੁੰਦਾ ਹੈ। ਹਰੇਕ ਸਾਹਿਤਕਾਰ ਆਪਣੇ ਇਤਿਹਾਸ-ਮਿਥਿਹਾਸ ਵਿਰਸੇ ਤੋਂ ਪ੍ਰੇਰਨਾ ਲੈਕੇ ਰਚਨਾ ਕਰਦਾ ਹੈ।

ਹਵਾਲੇ ਤੇ ਟਿੱਪਣੀਆਂ:


1. ਰਤਨ ਸਿੰਘ ਜੱਗੀ (ਸੰਪਾ), ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 ਪੰਨਾ 243
2. ਪੰਜਾਬੀ ਸਾਹਿਤ ਕੋਸ਼, (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ 157
3. Webster Comprehensive, Dictionary Vol. II, (International Edition), J.G. Ferguson Publishing Company, Chicago, 1977, P. 744
4. The Oxford Reference Dictionary, New Illustrated Both A Dictionary and An Encyclopedia, Oxford University Press, Delhi, 1987, P. 390
5. E.H. Carr, What is History, Penguin Books. England 1990, P. 9
6. ਮਨਜੀਤ ਸਿੰਘ (ਡਾ.), 'ਭੂਮਿਕਾ', ਜਨਮਸਾਖੀ/ਮਿਥ ਵਿਗਿਆਨ, ਰਚਨਾ ਪਬਲਿਸ਼ਰਜ਼, ਦਿੱਲੀ, 2005, ਪੰਨਾ 7
7. The Shorter Oxford, English Dictionary, Vol. II, P. 1387
8. ਮਨਜੀਤ ਸਿੰਘ (ਡਾ.), ਜਨਮਸਾਖੀ/ਮਿਥ ਵਿਗਿਆਨ, ਰਚਨਾ ਪਬਲਿਸ਼ਰਜ਼, ਦਿੱਲੀ, 2005, ਪੰਨਾ 50
9. Vico Gaimbattista, The New Science, Cornell University Press, Ithaca, New York, 1948, P. 31
10. Ernst Cassirer; The Validity and form of Mythical Thought in the Modern Tradition.


□□□

*ਉਰਦੂ ਕਹਾਣੀ*

# ਸਰਹੱਦ ਉੱਤੇ

## *ਮੂਲ : ਨੰਦ ਕਿਸ਼ੋਰ ਵਿਕਰਮ*
## *ਅਨੁਵਾਦ : ਹਰਿੰਦਰ ਸਿੰਘ ਗੋਗਨਾ*

"ਛੱਡ ਨਜ਼ਮੀਂ...ਮੈਨੂੰ ਸਾਮਾਨ ਬੰਨ੍ਹਣ ਦੇ।" ਸ਼ਾਹਿਦਾ ਨੇ ਪੱਲਾ ਛੁਡਾਉਂਦੇ ਕਿਹਾ।

"ਤਾਂ ਦੱਸ ਨਾ ਅੰਮੀਂ।"

"ਦੇਖ ਨਜ਼ਮੀਂ ਜੇ ਨਹੀਂ ਮੰਨੇਗਾ ਤਾਂ ਕੁੱਟ ਖਾਏਂਗਾ।"

"ਫਿਰ ਦੱਸ ਅੰਮੀਂ... ਆਪਾਂ ਕਿੱਥੇ ਜਾ ਰਹੇ ਆਂ ?"

"ਓਏ ਬਾਬਾ... ਆਪਾਂ ਪਾਕਿਸਤਾਨ ਜਾ ਰਹੇ ਆਂ।" ਸ਼ਾਹਿਦਾ ਨੇ ਤੰਗ ਆ ਕੇ ਜੁਆਬ ਦਿੱਤਾ। ਇਹ ਸੁਣ ਕੇ ਨਜ਼ਮੀਂ ਜ਼ੋਰ ਜ਼ੋਰ ਨਾਲ ਚੀਕਣ ਲੱਗਾ, "ਅਸੀਂ ਪਾਕਿਸਤਾਨ ਜਾਵਾਂਗੇ। ਲੈ ਕੇ ਰਹਾਂਗੇ ਪਾਕਿਸਤਾਨ। ਪਾਕਿਸਤਾਨ ਜ਼ਿੰਦਾਬਾਦ...ਪਾਕਿਸਤਾਨ ਜ਼ਿੰਦਾਬਾਦ...।" ਅਜੇ ਨਜ਼ਮੀਂ ਨਾਅਰੇ ਲਗਾ ਹੀ ਰਿਹਾ ਸੀ ਕਿ ਉਸ ਦੇ ਅੱਬਾ ਬਾਹਰ ਤੋਂ ਆ ਗਏ। ਜਿਵੇਂ ਹੀ ਉਨ੍ਹਾਂ ਨੇ ਨਜ਼ਮੀਂ ਨੂੰ ਨਾਅਰੇ ਲਗਾਉਂਦੇ ਸੁਣਿਆ ਉਹ ਚੀਕ ਉੱਠੇ,"ਨਜ਼ਮੀਂ...।"

ਵਿਚਾਰਾ ਨਜ਼ਮੀਂ ਸਹਿਮ ਕੇ ਇਕ ਕੋਨੇ ਵਿਚ ਜਾ ਖੜ੍ਹਾ ਹੋਇਆ ਜਿਵੇਂ ਕੋਈ ਖ਼ਰਗੋਸ਼ ਸ਼ਿਕਾਰੀ ਨੂੰ ਵੇਖ ਕੇ ਝਾੜੀ ਵਿਚ ਜਾ ਛੁਪਦਾ ਹੈ ਅਤੇ ਸਲੀਮ ਸ਼ਾਹਿਦਾ ਦੇ ਕੋਲ ਆ ਕੇ ਸ਼ੋਰ ਮਚਾਉਣ ਲੱਗਾ, " ਪਤਾ ਨੀਂ ਇਹ ਔਰਤਾਂ ਕਿੱਦਾਂ ਦੇ ਕੰਮ ਕਰਦੀਆਂ ਨੇ। ਤਿੰਨ ਘੰਟਿਆਂ ਤੋਂ ਸਾਮਾਨ ਬੰਨ੍ਹ ਰਹੀਆਂ ਨੇ ਪਰ ਅਜੇ ਤੱਕ ਤਿਆਰ ਨਹੀਂ ਹੋਈਆਂ। ਇਕ ਤਾਂ ਦੇਰ ਕਰ ਰਹੀਆਂ ਨੇ ਉੱਪਰ ਤੋਂ ਨਜ਼ਮੀਂ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾ ਰਿਹੈ। ਜੇ ਕਿਸੇ ਹਿੰਦੂ ਜਾਂ ਸਿੱਖ ਨੇ ਸੁਣ ਲਿਆ ਤਾਂ ਫਿਰ ਸਾਡੀਆਂ ਲਾਸ਼ਾਂ ਵੀ ਪਾਕਿਸਤਾਨ ਨਹੀਂ ਪਹੁੰਚਣੀਆ।"

ਸਲੀਮ ਦਾ ਪਾਰਾ ਹਾਈ ਡਿਗਰੀ 'ਤੇ ਦੇਖ ਕੇ ਸਲੀਮ ਦੀ ਭੈਣ ਜ਼ੁਬੈਦਾ ਤੇ ਉਸ ਦੀ ਬੀਵੀ ਸ਼ਾਹਿਦਾ ਬੜੀ ਤੇਜ਼ੀ ਨਾਲ ਸਾਮਾਨ ਬੰਨ੍ਹਣ ਲੱਗੀਆਂ ਪਰ ਉਨ੍ਹਾਂ ਦਾ ਘਰ ਦੀ ਕੋਈ ਚੀਜ਼ ਪਿੱਛੇ ਛੱਡਣ ਲਈ ਜੀਅ ਨਹੀਂ ਕਰ ਰਿਹਾ ਸੀ। ਉਹ ਚਾਹੁੰਦੀਆਂ ਸਨ ਕਿ ਗ੍ਰਾਮੋਫੋਨ, ਕੀਮਤੀ ਜੇਵਰ, ਜ਼ਰੀ ਤੇ ਮਖਮਲ ਦੇ ਕੱਪੜੇ ਵਰ੍ਹਿਆਂ ਦੀ ਇਕੱਠੀਆਂ ਕੀਤੀਆਂ ਹੋਈਆਂ ਤਸਵੀਰਾਂ ਤੇ ਪੁਸਤਕਾਂ ਨੂੰ ਵੀ ਨਾਲ ਲੈ ਜਾਣ ਪਰ ਸਲੀਮ ਨੇ ਦੁਬਾਰਾ ਚੀਕਦੇ ਹੋਏ ਕਿਹਾ, " ਛੱਡ ਇਸ ਗ੍ਰਾਮੋਫੋਨ ਤੇ ਤਸਵੀਰਾਂ ਨੂੰ ਜੇ ਜ਼ਿੰਦਗੀ ਬਚੀ ਤਾਂ ਹੋਰ ਬਣਾ ਲਵਾਂਗੇ। ਬਾਰ੍ਹਾਂ ਵੱਜ ਚੁੱਕੇ ਨੇ ਤੇ ਰਾਤੋ

*ਪੰਜਾਬੀ ਰੂਪ : ਹਰਿੰਦਰ ਸਿੰਘ ਗੋਗਨਾ, ਕੰਟਰੋਲਰ ਦਫ਼ਤਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੋਬਾ. 9872325960*

ਰਾਤ ਆਪਾਂ ਹਿੰਦੁਸਤਾਨ ਦੀ ਸਰਹੱਦ ਨੂੰ ਪਾਰ ਕਰਨਾ ਏ।''

ਤੇ ਸਵਾ ਬਾਰ੍ਹਾਂ ਵਜੇ ਉਹ ਛੋਟਾ ਜਿਹਾ ਕਾਫ਼ਲਾ ਘੋੜਿਆਂ 'ਤੇ ਸਵਾਰ ਹੋ ਕੇ ਚੱਲ ਪਿਆ ਹਿੰਦੁਸਤਾਨ ਨੂੰ ਛੱਡ ਕੇ ਪਾਕਿਸਤਾਨ ਵੱਲ...ਆਪਣੀ ਜਨਮ ਭੂਮੀ ਤੋਂ ਦੂਰ...

ਚਾਰੇ ਪਾਸੇ ਘੁੱਪ ਹਨੇਰਾ ਛਾਇਆ ਹੋਇਆ ਸੀ। ਹਰ ਕੋਈ ਡੂੰਘੀ ਨੀਂਦ ਸੌਂ ਰਿਹਾ ਸੀ। ਕੇਵਲ ਪਿੰਡ ਦੇ ਚੌਕੀਦਾਰ ਤੇ ਕੁੱਤਿਆਂ ਦੀ ਆਵਾਜ਼ਾਂ ਹੀ ਕੰਨੀਂ ਪੈ ਰਹੀਆਂ ਸਨ। ਉਸ ਵਕਤ ਸਲੀਮ, ਸ਼ਾਹਿਦਾ, ਜ਼ੁਬੈਦਾ, ਨਜ਼ਮੀਂ ਤੇ ਉਨ੍ਹਾਂ ਦਾ ਨੌਕਰ ਅਕਰਮ ਘੋੜਿਆਂ 'ਤੇ ਸਵਾਰ ਕਦਮ ਕਦਮ 'ਤੇ ਠੋਕਰਾਂ ਖਾਂਦੇ ਹੋਏ ਹਿੰਦੁਸਤਾਨ ਤੋਂ ਦੂਰ ਪਾਕਿਸਤਾਨ ਜਾ ਰਹੇ ਸੀ। ਉਸ ਸਮੇਂ ਸਲੀਮ ਦੀ ਹਾਲਤ ਉਸ ਸਾਰਸ ਵਾਂਗ ਸੀ ਜਿਸ ਦਾ ਸਾਥੀ ਉਸ ਕੋਲੋਂ ਵਿਛੜ ਗਿਆ ਹੋਵੇ। ਉਸ ਦੀ ਅਜਿਹੀ ਹਾਲਤ ਕਿਉਂ ਨਾ ਹੁੰਦੀ। ਉਹ ਆਪਣੇ ਪਿੰਡ ਤੋਂ ਹਮੇਸ਼ਾ ਲਈ ਦੂਰ ਜਾ ਰਿਹਾ ਸੀ। ਉਸ ਸਮੇਂ ਸਲੀਮ ਨੂੰ ਹਿੰਦੁਸਤਾਨ ਦੇ ਲੀਡਰਾਂ ਦੀ ਖ਼ੁਦਗਰਜ਼ੀ ਯਾਦ ਆ ਗਈ ਜਿਹੜੇ ਦੇਸ਼ ਦੀ ਜਨਤਾ ਦੀ ਭਲਾਈ ਨੂੰ ਅਣਡਿੱਠ ਕਰਕੇ ਆਪਣੇ ਸਵਾਰਥ ਵਿਚ ਲੱਗੇ ਹੋਏ ਸਨ ਜਦੋਂ ਕਿ ਇਸ ਸਵਰਗ ਸਮਾਨ ਦੇਸ਼ ਵਿਚ ਜਿੱਥੇ ਸਵੇਰੇ ਤੋਂ ਸ਼ਾਮ ਤੱਕ ਅੱਗ ਵਰ੍ਹਾਉਣ ਵਾਲੇ ਦਿਨਾਂ ਤੇ ਅਤਿ ਠੰਢੀਆਂ ਰਾਤਾਂ ਨੂੰ ਕਿਸਾਨ ਖ਼ੂਨ ਪਸੀਨਾ ਇਕ ਕਰਦਾ ਹੈ ਪਰ ਪੈਦਾ ਹੋਣ ਵਾਲਾ ਅਨਾਜ ਸ਼ਾਹੂਕਾਰ ਦੇ ਇਕ ਫਰਲਾਂਗ ਲੰਮੇ ਗੁਦਾਮ ਵਿਚ ਭਰ ਦਿੱਤਾ ਜਾਂਦਾ ਹੈ ਤੇ ਉਸ ਸਮੇਂ ਉਸ ਦਾ ਜੀਅ ਚਾਹਿਆ ਕਿ ਉਹ ਚੀਕ ਉੱਠੇ, ''ਐ ਹਿੰਦੁਸਤਾਨ ਦੇ ਹਿੰਦੂ, ਮੁਸਲਮਾਨੋ... ਤੁਸੀਂ ਇਸ ਧਰਤੀ ਤੇ ਨਾ ਤਾਂ ਪਾਕਿਸਤਾਨ ਬਣਨ ਦਿਉ ਤੇ ਨਾ ਹੀ ਖਾਲਿਸਤਾਨ, ਸਗੋਂ ਤੁਸੀਂ ਇਸ ਧਰਤੀ 'ਤੇ ਇਕ ਅਜਿਹਾ ਸਤਾਨ ਬਣਾਉ ਜਿੱਥੇ ਸੰਪਰਦਾਇਕ ਦੰਗੇ ਨਾ ਹੋਣ। ਹਰ ਇਨਸਾਨ ਦਾ ਦਿਲ ਮਨੁੱਖੀ ਪਿਆਰ ਨਾਲ ਭਰਿਆ ਹੋਵੇ। ਮਜ਼ਦੂਰ ਤੇ ਕਿਸਾਨ 'ਤੇ ਪੂੰਜੀਪਤੀ ਦਾ ਅਤਿਆਚਾਰ ਨਾ ਹੋਵੇ ਤੇ ਜੇਕਰ ਅਜਿਹਾ ਨਹੀਂ ਹੋ ਸਕਦਾ ਤਾਂ ਖ਼ੁਦਾ ਨੂੰ ਦੁਆ ਕਰੋ ਕਿ ਐ ਖ਼ੁਦਾ ਇਸ ਧਰਤੀ 'ਤੇ ਇਕ ਅਜਿਹਾ ਹੜ੍ਹ ਲਿਆ ਜਿਸ ਵਿਚ ਇਹ ਧਰਤੀ ਤੇ ਇਸ ਦੇ ਵਾਸੀ ਹਮੇਸ਼ਾ ਹਮੇਸ਼ਾ ਲਈ ਡੁੱਬ ਜਾਣ ਤੇ ਹਿਮਾਲਾ ਪਰਬਤ ਦੀ ਸਿਰਫ਼ ਉਹ ਚੋਟੀ ਤੇ ਉਸ ਦਾ ਦਾਮਨ ਰਹਿ ਜਾਵੇ ਜਿੱਥੇ ਹਜ਼ਰਤ ਨੂਹ ਦੀ ਕਿਸ਼ਤੀ ਆ ਕੇ ਕਿਨਾਰੇ ਲੱਗੀ ਸੀ ਤੇ ਉਸ ਉੱਚਤਮ ਚੋਟੀ 'ਤੇ ਇਕ ਸੁਰਖ਼ ਝੰਡਾ ਲੱਗਾ ਹੋਵੇ ਖਤਰੇ ਦੀ ਨਿਸ਼ਾਨੀ ਮਤਲਬ ਇਸ ਦੇ ਨੇੜੇ ਨਾ ਆਓ ਤੇ ਇਸ ਕੋਲ ਹੀ ਇਕ ਬੋਰਡ ਲੱਗਿਆ ਹੋਵੇ ਜਿਸ 'ਤੇ ਵੱਡੇ-ਵੱਡੇ ਅੱਖਰਾਂ ਵਿਚ ਹੇਠ ਲਿਖੀ ਇਬਾਰਤ ਤਹਰੀਰ ਹੋਵੇ :

ਇਸ ਦੇ ਦਾਮਨ ਵਿਚ ਇਕ ਦੇਸ਼ ਅਬਾਦ ਸੀ ਜਿਸ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਇਸ ਥਾਂ ਦੁਨੀਆ ਨੂੰ ਸ਼ਾਂਤੀ ਤੇ ਏਕਤਾ ਦੀ ਸਿੱਖਿਆ ਦੇਣ ਵਾਲੇ ਸੱਚਾਈ ਦੇ ਦੇਵਤਾ, ਨੇਕੀ ਦੇ ਅਵਤਾਰ, ਮਾਨਵਤਾ ਦੇ ਪ੍ਰਚਾਰਕ, ਦੀਨ ਦੁਖੀਆਂ ਦੇ ਸਹਾਇਕ, ਸੱਚ ਤੇ ਪਿਆਰ ਦੇ ਉਪਦੇਸ਼ਕ ਪੈਦਾ ਹੋਇਆ ਕਰਦੇ ਸੀ ਪਰ ਇੱਥੋਂ ਦੀਆਂ ਕੌਮਾਂ ਅਲਪ-ਸੰਖਿਅਕਾਂ, ਨਿਹੱਥੇ ਇਨਸਾਨਾਂ ਨੂੰ ਮੌਤ ਦੇ ਘਾਟ ਉਤਾਰ ਕੇ, ਔਰਤਾਂ ਦੀ ਪਾਕੀਜ਼ਗੀ ਨੂੰ ਦਾਗ਼ ਲਗਾ ਕੇ ਆਪਣੇ ਆਪ ਨੂੰ ਬਹਾਦਰ ਬਿਆਨ ਕਰਦੀਆਂ ਸਨ। ਹਰ ਸਾਲ ਗਾਂ ਤੇ ਸੂਰ ਦੇ ਨਾਂ 'ਤੇ ਸੰਪਰਦਾਇਕ ਦੰਗੇ ਹੋ ਜਾਂਦੇ ਸੀ। ਜਿਸ ਦੇ ਨਤੀਜੇ ਵਿਚ ਹਜ਼ਾਰਾਂ ਇਨਸਾਨ ਮੁਫ਼ਤ ਵਿਚ ਦੰਗਿਆਂ ਦੀ ਭੇਂਟ ਹੋ ਜਾਂਦੇ ਸੀ।

ਇਸ ਦੇਸ਼ ਦੇ ਪਾਣੀ ਵਿਚ ਡੁੱਬਣ ਤੋਂ ਕੁਝ ਸਮਾਂ ਪਹਿਲਾਂ ਇੱਥੇ ਜਨੂੰਨੀ ਰਾਜਨੇਤਾ ਰਿਹਾ ਕਰਦੇ ਸੀ, ਜਿਨ੍ਹਾਂ ਕਾਰਨ ਇਸ ਦੇਸ਼ ਦੇ ਦੋ ਟੋਟੇ ਹੋ ਗਏ। ਇੱਥੇ ਇਕ ਪਾਸੇ ਅਮੀਰਾਂ ਦੇ ਰਹਿਣ ਲਈ ਮਹਿਲ ਖੜ੍ਹੇ ਸੀ ਤਾਂ ਦੂਜੇ ਪਾਸੇ ਤੰਗ ਤੇ ਹਨੇਰੀ ਗਲੀਆਂ ਸਨ। ਜਿੱਥੇ ਚਿਰਾਗ਼ ਸੀ ਪਰ ਮੱਧਮ। ਜਿੱਥੇ ਠੰਢੀਆਂ ਆਹਾਂ ਸਨ ਪਰ ਦੱਬੀਆਂ ਹੋਈਆਂ। ਜਿੱਥੇ ਜ਼ਿੰਦਗੀ ਸੀ ਪਰ ਤੜਫਦੀ ਹੋਈ। ਇਹ ਅਮੀਰਾਂ ਦੇ ਮਹਿਲਾਂ ਤੇ ਹਵੇਲੀਆਂ ਦੀਆਂ ਬੁਨਿਆਦਾਂ, ਮਜ਼ਦੂਰ ਤੇ ਮਿੱਟੀ ਤੇ

ਚੀਥੜਿਆਂ ਵਿਚ ਲਿਪਟੇ ਉਨ੍ਹਾਂ ਦੇ ਬੱਚੇ ਰਿਹਾ ਕਰਦੇ ਸਨ। ਇੱਥੋਂ ਦੇ ਲੇਖਕਾਂ ਤੇ ਕਵੀਆਂ ਦੀਆਂ ਲਿਖਤਾਂ ਇਸ਼ਕ ਮੁਹੱਬਤ ਵਿਚ ਡੁੱਬੀਆਂ ਹੋਈਆਂ ਸਨ। ਸ਼ਾਇਦ ਉਹ ਆਪਣੇ ਦੇਸ਼ ਦੀ ਉੱਨਤੀ ਤੇ ਵਿਕਾਸ ਦੇ ਬਾਰੇ ਵਿਚ ਲਿਖਣਾ, ਆਪਣਾ ਅਪਮਾਨ ਸਮਝਦੇ ਸਨ। ਦੁਨੀਆ ਦੇ ਦੇਸ਼ ਸਿੱਖਿਆ ਤੇ ਉਦਯੋਗ ਵਿਚ ਤਰੱਕੀ ਕਰ ਰਹੇ ਸਨ ਪਰ ਇੱਥੋਂ ਦੇ ਲੋਕਾਂ ਨੇ ਬੱਚੇ ਪੈਦਾ ਕਰਨ ਵਿਚ ਰਿਕਾਰਡ ਤੋੜ ਦਿੱਤਾ ਸੀ ਤੇ ਉਹ ਬੜੇ ਮਾਣ ਨਾਲ ਕਿਹਾ ਕਰਦੇ ਸੀ ਕਿ ਸਾਡੀ ਅਬਾਦੀ ਦੁਨੀਆਂ ਵਿਚ ਦੂਜੇ ਨੰਬਰ 'ਤੇ ਹੈ। ਬੇਸ਼ੱਕ ਉਹ ਸਿਰਫ ਕਮਜ਼ੋਰ ਤੇ ਦੁਬਲੇ ਪਤਲੇ, ਨੰਗ ਧੜੰਗ, ਮਰੀਅਲ ਤੇ ਮਿੱਟੀ ਦੇ ਚੀਥੜਿਆਂ ਵਿਚ ਲਿਪਟੇ ਹੋਏ ਬੱਚੇ ਪੈਦਾ ਕਰਨਾ ਹੀ ਜਾਣਦੇ ਸਨ। ਉਨ੍ਹਾਂ ਦੀ ਸਿੱਖਿਆ ਤੇ ਸਿਹਤ ਦਾ ਪ੍ਰਬੰਧ ਕਰਨਾ ਨਹੀਂ ਜਾਣਦੇ ਸਨ। ਇੱਥੇ ਇਕ ਦੇਸ਼ ਆਬਾਦ ਸੀ ਜਿਸ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ।

ਅਚਾਨਕ ਉਸ ਦੇ ਵਿਚਾਰਾਂ ਦੀ ਤਾਰ ਟੁੱਟੀ ਤਾਂ ਉਸ ਨੇ ਦੇਖਿਆ ਕੁਝ ਦੂਰੀ 'ਤੇ ਅੰਮ੍ਰਿਤਸਰ ਸ਼ਹਿਰ ਹੈ ਅਤੇ ਅੱਗ ਦੀਆਂ ਲਪਟਾਂ ਅੰਮ੍ਰਿਤਸਰ ਦੇ ਮਕਾਨਾਂ ਤੋਂ ਅਸਮਾਨ ਵੱਲ ਉੱਠ ਰਹੀਆਂ ਸਨ। ਹਰ ਹਰ ਮਹਾਦੇਵ, ਸਤਿ ਸ੍ਰੀ ਅਕਾਲ ਤੇ ਨਾਰਾ ਏ ਤਕਬੀਰ ਦੇ ਅਸਮਾਨ ਚੀਰਦੇ ਨਾਅਰਿਆਂ ਦੇ ਨਾਲ ਹੀ ਨਗਰ ਨਿਵਾਸੀ ਕੱਟ ਵੱਢ ਕਰਨ ਵਿਚ ਲੱਗੇ ਸਨ। ਹਰ ਪਾਸੇ ਇਕ ਹੰਗਾਮਾ ਮਚਿਆ ਹੁੰਦਾ ਸੀ। ਔਰਤਾਂ ਤੇ ਬੱਚਿਆਂ ਦੀਆਂ ਚੀਕਾਂ ਕਾਰਨ ਕੰਨਾਂ ਵਿਚ ਦੂਜੀ ਆਵਾਜ਼ ਸੁਣਾਈ ਨਹੀਂ ਦਿੰਦੀ ਸੀ। ਇਹ ਅੰਮ੍ਰਿਤਸਰ ਸ਼ਹਿਰ ਸੀ, ਇੱਥੇ ਈਦ ਤੇ ਗੁਰਪੁਰਬ ਇਕੱਠੇ ਮਨਾਏ ਜਾਂਦੇ ਸਨ। ਇੱਕ ਜ਼ਲ੍ਹਿਆਂ ਵਾਲਾ ਬਾਗ਼ ਹੈ, ਜਿੱਥੇ ਹਿੰਦੂ ਮੁਸਲਮਾਨਾਂ ਨੇ ਸੀਨੇ ਗੋਲੀਆਂ ਖਾਧੀਆਂ ਸਨ। ਸਿਸਕਦੀ ਹੋਈ ਸਭਿਅਤਾ ਵਿਚ ਨਵੀਂ ਆਤਮਾ ਫੂਕਣ ਲਈ ਅਜ਼ਾਦੀ ਹਾਸਲ ਕਰਨ ਲਈ ਤੇ ਹਿੰਦੂ ਮੁਸਲਮਾਨ ਏਕਤਾ ਨੂੰ ਕਾਇਮ ਕਰਨ ਲਈ। ਇੱਥੇ ਸੁਨਹਿਰੀ ਗੁਰਦੁਆਰਾ ਹੈ। ਅਮਨ ਤੇ ਸ਼ਾਂਤੀ ਦੇ ਦੇਵਤਾ ਏਕਤਾ ਦੇ ਉਪਦੇਸ਼ਕ ਸੱਚਾਈ ਦੇ ਅਵਤਾਰ ਦਾ ਜਿਨ੍ਹਾਂ ਸੱਚਾਈ ਤੇ ਏਕਤਾ ਦੀ ਸਿੱਖਿਆ ਦੇ ਕੇ ਸਾਨੂੰ ਭਟਕਿਆਂ ਨੂੰ ਰਾਹ ਵਿਖਾਇਆ ਪਰ ਅੱਜ ? ਅੱਜ ਹਰ ਪਾਸੇ ਖ਼ੂਨ ਖ਼ਰਾਬਾ ਹੋ ਰਿਹਾ ਸੀ। ਔਰਤਾਂ ਦੀ ਇੱਜ਼ਤ ਲੁੱਟੀ ਜਾ ਰਹੀ ਸੀ। ਬੱਚਿਆਂ ਨੂੰ ਨੇਜ਼ਿਆਂ ਦੀਆਂ ਨੋਕਾਂ 'ਤੇ ਖੜ੍ਹਾ ਕੀਤਾ ਜਾ ਰਿਹਾ ਸੀ।

ਅਜੇ ਉਸ ਦੀ ਨਜ਼ਰ ਸ਼ਹਿਰ 'ਤੇ ਟਿਕੀ ਹੋਈ ਸੀ ਕਿ ਵੀਹ ਪੱਚੀ ਦੰਗਾਈ ਹੱਥਾਂ ਵਿਚ ਤਲਵਾਰਾਂ ਤੇ ਪਿਸਤੌਲ ਲਈ ਉਨ੍ਹਾਂ 'ਤੇ ਟੁੱਟ ਪਏ। ਉਨ੍ਹਾਂ ਨੇ ਸਲੀਮ ਦੀ ਭੈਣ ਜ਼ੁਬੈਦਾ ਦੀ ਉਨ੍ਹਾਂ ਦੇ ਸਾਹਮਣੇ ਹੀ ਇੱਜ਼ਤ ਤਾਰ-ਤਾਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਨੇ ਇਕ ਹੀ ਵਾਰ ਨਾਲ ਅਕਰਮ ਨੂੰ ਖਤਮ ਕਰ ਦਿੱਤਾ ਤੇ ਤਲਵਾਰ ਨਾਲ ਨਜਮੀਂ ਦੇ ਦੋ ਟੁਕੜੇ ਕਰ ਦਿੱਤੇ। ਉਨ੍ਹਾਂ ਨੇ ਆਪਣੇ ਵੱਲੋਂ ਤਾਂ ਸਲੀਮ ਤੇ ਸ਼ਾਹਿਦਾ ਨੂੰ ਵੀ ਖਤਮ ਕਰ ਦਿੱਤਾ ਪਰ ਉਹ ਦੋਵੇਂ ਮਰੇ ਨਹੀਂ ਸਨ। ਸਲੀਮ ਤਾਂ ਸਿਰਫ਼ ਜ਼ਖ਼ਮੀ ਹੀ ਹੋਇਆ ਪਰ ਸ਼ਾਹਿਦਾ ਬੇਟੇ ਦੇ ਗ਼ਮ ਤੇ ਸੱਟਾਂ ਕਾਰਨ ਪਾਗ਼ਲ ਜਿਹੀ ਹੋ ਗਈ। ਸਲੀਮ ਨੇ ਉਸ ਨੂੰ ਸਹਾਰਾ ਦਿੱਤਾ ਤੇ ਪਾਕਿਸਤਾਨ ਵੱਲ ਚੱਲ ਪਿਆ। ਪਰ ਸ਼ਾਹਿਦਾ ਕਦਮ ਕਦਮ 'ਤੇ ਰੁਕ ਕੇ ਚੀਕਦੀ, "ਮੈਨੂੰ ਛੱਡ ਦਿਓ, ਉਹ ਦੇਖੋ... ਨੰਨਾ ਨਜ਼ਮੀਂ ਮੈਨੂੰ ਬੁਲਾ ਰਿਹੈ। ਮੈਨੂੰ ਛੱਡ ਦਿਓ। ਮੈਂ ਆਪਣੇ ਨਜ਼ਮੀਂ ਕੋਲ ਜਾ ਰਹੀ ਆਂ।"

ਤੇ ਉਸ ਸਮੇਂ ਸਲੀਮ ਭਰੇ ਗਚ ਨਾਲ ਬੋਲਿਆ,"... ਸ਼ਾਹਿਦਾ...ਨਜਮੀਂ ਕਿੱਥੇ ? ਨਜ਼ਮੀਂ ਤਾਂ ਅੱਲ੍ਹਾ ਤਾਲਾ ਕੋਲ ਪਹੁੰਚ ਚੁੱਕਿਐ...।" ਪਰ ਸ਼ਾਹਿਦਾ 'ਤੇ ਉਸ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਸਗੋਂ ਉਹ ਚੀਕਣ ਲੱਗ ਪੈਂਦੀ, "ਮਰ ਤਾਂ ਸਲੀਮ ਗਿਆ ਹੈ। ਮੇਰਾ ਨਜ਼ਮੀਂ ਤਾਂ ਮੇਰੇ ਨਾਲ ਐ। ਹਾਂ ਉਹ ਹੁਣ ਜਵਾਨ ਹੋ ਗਿਐ। ਉਹ ਦੇਖੋ ਉਹ ਆਪਣੀ ਦੁਲਹਨ ਨਾਲ ਆ ਰਿਹੈ। ਪਰ ਤੁਸੀਂ ਉਸ ਨੂੰ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣ ਤੋਂ ਰੋਕ ਨਹੀਂ ਸਕਦੇ। ਉਹ

ਜ਼ੋਰ ਜ਼ੋਰ ਨਾਲ ਆਖੇਗਾ। ਹੋਰ ਉੱਚੀ ਆਖ ਮੇਰੇ ਲਾਲ, ਮੈਂ ਵੀ ਤੇਰੇ ਨਾਲ ਜ਼ੋਰ ਨਾਲ ਆਖਾਂਗੀ, '' ਪਾਕਿਸਤਾਨ ਜ਼ਿੰਦਾਬਾਦ, ਪਾਕਿਸਤਾਨ...।''

ਤੇ ਉਸੇ ਸਮੇਂ ਸਲੀਮ ਚੀਕ ਉੱਠਿਆ, ''ਸ਼ਾਹਿਦਾ ਜਲਦੀ ਚੱਲ। ਉਹ ਦੇਖ ਸਾਹਮਣੇ ਸਰਹੱਦ ਐ। ਸਵੇਰ ਹੋਣ ਵਾਲੀ ਐ। ਆਪਾਂ ਜਲਦੀ ਹੀ ਸਰਹੱਦ ਪਾਰ ਕਰ ਲਈਏ।''

ਪਰ ਸ਼ਾਹਿਦਾ 'ਤੇ ਇਸ ਗੱਲ ਦਾ ਕੋਈ ਅਸਰ ਨਾ ਹੁੰਦਾ। ਉਹ ਕਹਿਣ ਲੱਗੀ, ''ਨਾ ਨਾ...ਮੈਂ ਪਾਕਿਸਤਾਨ ਨਹੀਂ ਜਾਣਾ। ਉੱਥੇ ਮਜ਼ਹਬ ਦੇ ਨਾਂ 'ਤੇ ਲਹੂ ਵਹਾਇਆ ਜਾਂਦੈ। ਉੱਥੇ ਇਨਸਾਨ ਦੇ ਰੂਪ ਵਿਚ ਭੇੜੀਏ ਰਹਿੰਦੇ ਹਨ। ਮੈਂ ਤਾਂ ਹਿੰਦੁਸਤਾਨ ਵਿਚ ਹੀ ਰਹਾਂਗੀ।'' ਤੇ ਫਿਰ ਖ਼ੁਦ ਬੋਲ ਉੱਠਦੀ, '' ਨਾ ਨਾ...ਮੈਂ ਇੱਥੇ ਨਹੀਂ ਰਹਿਣਾ। ਇੱਥੇ ਆਪਣੀ ਜਾਨ ਖ਼ਤਰੇ ਵਿਚ ਐ। ਮੈਂ ਪਾਕਿਸਤਾਨ ਜਾਵਾਂਗੀ।''

ਇਸੇ ਤਰ੍ਹਾਂ ਪੁੱਠੀਆਂ ਸਿੱਧੀਆਂ ਗੱਲਾਂ ਕਰਦੇ-ਕਰਦੇ ਉਹ ਸਰਹੱਦ ਦੇ ਲਾਗੇ ਪਹੁੰਚ ਗਈ ਪਰ ਉੱਥੇ ਉਸ ਦੀ ਹਾਲਤ ਕਾਫ਼ੀ ਵਿਗੜ ਗਈ ਤੇ ਉਸ ਨੇ ਸਲੀਮ ਦੀ ਗੋਦ ਵਿਚ ਜਾਨ ਦੇ ਦਿੱਤੀ।

ਸ਼ਾਹਿਦਾ ਦੀ ਮੌਤ ਮਗਰੋਂ ਸਲੀਮ ਦਿਮਾਗ਼ੀ ਸੰਤੁਲਨ ਗੁਆ ਬੈਠਾ ਤੇ ਉਹ ਪਾਕਿਸਤਾਨ ਵੱਲ ਚੱਲ ਪਿਆ। ਪਰ...ਪਰ ਉਹ ਪਾਕਿਸਤਾਨ ਵਿਚ ਨਾ ਰਿਹਾ। ਸਗੋਂ ਅੱਜ ਵੀ ਇਕ ਦੀਵਾਨਾ ਹਰਬੰਸਪੁਰਾ ਤੇ ਅਟਾਰੀ ਵਿਚਾਲੇ ਘੁੰਮਦਾ ਹੋਇਆ ਨਜ਼ਰ ਆਉਂਦਾ ਹੈ। ਜਦੋਂ ਉਹ ਹਰਬੰਸਪੁਰਾ ਪਹੁੰਚਦਾ ਹੈ ਤਾਂ ਆਖਦਾ ਹੈ, ''ਨਹੀਂ ਮੈਂ ਇੱਥੇ ਨਹੀਂ ਰਹਿ ਸਕਦਾ। ਇੱਥੇ ਔਰਤਾਂ ਨੂੰ ਨੰਗਾਂ ਕਰਕੇ ਜਲੂਸ ਕੱਢੇ ਜਾਂਦੇ ਨੇ। ਬੱਚਿਆਂ ਨੂੰ ਦਰਿੰਦਗੀ ਨਾਲ ਕਤਲ ਕੀਤਾ ਜਾਂਦੈ। ਮੈਂ ਇੱਥੇ ਨੀਂ ਰਹਿ ਸਕਦਾ। ਮੈਂ ਪਾਕਿਸਤਾਨ ਛੱਡ ਕੇ ਹਿੰਦੁਸਤਾਨ ਜਾ ਰਿਹਾ ਹਾਂ।'' ਇਹ ਕਹਿ ਕੇ ਉਹ ਹਿੰਦੁਸਤਾਨ ਵੱਲ ਤੁਰ ਪੈਂਦਾ ਤੇ ਜਿਵੇਂ ਹੀ ਉਹ ਅਟਾਰੀ ਤੋਂ ਇਕ ਫਰਲਾਂਗ ਅੱਗੇ ਜਾਂਦਾ ਹੈ ਤਾਂ ਇਕ ਪੱਥਰ ਚੁੱਕ ਲੈਂਦਾ ਹੈ ਤੇ ਸੀਨੇ ਨਾਲ ਲਗਾ ਕੇ ਕਹਿੰਦਾ ਹੈ, '' ਤੂੰ ਕਿੱਥੇ ਰਹਿ ਗਿਆ ਸੀ ਮੇਰੇ ਲਾਲ, ਚੱਲ ਤੇਰੀ ਮਾਂ ਕੋਲ ਤੈਨੂੰ ਲੈ ਚੱਲਾਂ। ਆਪਾਂ ਇੱਥੇ ਨਹੀਂ ਰਹਿ ਸਕਦੇ। ਇਹ ਹਿੰਦੁਸਤਾਨ ਐ ਇੱਥੇ ਦੇ ਵਾਸੀ ਇਨਸਾਨੀਅਤ ਦਾ ਢੋਲ ਪਿੱਟ ਕੇ ਇਨਸਾਨੀਅਤ ਦਾ ਹੀ ਖ਼ੂਨ ਕਰਦੇ ਹਨ। ਔਰਤਾਂ ਦੀ ਇੱਜ਼ਤ ਲਾਹੁਣਾ ਤਾਂ ਇਨ੍ਹਾਂ ਲਈ ਆਮ ਗੱਲ ਐ। ਮਕਾਨ ਰਾਖ ਕਰਕੇ ਅਲਪ-ਸੰਖਿਅਕਾਂ ਦੇ ਬੱਚਿਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਂਦੇ ਹਨ ਤੇ ਚੀਕ ਉੱਠਦੇ ਹਨ ''ਹਿੰਦੁਸਤਾਨ ਜ਼ਿੰਦਾਬਾਦ...ਪਾਕਿਸਤਾਨ ਮੁਰਦਾਬਾਦ...। ਜਿਵੇਂ ਉਨ੍ਹਾਂ ਦੇ ਕਹਿਣ ਨਾਲ ਹੀ ਪਾਕਿਸਤਾਨ ਮੁਰਦਾ ਤੇ ਹਿੰਦੁਸਤਾਨ ਜਿਉਂਦਾ ਹੋ ਜਾਵੇਗਾ। ਚੱਲ ਪੁੱਤਰ ਤੇਰੀ ਮਾਂ ਕੋਲ ਤੈਨੂੰ ਲੈ ਚੱਲਾਂ। ਉਹ ਕਦੋਂ ਦੀ ਤੈਨੂੰ ਲੱਭ ਰਹੀ ਐ।''ਇਹ ਕਹਿ ਕੇ ਉਹ ਪੱਥਰ ਨੂੰ ਚੁੱਕੀ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਪਹੁੰਚ ਜਾਂਦਾ ਹੈ ਤੇ ਸ਼ਾਹਿਦਾ ਨੂੰ ਨਾ ਵੇਖ ਕੇ ਰੋਣ ਲੱਗਦਾ ਹੈ ਤੇ ਕਹਿੰਦਾ ਹੈ, '' ਪਤਾ ਨਹੀਂ ਤੇਰੀ ਮਾਂ ਕਿੱਥੇ ਚਲੀ ਗਈ ਹੈ ? ਮੈਂ ਤਾਂ ਉਸ ਨੂੰ ਇੱਥੇ ਹੀ ਛੱਡ ਕੇ ਗਿਆ ਸੀ। ਡਰ ਨਾ ਮੇਰੇ ਲਾਲ। ਤੈਨੂੰ ਇੱਥੇ ਕੋਈ ਕੁਝ ਨੀਂ ਆਖੇਗਾ। ਕਿਉਂਕਿ ਇਹ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਰਹੱਦ ਐ। ਇੱਥੇ ਪਹੁੰਚ ਕੇ ਹਰ ਇਨਸਾਨ ਦੀ ਜਾਨ ਵਿਚ ਜਾਨ ਆ ਜਾਂਦੀ ਐ। ਇੱਥੇ ਹਿੰਦੁਸਤਾਨ ਜ਼ਿੰਦਾਬਾਦ ਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਜਾਂਦੇ ਹਨ। ਇੱਥੇ ਹਿੰਦੁਸਤਾਨ ਤੇ ਪਾਕਿਸਤਾਨ ਦੋਹਾਂ ਨੂੰ ਮੁਰਦਾਬਾਦ ਕਿਹਾ ਜਾ ਸਕਦਾ ਹੈ। ਕਿਉਂਕਿ ਇਹ ਜਗ੍ਹਾ ਹਿੰਦੁਸਤਾਨ ਤੇ ਪਾਕਿਸਤਾਨ ਦੇ ਲੀਡਰਾਂ ਦੀ ਵਿਰਾਸਤ ਨਹੀਂ...ਇਹ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਰਹੱਦ ਐ।''

□□□

# ਸੋਮਾ ਸਬਲੋਕ ਦੀ ਕਹਾਣੀ : ਤੀਜੇ ਜੈਂਡਰ ਦੀ ਬਿਰਤਾਂਤਕ ਪੇਸ਼ਕਾਰੀ

## *('ਚਾਨਣੀ ਰਾਤ 'ਚ ਲਿਖੇ ਸਿਰਨਾਵੇਂ ਕਹਾਣੀ ਦੇ ਵਿਸ਼ੇਸ਼ ਸੰਦਰਭ ਵਿਚ)*

*ਡਾ. ਪਵਨ ਕੁਮਾਰ*

ਪੰਜਾਬੀ ਕਹਾਣੀ ਸਾਹਿਤ ਦੇ ਖੇਤਰ ਵਿਚ ਸੋਮਾ ਸਬਲੋਕ ਕੁਝ ਸਮਾਂ ਪਹਿਲਾਂ ਹੀ ਪ੍ਰਵੇਸ਼ ਕਰਦੀ ਹੈ। ਉਸ ਦਾ ਜ਼ਿਕਰ ਇੱਕੀਵੀਂ ਸਦੀ ਦੇ ਕਹਾਣੀਕਾਰਾਂ ਵਿਚ ਕੀਤਾ ਜਾਂਦਾ ਹੈ। ਕਹਾਣੀ ਸਿਰਜਣਾ ਤੋਂ ਇਲਾਵਾ ਉਸਨੇ ਚਿੰਤਨ, ਕਾਵਿ- ਸਿਰਜਣਾ ਅਤੇ ਅਨੁਵਾਦ ਦੇ ਖੇਤਰ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਉਸ ਦੁਆਰਾ ਸਿਰਜੀਆਂ ਗਈਆਂ ਕੁਲ ਪੁਸਤਕਾਂ ਦੀ ਗਿਣਤੀ ਢਾਈ ਦਰਜਨ ਤੋਂ ਵੀ ਉੱਪਰ ਹੈ, ਜੋ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਵਰਤਮਾਨ ਸਮੇਂ ਤਕ ਵੀ ਉਸ ਦਾ ਪੜ੍ਹਨ-ਲਿਖਣ ਤੇ ਸਮਾਜ ਪ੍ਰਤਿ ਚਿੰਤਾ-ਚਿੰਤਨ ਨਾਲ ਸਰੋਕਾਰ ਬਣਿਆ ਹੋਇਆ ਹੈ। ਪੰਜਾਬੀ ਕਹਾਣੀ ਨਾਲ ਤਅੱਲੁਕ ਰੱਖਦੀਆਂ ਉਸ ਦੀਆਂ ਦੋ ਪੁਸਤਕਾਂ ਪੱਤਾ ਪੱਤਾ ਜ਼ਿੰਦਗੀ (2004) ਅਤੇ ਕਿਰਚਾਂ (2008) ਵਿਸ਼ੇਸ਼ ਮਹੱਤਵ ਦੀਆਂ ਧਾਰਨੀ ਹਨ। ਇਹਨਾਂ ਕਹਾਣੀਆਂ ਵਿਚ ਉਸ ਦੀ ਮੂਲ ਸੁਰ ਨਾਰੀਵਾਦੀ ਅਤੇ ਵਿਚਾਰਧਾਰਾ ਮਾਨਵ ਹਿੱਤਕਾਰੀ ਹੀ ਰਹਿੰਦੀ ਹੈ, ਜਿਹੜੀ ਕਿ ਹਰ ਤਰ੍ਹਾਂ ਦੇ ਲਿੰਗ-ਭੇਦ ਜਾਂ ਵਿਤਕਰੇ ਦਾ ਖੰਡਨ ਕਰਦੀ ਹੈ। ਉਸ ਦੇ ਸਵੈ ਕਥਨਾਂ ਤੋਂ ਉਸ ਦੀ ਅਜਿਹੀ ਵਿਚਾਰਧਾਰਾ ਅਤੇ ਜੀਵਨ ਦ੍ਰਿਸ਼ਟੀਕੋਣ ਬਾਰੇ ਸਹਿਜ ਹੀ ਅੰਦਾਜ਼ਾ ਹੋ ਜਾਂਦਾ ਹੈ :

ਭਰਮ-ਭੁਲੇਖੇ ਪਾਲ ਕੇ ਜਿਉਣਾ ਕਦੇ ਵੀ ਮੇਰੇ ਵੱਸ ਦਾ ਨਹੀਂ ਰਿਹਾ ਕਿਉਂਕਿ ਭਰਮ ਦੁਰਬਲ ਸਮਝ ਹੈ। ਕੋਈ ਕਹੇ ਕਿ ਮੈਂ (ਸੋਮਾ ਸਬਲੋਕ) ਪੁੱਤਰ ਹਾਂ ਅਤੇ ਮੈਂ ਇਹੋ ਮੰਨ ਕੇ ਚੱਲਾਂ ਕਿ ਮੈਂ ਵਾਕਈ ਪੁੱਤਰ ਹਾਂ ਤਾਂ ਇਹ ਮੇਰੇ ਪੱਖ ਤੋਂ ਗ਼ਲਤ ਸੋਚ ਰੱਖਣਾ ਹੈ। ਸੱਚ ਇਹ ਹੈ ਕਿ ਮੈਂ ਇਕ ਇਨਸਾਨ ਹਾਂ, ਭਿੰਨ-ਭਿੰਨ ਇਨਸਾਨੀ ਰਿਸ਼ਤਿਆਂ ਦੇ ਰੂਪ ਵਿਚ ਜਿਉਂਦੀ ਹਾਂ, ਇਹਨਾਂ ਭਿੰਨ ਭਿੰਨ ਰਿਸ਼ਤਿਆਂ ਦਾ ਆਪੋ ਆਪਣਾ ਵਜੂਦ ਹੈ, ਸਥਿਤੀ ਹੈ, ਮੰਗ ਹੈ, ਸਰੋਕਾਰ ਹੈ ਅਤੇ ਮੇਰਾ ਇਹਨਾਂ ਰਿਸ਼ਤਿਆਂ

*Pawan Sarangal*
*sarangalpawan89@gmail.com*

ਦੇ ਨਿਭਾਅ 'ਤੇ ਖ਼ਰਾ ਉਤਰਨ ਦਾ ਯਤਨ ਹੈ।1

ਉਹ ਹਰ ਕਿਸਮ ਦੇ ਵਿਤਕਰੇ, ਭੇਖ, ਪਾਖੰਡ ਅਤੇ ਲੁੱਟ ਦਾ ਖੰਡਨ ਕਰਦੀ ਹੋਈ ਇਨਸਾਨੀਅਤ ਦੀ ਸੋਚ ਉੱਤੇ ਪਹਿਰਾ ਦਿੰਦੀ ਹੈ। ਬੇਸ਼ੱਕ ਉਸ ਦਾ ਨਾਮ ਪੰਜਾਬੀ ਕਹਾਣੀ ਦੇ ਖੇਤਰ ਵਿਚ ਅਲਪ ਚਰਚਿਤ ਰਿਹਾ ਹੈ, ਪਰੰਤੂ ਉਸ ਦੀਆਂ ਕਹਾਣੀਆਂ ਦੇ ਪਾਠਾਂ ਥਾਣੀ ਗੁਜ਼ਰਿਆਂ ਉਸ ਦੇ ਸੰਜੀਦਾ ਸਿਰਜਕ ਹੋਣ ਤੇ ਸਮਾਜਿਕ ਫ਼ਿਕਰਮੰਦੀ ਦਾ ਸਹਿਜ ਹੀ ਅਹਿਸਾਸ ਹੋ ਜਾਂਦਾ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਨਾਰੀਵਾਦੀ ਨਜ਼ਰੀਏ ਤੋਂ ਹੀ ਆਪਣਾ ਆਕਾਰ ਗ੍ਰਹਿਣ ਕਰਦੀਆਂ ਹਨ। ਗ਼ੌਰਤਲਬ ਹੈ ਕਿ ਸੋਮਾ ਦਾ ਨਾਰੀਵਾਦੀ ਸਿਰਜਕ ਹੋਣਾ ਕੋਈ ਵਿਸ਼ੇਸ਼ ਘਟਨਾ ਨਹੀਂ ਹੈ ਕਿਉਂਕਿ ਉਸ ਤੋਂ ਪਹਿਲਾਂ ਵੀ ਨਾਰੀਵਾਦੀ ਸਿਰਜਕਾਂ ਦੀ ਇਕ ਲੰਮੀ-ਚੌੜੀ ਫ਼ਿਹਰਿਸਤ ਮੌਜੂਦ ਹੈ। ਅਰਥਾਤ ਜਿਸ ਨਾਰੀਵਾਦੀ ਵਿਚਾਰਧਾਰਾ ਨੂੰ ਸੋਮਾ ਨੇ ਅਪਣਾਇਆ ਉਹ ਉਸ ਦੇ ਪ੍ਰਵੇਸ਼ ਤੋਂ ਕਈ ਦਹਾਕੇ ਪਹਿਲਾਂ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਪੂਰਨ ਵੇਗ ਨਾਲ ਕਿਰਿਆਸ਼ੀਲ ਰਹੀ ਹੈ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਵੀਨਾ ਵਰਮਾ ਆਦਿ ਸਿਰਜਕਾਂ ਨੇ ਨਾਰੀਵਾਦੀ ਵਿਚਾਰਧਾਰਾ ਨੂੰ ਮੁੱਖ ਸੁਰ ਵਜੋਂ ਉਭਾਰਨ ਹਿਤ ਆਪੋ-ਆਪਣਾ ਯੋਗਦਾਨ ਪਾਇਆ। ਇਨ੍ਹਾਂ ਦੀਆਂ ਕਹਾਣੀਆਂ ਵਿਚ ਔਰਤ ਦੀ ਮਰਦ ਅਧੀਨਗੀ ਵਾਲੀ ਪਛਾਣ, ਪਤੀ ਪ੍ਰਮੇਸ਼ਵਰ ਦੀ ਮਿੱਥ ਨੂੰ ਤੋੜਨਾ, ਮਰਦ ਦਾ ਪੂਰਨ ਵਿਰੋਧ/ਤ੍ਰਿਸਕਾਰ ਕਰਨਾ, ਔਰਤ ਦੀ ਸੁਤੰਤਰ ਹੋਂਦ ਸਥਾਪਿਤ ਕਰਨਾ ਆਦਿ ਸਰੋਕਾਰ ਸਰਗਰਮੀ ਸਹਿਤ ਪੇਸ਼ ਹੋਏ ਹਨ ਪਰ ਵਧੇਰੇ ਕਰਕੇ ਦੇਖਣ ਵਿਚ ਇਹ ਆਇਆ ਹੈ ਕਿ ਇਨ੍ਹਾਂ ਦੀਆਂ ਕਹਾਣੀਆਂ ਵਿਚ ਔਰਤ-ਮਰਦ ਦੇ ਸੰਤੁਲਿਤ ਸੰਬੰਧਾਂ ਦੀ ਹੋਂਦ ਗ਼ੈਰ-ਹਾਜ਼ਿਰ ਹੈ। ਇਹੀ ਇਨ੍ਹਾਂ ਦੀਆਂ ਕਹਾਣੀਆਂ ਵਿਚਲੀ ਮੁੱਖ ਖ਼ਾਮੀ ਹੈ। ਇਨ੍ਹਾਂ ਦੀਆਂ ਜ਼ਿਆਦਾਤਰ ਕਹਾਣੀਆਂ ਮਰਦ ਵਿਰੋਧੀ ਸੁਰ ਤਕ ਹੀ ਦਮ ਘੁੱਟ ਕੇ ਰਹਿ ਜਾਂਦੀਆਂ ਹਨ ਅਤੇ ਕਈ ਦਫ਼ਾ ਇਹ ਸੁਰ ਅੰਨ੍ਹੇ ਵਿਰੋਧ ਦਾ ਰੂਪ ਅਖ਼ਤਿਆਰ ਕਰ ਜਾਂਦੀ ਹੈ। ਉਪਰੋਕਤ ਨੁਕਤੇ ਤੋਂ ਜੇਕਰ ਸੋਮਾ ਦੀਆਂ ਕਹਾਣੀਆਂ ਨੂੰ ਦੇਖਿਆ ਜਾਵੇ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਸੋਮਾ ਨੇ ਵਿਰਸੇ ਵਿਚਲੀ ਅੰਨ੍ਹੇ ਮਰਦ ਵਿਰੋਧ ਵਾਲੀ ਸੁਰ ਦੀ ਸੀਮਾ ਨੂੰ ਪਛਾਣ ਲਿਆ ਸੀ। ਸੋਮਾ ਦੀਆਂ ਕਹਾਣੀਆਂ ਵਿਚ ਔਰਤ-ਮਰਦ ਦੇ ਤਵਾਜ਼ਨ ਵਾਲੇ ਰਿਸ਼ਤੇ ਦੀ ਤਲਾਸ਼ ਦਾ ਯਤਨ ਹੋਇਆ ਮਿਲਦਾ ਹੈ। ਸਪੱਸ਼ਟ ਹੋ ਜਾਂਦਾ ਹੈ ਕਿ ਸੋਮਾ ਜਿੱਥੇ ਨਾਰੀਵਾਦੀ ਵਿਚਾਰਧਾਰਾ ਦੇ ਕੋਣ ਤੋਂ ਆਪਣੀ ਪਰੰਪਰਾ ਨਾਲ ਸਾਂਝ ਰੱਖਦੀ ਹੈ, ਉੱਥੇ ਔਰਤ-ਮਰਦ ਦੇ ਬਰਾਬਰੀ ਵਾਲੇ ਸੰਬੰਧਾਂ ਦੀ ਸਿਰਜਣਾ ਕਰਕੇ ਆਪਣਾ ਮੌਲਿਕ/ਵੱਖਰਾ ਦ੍ਰਿਸ਼ਟੀਕੋਣ ਵੀ ਪੇਸ਼ ਕਰਦੀ ਹੈ। ਨਿਰਸੰਦੇਹ ਉਸ ਦੀਆਂ ਕਹਾਣੀਆਂ ਵਿਚ ਪੇਸ਼ ਨਾਰੀਵਾਦੀ ਵਿਚਾਰਧਾਰਾ ਔਰਤ-ਮਰਦ ਦੇ ਅੰਨ੍ਹੇ ਵਿਰੋਧ ਵਾਲੀ ਨਹੀਂ ਹੈ, ਬਲਕਿ ਇਹ ਤਾਂ ਔਰਤ-ਮਰਦ ਦੇ ਆਪਸੀ ਸੰਵਾਦ ਵਾਲੀ ਵਿਚਾਰਧਾਰਾ ਹੈ। ਉਸਨੂੰ ਗਿਆਨ ਹੈ ਕਿ ਸਮਾਜ ਨੂੰ ਅਗਰਗਾਮੀ ਮੋੜਾ ਦੇਣ ਲਈ ਅੰਨ੍ਹੇ ਵਿਰੋਧ/ਹਰ ਕਿਸਮ ਦੇ ਸਮਾਜਿਕ, ਆਰਥਿਕ ਤੇ ਧਾਰਮਿਕ ਆਦਿ ਵਿਤਕਰਿਆਂ ਨੂੰ ਤਿਆਗ ਕੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕਰਨਾ ਬਹੁਤ ਜ਼ਰੂਰੀ ਹੈ। ਇਸੇ ਕਾਰਨ ਉਹ ਬਹੁਤ ਸਾਰੀਆਂ ਬੱਜਰ ਕਿਸਮ ਦੀਆਂ ਸਮਾਜਿਕ, ਸਭਿਆਚਾਰਕ, ਧਾਰਮਿਕ ਰੁਹ-ਰੀਤਾਂ ਦਾ ਡਟਵਾਂ ਵਿਰੋਧ ਵੀ ਕਰਦੀ ਆ ਰਹੀ ਹੈ। ਕਈ ਰੂੜ੍ਹੀਵਾਦੀ ਸੋਚ ਵਾਲੇ ਲੋਕਾਂ ਨੇ ਸੋਮਾ ਦੀ ਇਸ ਨਾਬਰੀ ਵਾਲੀ ਸੁਰ ਨੂੰ ਕੁਚਲਣ ਦਾ ਯਤਨ ਵੀ ਕੀਤਾ ਹੈ ਪਰ ਉਹ ਹਰ ਅਗਨੀ ਪ੍ਰੀਖਿਆ ਵਿਚ ਸਫ਼ਲ ਹੋਈ ਹੈ। ਇੱਥੇ ਹੀ ਉਸ ਦੀ ਵਿਚਾਰਧਾਰਕ ਪ੍ਰਤਿਬੱਧਤਾ ਦਾ ਵੀ ਇਲਮ ਹੋ ਜਾਂਦਾ ਹੈ। ਉਸ ਦੀ ਸਿਰਜਣਾ ਦੇ ਵਿਚ ਇਕ ਪਾਸੇ

ਨਾਬਰੀ ਦੀ ਸੁਰ ਵੀ ਹੈ ਅਤੇ ਦੂਜੇ ਪਾਸੇ ਹਰ ਤਰ੍ਹਾਂ ਦੇ ਲਿੰਗ ਭੇਦ/ਕੱਟੜਤਾ (ਭਾਵੇਂ ਉਹ ਪਹਿਲਾ ਲਿੰਗ ਹੋਵੇ, ਦੂਜਾ ਜਾਂ ਤੀਜਾ) ਦੀ ਮੁਖ਼ਾਲਫ਼ਤ ਕਰਦੀ ਮਾਨਵਵਾਦੀ ਵਿਚਾਰਧਾਰਾ ਪੇਸ਼ ਹੋਈ ਹੈ। ਉਸ ਨੂੰ ਇਹ ਵੀ ਅਹਿਸਾਸ ਹੈ ਕਿ ਮਹਿਜ਼ ਔਰਤ ਦੀ ਸੁਰ ਅਲਾਪਣਾ ਜਾਂ ਮਰਦ ਦੀ, ਦੋਵੇਂ ਹੀ ਵਿਚਾਰ ਹਿੰਸਕ ਮਾਨਸਿਕਤਾ ਨੂੰ ਜਨਮ ਦਿੰਦੇ ਹਨ। ਅਜਿਹੇ ਸਨਕੀ ਕਿਸਮ ਦੇ ਵਿਚਾਰਾਂ ਕਰਕੇ ਹੀ ਮਨੁੱਖ ਅੰਦਰੋਂ ਮਨੁੱਖਤਾ ਮਨਫ਼ੀ ਹੋ ਜਾਂਦੀ ਹੈ।

ਇਸ ਮਜ਼ਮੂਨ ਦਾ ਮਕਸਦ ਸੋਮਾ ਦੀ ਸਭ ਤੋਂ ਵਿਲੱਖਣ ਕਹਾਣੀ "ਚਾਨਣੀ ਰਾਤ 'ਚ ਲਿਖੇ ਸਿਰਨਾਵੇਂ" ਵਿਚਲੀ ਤੀਜੇ ਜੈਂਡਰ ਦੀ ਬਿਰਤਾਂਤਕ ਪੇਸ਼ਕਾਰੀ ਦਾ ਮੁਤਾਲਿਆ ਕਰਨਾ ਹੈ। ਸੋਮਾ ਦੀ ਇਹ ਕਹਾਣੀ ਉਸ ਦੇ ਪਲੇਠੇ ਕਹਾਣੀ-ਸੰਗ੍ਰਹਿ ਪੱਤਾ ਪੱਤਾ ਜ਼ਿੰਦਗੀ (2004) ਵਿਚ ਦਰਜ ਹੈ। ਇਸ ਕਹਾਣੀ ਨੂੰ ਮੁਤਾਲਿਆ ਦਾ ਆਧਾਰ ਬਣਾਉਣ ਦਾ ਮੂਲ ਕਾਰਨ ਇਸ ਦੇ ਥੀਮ ਦੀ ਵਿਲੱਖਣਤਾ ਹੈ। ਕਹਾਣੀ ਵਿਚਲਾ ਥੀਮ ਤੀਜੇ ਜੈਂਡਰ (ਕਿੰਨਰ ਲੋਕ) ਨਾਲ ਵਾਬਸਤਾ ਹੈ। ਪੰਜਾਬੀ ਕਹਾਣੀ ਦੀ ਪਰੰਪਰਾ ਵਿਚ ਮਰਦ ਕੇਂਦਰਿਤ ਅਤੇ ਔਰਤ ਕੇਂਦਰਿਤ (ਸ਼ਇਚੋਨਦ ਘਇਨਦਇਰ) ਕਹਾਣੀਆਂ ਦੀ ਲੰਮੀ ਸੂਚੀ ਪ੍ਰਾਪਤ ਹੋ ਜਾਂਦੀ ਹੈ। ਇਸਦੇ ਮੁਕਾਬਲੇ ਕਿੰਨਰ ਲੋਕਾਂ (ਠਹਰਿਦ ਘਇਨਦਇਰ) ਦੀ ਜ਼ਿੰਦਗੀ ਨੂੰ ਬੇਹੱਦ ਅਲਪ ਅਹਿਮੀਅਤ ਦਿੱਤੀ ਗਈ ਹੈ। ਪੰਜਾਬੀ ਸਿਰਜਣਾ ਅਤੇ ਚਿੰਤਨ ਦੋਵਾਂ ਖੇਤਰਾਂ ਵਿਚ ਹੀ ਇਨ੍ਹਾਂ ਲੋਕਾਂ ਦੀ ਮਾਨਸਿਕਤਾ ਨੂੰ ਸਿਰਜਣ/ਸਮਝਣ ਦਾ ਕੋਈ ਸਾਰਥਕ ਯਤਨ ਹੋਇਆ ਪ੍ਰਾਪਤ ਨਹੀਂ ਹੁੰਦਾ। ਪਰੰਤੂ ਸੋਮਾ ਸਬਲੋਕ ਪੰਜਾਬੀ ਦੀ ਪਹਿਲੀ ਅਜਿਹੀ ਕਹਾਣੀ ਸਿਰਜਕ ਹੈ, ਜਿਸ ਨੇ ਸਿੱਧੇ ਤੌਰ ਉੱਪਰ ਸਮਾਜ ਵਿਚਲੇ ਕਿੰਨਰ ਲੋਕਾਂ ਦੀ ਮਨੋਦਸ਼ਾ, ਉਨ੍ਹਾਂ ਦੀ ਸਮਾਜਿਕ ਹਾਲਤ ਅਤੇ ਹੋਂਦ ਦੇ ਯਥਾਰਥ ਦਾ ਬਿਰਤਾਂਤ ਪੇਸ਼ ਕਰਨ ਦਾ ਯਤਨ ਕੀਤਾ ਹੈ। ਆਪਣੇ ਇਤਿਹਾਸ ਉੱਤੇ ਗੰਭੀਰਤਾ ਨਾਲ ਨਜ਼ਰ ਮਾਰੀਏ ਤਾਂ ਅਹਿਸਾਸ ਹੋ ਜਾਂਦਾ ਹੈ ਕਿ ਵਰਤਮਾਨ ਮਾਨਵੀ ਸਮਾਜ ਆਦਿ ਮਾਨਵ ਤੋਂ ਲੈ ਕੇ ਹੁਣ ਤਕ ਕਈ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ ਵਿਕਸਿਤ ਸਭਿਅਕ ਸਮਾਜ ਦੀ ਯਾਤਰਾ ਕਰ ਚੁੱਕਾ ਹੈ। ਇਸ ਯਾਤਰਾ ਦੌਰਾਨ ਜੇ ਇਕ ਪਾਸੇ ਲੋਟੂ ਮਾਨਸਿਕਤਾ ਵਾਲੇ ਲੋਕ ਸਨ, ਜੋ ਨਿੱਜੀ ਫ਼ਾਇਦਿਆਂ ਖ਼ਾਤਰ ਆਮ ਲੋਕਾਂ ਦਾ ਸ਼ੋਸ਼ਣ ਕਰਦੇ ਸਨ ਤਾਂ ਦੂਜੇ ਪਾਸੇ ਕੁਝ ਅਜਿਹੀਆਂ ਸ਼ਕਤੀਆਂ ਵੀ ਸਨ ਜੋ ਲੋਟੂ ਮਾਨਸਿਕਤਾ ਦੇ ਖ਼ਿਲਾਫ਼ ਲੋਕ ਲਹਿਰਾਂ ਨੂੰ ਜਨਮ ਦਿੰਦੀਆਂ ਰਹੀਆਂ ਹਨ। ਅਜਿਹੀਆਂ ਲਹਿਰਾਂ ਹਰ ਕਿਸਮ ਦੇ ਜ਼ੁਲਮ ਦੀ ਮੁਖ਼ਾਲਫ਼ਤ ਕਰਕੇ ਸਿਹਤਯਾਬ ਸਮਾਜ ਦੀ ਸਿਰਜਣਾ ਕਰਨ ਦਾ ਯਤਨ ਕਰਦੀਆਂ ਆਈਆਂ ਹਨ। ਇਹ ਲਹਿਰਾਂ ਜਾਤੀ, ਜਮਾਤੀ, ਰੰਗ, ਨਸਲ, ਧਰਮ ਅਤੇ ਲਿੰਗ ਆਦਿ ਹਰ ਤਰ੍ਹਾਂ ਦੇ ਪੱਖਪਾਤ ਦੀਆਂ ਜੜ੍ਹਾਂ ਹਿਲਾਉਂਦੀਆਂ ਰਹੀਆਂ ਹਨ। ਦਰਅਸਲ ਮਨੁੱਖ ਅੰਦਰਲੀ ਚੇਤਨਾ ਵਧੇਰੇ ਕਰਕੇ ਸਰਬ-ਹਿੱਤਕਾਰੀ ਹੋਣ ਦੀ ਬਜਾਏ ਨਿੱਜਵਾਦੀ/ਸਵਾਰਥ ਭਾਵਨਾ ਸੰਗ ਲਬਰੇਜ਼ ਰਹੀ ਹੈ। ਨਿੱਜਤਵ ਨੂੰ ਤਿਆਗਣਾ ਹਰੇਕ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਇਹ ਸੱਚ ਹੈ ਕਿ ਮਨੁੱਖੀ ਚੇਤਨਾ ਦੇ ਨਿੱਜਵਾਦੀ ਰੁਝਾਣ ਦਾ ਸਮੂਹਿਕਤਾ ਵੱਲ ਮੋੜਾ ਹੀ ਲੋਕ ਲਹਿਰਾਂ ਦੀ ਸਿਰਜਣਾ ਦਾ ਆਧਾਰ ਬਣਦਾ ਹੈ। ਮਨੁੱਖ ਅੰਦਰ ਪੈਦਾ ਹੋਏ ਸਰਬਹਿੱਤਕਾਰੀ ਪੈਂਤੜੇ ਨਾਲ ਹੀ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਅਰਥਾਤ ਉਹ ਸਮਾਜ ਜਿਸ ਵਿਚ ਬਰਾਬਰਤਾ ਹੋਵੇ, ਸੰਜਮਤਾ ਹੋਵੇ, ਸਮਾਜ ਵਿਚਲੇ ਹਰ ਮਨੁੱਖ ਦਾ ਜੀਵਨ ਪੱਧਰ ਇਕੋ ਜਿਹਾ ਹੋਵੇ, ਭਾਵੇਂ ਉਹ ਪਹਿਲਾ ਲਿੰਗ ਹੋਵੇ, ਦੂਜਾ ਜਾਂ ਤੀਜਾ ਲਿੰਗ। ਹਰੇਕ ਨੂੰ ਬਰਾਬਰਤਾ ਦੇ ਚਸ਼ਮੇਂ ਰਾਹੀਂ ਦੇਖਣ ਨਾਲ, ਹਰ ਤਰ੍ਹਾਂ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਤੇ ਇਨਸਾਨੀਅਤ ਦੀ ਸਾਂਝ ਸਥਾਪਿਤ ਕਰਕੇ ਹੀ ਅਸੀਂ ਬਿਮਾਰ ਮਾਨਸਿਕਤਾ

ਤੋਂ ਛੁਟਕਾਰਾ ਪਾ ਸਕਦੇ ਹਾਂ। ਸੋਮਾ ਦੀਆਂ ਕਹਾਣੀਆਂ ਵਿਚਲੇ ਥੀਮ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਹਰ ਤਰ੍ਹਾਂ ਦੇ ਲਿੰਗ ਭੇਦ ਤੋਂ ਉੱਪਰ ਉੱਠ ਕੇ ਉਪਰੋਕਤ ਕਿਸਮ ਦਾ ਸਮਾਜ ਸਿਰਜਣ ਦਾ ਸੁਪਨਾ ਸੰਜੋਈ ਬੈਠੀ ਹੈ। ਹਥਲੀ ਕਹਾਣੀ ਵੀ ਇਸ ਦੀ ਪ੍ਰਤੱਖ ਮਿਸਾਲ ਹੈ।

"ਚਾਨਣੀ ਰਾਤ 'ਚ ਲਿਖੇ ਸਿਰਨਾਵੇਂ" ਵਿਚ ਸੋਮਾ ਕਿੰਨਰਾਂ ਦੀ ਜ਼ਿੰਦਗੀ, ਉਨ੍ਹਾਂ ਦੀਆਂ ਸਰੀਰਕ, ਮਾਨਸਿਕ ਤੇ ਸਮਾਜਿਕ ਸਮੱਸਿਆਵਾਂ, ਉਨ੍ਹਾਂ ਅੰਦਰਲੀਆਂ ਭਾਵਨਾਵਾਂ, ਵੇਦਨਾਵਾਂ ਅਤੇ ਖ਼ਾਹਿਸ਼ਾਂ ਨੂੰ ਦੋ ਪਾਤਰਾਂ ਦਿਲਸ਼ਾਦ ਤੇ ਸਰਗਮ ਦੇ ਕਿਰਦਾਰ ਰਾਹੀਂ ਸਿਰਜਣ ਦਾ ਯਤਨ ਕਰਦੀ ਹੈ। ਪਾਤਰਾਂ ਦੇ ਨਾਵਾਂ ਤੋਂ ਹੀ ਜ਼ਾਹਿਰ ਹੋ ਜਾਂਦਾ ਹੈ ਕਿ ਕਹਾਣੀ 'ਚ ਦਿਲਸ਼ਾਦ ਮਰਦ ਦੇ ਰੂਪ ਵਿਚ ਤੇ ਸਰਗਮ ਔਰਤ ਦੇ ਰੂਪ ਵਿਚ ਵਿਚਰਦੇ ਹਨ। ਦਰਅਸਲ ਇਹ ਕਹਾਣੀ ਇਨ੍ਹਾਂ ਦੋਵਾਂ ਪਾਤਰਾਂ ਦੇ ਆਪਸੀ ਸੰਵਾਦ ਤੋਂ ਉਦੈ ਹੋ ਕੇ ਦੋਵਾਂ ਉੱਤੇ ਹੀ ਅਸਤ ਹੋ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਕਿਸੇ ਹੋਰ ਪਾਤਰ ਨੂੰ ਕੋਈ ਜਗ੍ਹਾ ਨਹੀਂ ਦਿੱਤੀ ਗਈ। ਸ਼ੁਰੂਆਤ ਤੋਂ ਹੀ ਕਹਾਣੀ ਭਾਵੁਕ ਅੰਦਾਜ਼ ਵਿਚ ਆਰੰਭ ਹੋ ਕੇ ਦੋਵਾਂ ਪਾਤਰਾਂ ਦੇ ਮਨ ਅੰਦਰਲੀਆਂ ਭਾਵੁਕ ਤਰੰਗਾਂ ਨੂੰ ਪ੍ਰਮੁੱਖਤਾ ਸਹਿਤ ਪੇਸ਼ ਕਰਦੀ ਹੋਈ ਭਾਵੁਕ ਸੁਰ ਦੀ ਧਾਰਨੀ ਬਣ ਜਾਂਦੀ ਹੈ। ਕਹਾਣੀ ਦਾ ਮੁੱਖ ਵਿਸ਼ਾ ਕਿੰਨਰਾਂ ਦੀ ਜ਼ਿੰਦਗੀ ਬਣਦਾ ਹੈ ਅਤੇ ਇਸ ਦੀ ਕੇਂਦਰੀ ਵਿਚਾਰਧਾਰਾ ਮਾਨਵਵਾਦੀ ਹੋ ਨਿੱਬੜਦੀ ਹੈ, ਜਿਹੜੀ ਕਿ ਹਰ ਤਰ੍ਹਾਂ ਦੇ ਲਿੰਗ-ਭੇਦ ਤੋਂ ਮੁਕਤ ਹੈ। ਨਿਰਸੰਦੇਹ ਇਹ ਵਿਚਾਰਧਾਰਾ ਔਰਤ, ਮਰਦ ਅਤੇ ਕਿੰਨਰ ਆਦਿ ਹਰ ਤਰ੍ਹਾਂ ਦੇ ਲਿੰਗ-ਭੇਦ ਨੂੰ ਖ਼ਤਮ ਕਰਕੇ ਸਾਰਿਆਂ ਨੂੰ ਇਨਸਾਨ ਸਮਝਣ ਵਾਲਾ ਨਰੋਆ ਨਜ਼ਰੀਆ ਪੇਸ਼ ਕਰਦੀ ਹੈ। ਕਿੰਨਰਾਂ ਦੀ ਜ਼ਿੰਦਗੀ ਰਾਹੀਂ ਮਾਨਵਵਾਦੀ ਵਿਚਾਰਧਾਰਾ ਨੂੰ ਉਸ ਨੇ ਮੁਖ਼ਤਲਿਫ਼ ਬਿਰਤਾਂਤਕ ਜੁਗਤਾਂ ਰਾਹੀਂ ਸਿਰਜਣ ਦਾ ਯਤਨ ਕੀਤਾ ਹੈ।

ਕਹਾਣੀ ਆਰੰਭ ਕਰਨ ਸਮੇਂ ਪਾਠਕ ਦੀ ਦ੍ਰਿਸ਼ਟੀ ਸਭ ਤੋਂ ਪਹਿਲਾਂ ਸਿਰਲੇਖ ਉੱਪਰ ਹੀ ਟਿਕਦੀ ਹੈ। ਸੋਮਾ ਦੀ ਇਸ ਕਹਾਣੀ ਦਾ ਸਿਰਲੇਖ ਸੰਜੀਦਾ ਪ੍ਰਤੀਕ ਦੀ ਸਿਰਜਣਾ ਕਰਦਾ ਹੈ। ਇਸ ਦੇ ਸਿਰਲੇਖ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਤੋਂ ਕਹਾਣੀ ਅੰਦਰਲੀ ਸਮੱਸਿਆ ਤੇ ਵਿਚਾਰਧਾਰਾ ਬਾਬਤ ਕੋਈ ਵੀ ਪ੍ਰਤੱਖ ਜਾਣਕਾਰੀ ਨਹੀਂ ਮਿਲਦੀ।2 ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨੇ ਸਿਰਲੇਖ ਨੂੰ ਢੁਕਵੇਂ ਢੰਗ ਨਾਲ ਵਿਉਂਤ ਕੇ ਗੰਭੀਰ ਅਰਥਾਂ ਨੂੰ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਦਰਅਸਲ ਹਰ ਸਾਹਿਤ ਵਿਚ ਸਿਰਲੇਖ ਦੀ ਖ਼ਾਸ ਅਹਿਮੀਅਤ ਹੁੰਦੀ ਹੈ। ਸਿਰਲੇਖ ਏਕ ਅਰਥੀ ਨਹੀਂ ਬਲਕਿ ਅਨੇਕ ਅਰਥੀ ਹੋਣਾ ਚਾਹੀਦਾ ਹੈ। ਰਚਨਾ ਦਾ ਸਿਰਲੇਖ ਪ੍ਰਤੀਕਾਤਮਕ ਤੇ ਬਹੁਅਰਥਤਾ ਦਾ ਧਾਰਨੀ ਹੋ ਕੇ ਹੀ ਸਾਹਿਤਕਤਾ ਦੀ ਪਦਵੀ ਪ੍ਰਾਪਤ ਕਰਦਾ ਹੈ। ਸੋਮਾ ਦੀ ਕਹਾਣੀ ਦੇ ਸਿਰਲੇਖ ਵਿਚਲਾ ਚਾਨਣੀ ਰਾਤ ਦਾ ਪ੍ਰਤੀਕ ਜ਼ਾਹਿਰ ਤੌਰ ਉੱਤੇ ਬੇਸ਼ੱਕ ਪੂਰੇ ਚੰਨ ਦੀ ਰਾਤ ਦੇ ਅਰਥਾਂ ਨੂੰ ਸੰਚਾਰਿਤ ਕਰ ਰਿਹਾ ਹੈ, ਪਰੰਤੂ ਬਾਤਿਨ ਤੌਰ ਉੱਤੇ ਇਹ ਇਕ ਪਾਸੇ ਪਿਆਰ ਤੇ ਦੂਜੇ ਪਾਸੇ ਰੌਸ਼ਨੀ ਦੇ ਅਰਥਾਂ ਨੂੰ ਅਭਿਵਿਅੰਜਤ ਕਰ ਰਿਹਾ ਹੈ। ਕਹਾਣੀ ਵਿਚਲੇ ਦੋਵੇਂ ਕਿੰਨਰ ਪਾਤਰ ਇਨ੍ਹਾਂ ਦੋਵਾਂ ਅਹਿਸਾਸਾਂ ਤੋਂ ਸੱਖਣੇ ਹਨ। ਅਰਥਾਤ ਸਮਾਜ ਉਨ੍ਹਾਂ ਨੂੰ ਆਮ ਮਨੁੱਖ ਸਵੀਕਾਰ ਕਰਕੇ, ਉਨ੍ਹਾਂ ਅੰਦਰਲੀਆਂ ਮਨੁੱਖੀ ਭਾਵਨਾਵਾਂ ਨੂੰ ਕਦੇ ਨਹੀਂ ਸਮਝਦਾ। ਆਮ ਮਨੁੱਖਾਂ ਵਾਂਗ ਉਨ੍ਹਾਂ ਅੰਦਰ ਵੀ ਪਿਆਰ ਦੇ ਭਾਵ ਸਾਹ ਲੈਂਦੇ ਹਨ, ਪਰੰਤੂ ਉਨ੍ਹਾਂ ਨਾਲ ਕੋਈ ਨਹੀਂ ਪਿਆਰ ਕਰਦਾ। ਇਸ ਸਥਿਤੀ ਤੋਂ ਪੈਦਾ ਹੋਏ ਤਣਾਉ ਕਾਰਨ ਉਨ੍ਹਾਂ ਦੀ ਜ਼ਿੰਦਗੀ ਅੰਦਰ ਹਨੇਰ ਪਸਰ ਜਾਂਦਾ ਹੈ। ਕਹਾਣੀ ਵਿਚਲੇ ਦੋਵੇਂ ਕਿੰਨਰ ਪਾਤਰ ਇਕ ਪਾਸੇ ਹਕੀਕੀ ਪਿਆਰ ਦੀ ਤਲਾਸ਼ ਵਿਚ ਹਨ ਅਤੇ ਦੂਜੇ ਪਾਸੇ ਆਪਣੀ ਜ਼ਿੰਦਗੀ ਵਿਚ ਪੱਸਰੇ ਹਨੇਰੇ ਨੂੰ ਰੌਸ਼ਨੀ ਰਾਹੀਂ ਚਾਨਣੇ ਵਿਚ ਰੁਪਾਂਤ੍ਰਿਤ ਕਰਨ

ਦੀ ਇੱਛਾ ਰੱਖਦੇ ਹਨ। ਸੋਮਾ ਨੇ ਇਸੇ ਤਰ੍ਹਾਂ ਦਾ ਇਕ ਹੋਰ ਪ੍ਰਤੀਕ 'ਚੰਨ ਤੋਂ ਪਾਰ ਜਾਣਾ' ਸਿਰਜਿਆ ਹੈ, ਜਿਸ ਦਾ ਅਰਥ ਹੈ ਕਿ ਦੋਵੇਂ ਪਾਤਰ ਹਰ ਤਰ੍ਹਾਂ ਦੀਆਂ ਸਮਾਜਿਕ ਰੋਕਾਂ/ਬੰਦਿਸ਼ਾਂ ਨੂੰ ਤੋੜ ਕੇ ਆਜ਼ਾਦ ਹੋਣ ਦੀ ਲਾਲਸਾ ਰੱਖਦੇ ਹਨ। ਇਨ੍ਹਾਂ ਪਾਤਰਾਂ ਲਈ ਕਹਾਣੀ ਵਿਚ ਉਹ 'ਅੱਧੇ-ਅਧੂਰੇ' ਸ਼ਬਦ ਦੀ ਵੀ ਵਰਤੋਂ ਕਰਦੀ ਹੈ, ਜੋ ਮਹਿਜ਼ ਇਨ੍ਹਾਂ ਦੇ ਸਰੀਰ ਦਾ ਹੀ ਨਹੀਂ ਬਲਕਿ ਇਨ੍ਹਾਂ ਦੀ ਅਧੂਰੀ ਜ਼ਿੰਦਗੀ ਦਾ ਵੀ ਪ੍ਰਤੀਕ ਹੈ। ਸੋ ਅਜਿਹੇ ਪ੍ਰਤੀਕਾਂ ਦੀ ਸਿਰਜਣਾ ਕਰਕੇ ਉਸ ਨੇ ਦੋਵਾਂ ਪਾਤਰਾਂ ਦੇ ਮਨ ਵਿਚ ਪਈ ਆਜ਼ਾਦ ਤੇ ਭਰਪੂਰ ਜ਼ਿੰਦਗੀ ਜਿਉਣ ਦੀ ਖ਼ਾਹਿਸ਼ ਨੂੰ ਪੇ ਸ਼ ਕਰਨ ਦਾ ਯਤਨ ਕੀਤਾ ਹੈ।

ਲੁਕਾਉ ਤੇ ਪ੍ਰਗਟਾਉ ਦੀ ਜੁਗਤ ਵਰਤ ਕੇ ਉਸਨੇ ਕਹਾਣੀ ਅੰਦਰ ਰੋਚਿਕਤਾ ਪੈਦਾ ਕੀਤੀ ਹੈ। ਦਰਅਸਲ ਸੋਮਾ ਨੇ ਕਹਾਣੀ ਦੀ ਸ਼ੁਰੂਆਤ ਵਿਚ ਦੋਵਾਂ ਪਾਤਰਾਂ ਬਾਰੇ ਕਿੱਧਰੇ ਵੀ ਇਹ ਨਹੀਂ ਦੱਸਿਆ ਕਿ ਇਹ ਕਿੰਨਰ ਹਨ। ਭਾਵ ਇਨ੍ਹਾਂ ਦੇ ਅਧੂਰੇਪਣ/ਅਧੂਰੇ ਜੀਵਨ ਦੇ ਵਿਚਾਰ ਨੂੰ ਕਹਾਣੀ ਦੀ ਸ਼ੁਰੂਆਤ ਵਿਚ ਲੁਕਾਅ ਕੇ ਰੱਖਿਆ ਹੈ। ਇਹ ਲੁਕਾਉ ਦੀ ਜੁਗਤ ਹੀ ਪਾਠਕ ਮਨ ਅੰਦਰ ਜਗਿਆਸਾ ਪੈਦਾ ਕਰਦੀ ਹੈ ਕਿ ਆਖ਼ਰ ਇਹ ਅਧੂਰਾਪਣ ਹੈ ਕੀ? ਮਿਸਾਲ ਦੇ ਤੌਰ ਉੱਪਰ ਕਹਾਣੀ ਦੇ ਆਰੰਭ ਵਿਚਲੇ ਦੋਵਾਂ ਪਾਤਰਾਂ ਦੇ ਸੰਵਾਦ ਨੂੰ ਦੇਖਿਆ ਜਾ ਸਕਦਾ ਹੈ :

"ਦਿਲਸ਼ਾਦ ਮੇਰੇ ਕੋਲੋਂ ਤੁਹਾਡਾ ਤਿਲ ਤਿਲ ਕਰਕੇ__ਤੁਸੀਂ ਆਪਣੀ ਬੇਸ਼ਕੀਮਤੀ ਜ਼ਿੰਦਗੀ ਕਿਉਂ ਮੇਰੇ ਅਧੂਰੇਪਣ 'ਤੇ ਲੁਟਾਈ ਜਾ ਰਹੇ ਓ? ਕੀ ਤੁਸੀਂ ਦੂਜੇ ਲਈ ਆਪਣਾ ਜੀਵਨ ਦਾਨ ਕਰਕੇ ਖ਼ੁਸ਼ ਓ? ਖਾਸ ਕਰਕੇ ਉਦੋਂ ਜਦੋਂ ਦੂਜਾ ਐਨਾ ਪਿਆਰ ਪਾਉਣ ਦੇ ਕਾਬਿਲ ਹੀ ਨਹੀਂ__।"

"ਤੁਸੀਂ ਕਾਬਿਲ__ਨਹੀਂ__? ਕਿਉਂ__?"

"ਐਨੇ ਦੀਵਾਨੇ ਹਾਸੇ ਨਾ ਹੱਸੋ__।"3

ਇਸ ਲੁਕਾਉ ਦਾ ਭੇਤ ਖੁੱਲ੍ਹਣ ਬਾਬਤ ਤੁਛ ਮਾਤਰ ਸੰਕੇਤ ਕਹਾਣੀ ਦੇ ਕੁਝ ਅੱਗੇ ਗਤੀ ਕਰਨ ਦੌਰਾਨ ਮਿਲਦੇ ਹਨ। ਪਰੰਤੂ ਉੱਥੇ ਵੀ ਇਨ੍ਹਾਂ ਪਾਤਰਾਂ ਦੇ ਲਿੰਗ ਬਾਰੇ ਪ੍ਰਤੱਖ ਜ਼ਿਕਰ ਨਹੀਂ ਮਿਲਦਾ। ਅਰਥਾਤ ਇਥੋਂ ਤਕ ਵੀ ਸਰਗਮ ਆਪਣੇ ਆਪ ਦੇ ਇਸਤਰੀ ਲਿੰਗ ਹੋਣ ਦਾ ਹੀ ਅਹਿਸਾਸ ਕਰਾਉਂਦੀ ਹੈ। ਮਿਸਾਲ ਦੇ ਤੌਰ ਉੱਤੇ ਸਰਗਮ ਦੇ ਹੇਠ ਲਿਖੇ ਬੋਲਾਂ ਨੂੰ ਦੇਖਿਆ ਜਾ ਸਕਦਾ ਹੈ :

__ਜਿਸਨੇ ਅਣਗਿਣਤ ਤਸੀਹੇ ਝੱਲੇ ਹੋਣ ਤੇ ਅੱਗੇ ਵੀ ਅਨਿਆਂ ਹੀ ਦਾ ਖ਼ਦਸ਼ਾ ਹੋਵੇ __ਜਿਸ ਦੇ ਹਜ਼ਾਰਾਂ ਨਵੇਂ ਜ਼ਖ਼ਮਾਂ ਤੋਂ ਨਿੱਤ ਖੂਨ ਰਿਸਦਾ ਹੋਵੇ। ਨਿਸ਼ਚਿਤ ਤੌਰ 'ਤੇ ਤੁਸੀਂ ਮੇਰੇ 'ਤੇ ਸੱਟ ਮਾਰੋਗੇ__ਮੈਂ ਗੁਲਾਮ ਤੇ__ਗੁਲਾਮ ਕੁਦਰਤ ਦੀ ਜਿਸ ਮੈਨੂੰ ਤਾਕਤਵਰ ਬਣਾਇਆ ਈ ਨਈਂ__4

ਸੋ ਉਪਰੋਕਤ ਸੰਵਾਦ ਵਿਚ ਸਰਗਮ ਜਦੋਂ ਆਪਣੇ ਗ਼ੁਲਾਮ ਹੋਣ ਦਾ ਮੂਲ ਕਾਰਨ ਕੁਦਰਤ ਨੂੰ ਅੰਗੀਕਾਰ ਕਰਦੀ ਹੈ ਤਾਂ ਇਸ ਸਮੇਂ ਉਹ ਪਾਠਕ ਨੂੰ ਆਪਣੇ ਆਪ ਦੇ ਔਰਤ ਹੋਣ ਦਾ ਹੀ ਅਹਿਸਾਸ ਕਰਾਉਂਦੀ ਹੈ। ਦਰਅਸਲ ਅਸਾਵੀਂ ਵੰਡ ਵਾਲੇ ਜਾਂ ਮਰਦਾਵੀਂ ਧੌਂਸ ਵਾਲੇ ਇਸ ਸਮਾਜ ਵਿਚ ਨਾਰੀਵਾਦੀ ਚਿੰਤਕਾਂ ਵੀ ਔਰਤ ਦੀ ਗ਼ੁਲਾਮੀ ਤੇ ਉਸ ਦੇ ਦੂਜਾ ਲਿੰਗ ਹੋਣ ਦਾ ਮੂਲ ਕਾਰਨ ਕੁਦਰਤੀ ਜੈਵਿਕ ਕਾਰਕਾਂ ਨੂੰ ਹੀ ਤਸਲੀਮ ਕਰਦੀਆਂ ਹਨ। ਇਸ ਸੰਦਰਭ ਵਿਚ ਕ੍ਰਾਂਤੀਕਾਰੀ ਨਾਰੀਵਾਦੀ ਚਿੰਤਕ ਸਿਮੋਨ ਦ ਬੁਅਵਾਰ ਦਾ ਵਿਚਾਰ ਹੈ ਕਿ ਔਰਤ ਤੇ ਮਰਦ ਦੀ ਸਰੀਰਕ

ਬਣਤਰ ਵੱਖਰੀ ਹੋਣ ਕਰਕੇ ਸਰੀਰ ਨਾਲ ਜੁੜੀਆਂ ਕਿਰਿਆਵਾਂ ਵੀ ਵੱਖਰੀਆਂ ਹਨ। ਮਰਦ ਦੇ ਮੁਕਾਬਲੇ ਔਰਤ ਦਾ ਆਪਣੇ ਸਰੀਰ ਉੱਤੇ ਪੂਰਨ ਨਿਯੰਤਰਨ ਕੁਦਰਤੀ ਜੈਵਿਕ ਕਾਰਨਾਂ ਕਰਕੇ ਹੀ ਨਹੀਂ ਹੁੰਦਾ।5 ਇਸ ਉਪਰੰਤ ਕਹਾਣੀ ਜਦੋਂ ਹੋਰ ਅੱਗੇ ਗਤੀ ਕਰਦੀ ਹੈ ਤਾਂ ਪਹਿਲਾਂ ਸਰਗਮ ਦੇ ਲਿੰਗ ਦਾ ਰਾਜ਼ ਖੁੱਲ੍ਹਣਾ ਸ਼ੁਰੂ ਹੁੰਦਾ ਹੈ। ਕਹਾਣੀ ਦੇ ਅੰਤ ਤਕ ਦਿਲਸ਼ਾਦ ਤੇ ਸਰਗਮ ਬਾਰੇ ਇਹ ਵਿਚਾਰ ਪ੍ਰਗਟ ਹੋ ਜਾਂਦਾ ਹੈ ਕਿ ਇਹ ਦੋਵੇਂ ਪਾਤਰ ਕਿੰਨਰ (ਤੀਜਾ ਲਿੰਗ) ਹਨ। ਪਰੰਤੂ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਜਿੱਥੇ ਨਾਰੀਵਾਦੀ ਚਿੰਤਕਾਂ ਨੂੰ ਔਰਤ ਹੋਣਾ ਜਾਂ ਔਰਤ ਦਾ ਦੂਜਾ ਲਿੰਗ ਹੋਣਾ ਸੰਤਾਪ ਜਾਪਦਾ ਹੈ, ਉੱਥੇ ਤੀਜੇ ਲਿੰਗ ਦੇ ਸੰਦਰਭ ਵਿਚ ਇਹ ਸਥਿਤੀ ਹੋਰ ਦੁਵਿਧਾ ਵਾਲੀ ਹੈ। ਭਾਵ ਉਹ ਦੂਜਾ ਲਿੰਗ (ਔਰਤ) ਹੋਣ ਨੂੰ ਵੀ ਤਰਸਦੇ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਜੇ ਔਰਤ ਹਾਸ਼ੀਏ ਉੱਤੇ ਖੜੀ ਹੈ ਤਾਂ ਸਮਾਜ ਵਿਚਲੇ ਕਿੰਨਰ ਲੋਕ ਹਾਸ਼ੀਏ ਤੋਂ ਵੀ ਪਾਰ ਧਕੇਲ ਦਿੱਤੇ ਗਏ ਹਨ। ਦਰਅਸਲ ਦੂਜਾ ਤੇ ਤੀਜਾ ਲਿੰਗਾਂ ਦੀ ਉਪਰੋਕਤ ਤਣਾਉਸ਼ੀਲ ਸਥਿਤੀ ਦਾ ਮੂਲ ਕਾਰਨ ਸਮਾਜ ਵਿਚਲੇ ਉਹ ਫ਼ੋਕੀ ਚੌਧਰ ਵਾਲੇ ਲੋਕ ਹਨ ਜੋ ਇਨ੍ਹਾਂ ਦੀ ਸੁਤੰਤਰ ਹੋਂਦ ਉੱਤੇ ਅੰਕੁਸ਼ ਲਗਾ ਕੇ ਇਨ੍ਹਾਂ ਦਾ ਸਦੀਆਂ ਤੋਂ ਸੋਸ਼ਣ ਕਰਦੇ ਆ ਰਹੇ ਹਨ। ਇਸ ਸੋਸ਼ਣ ਪ੍ਰਤਿ ਚੇਤਨਾ ਪੈਦਾ ਕਰਕੇ ਇਸ ਸਥਿਤੀ ਵਿਚ ਪਰਿਵਰਤਨ ਲਿਆਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਸਮਾਜ ਵਿਚਲੇ ਵੰਨ-ਸੁਵੰਨੇ ਲੋਕ ਇਕ ਇਨਸਾਨ ਹੋਣ ਦੇ ਨਾਤੇ ਖ਼ੁਸ਼ਹਾਲ ਜੀਵਨ ਗੁਜ਼ਾਰ ਸਕਣ।

ਇਹ ਕਹਾਣੀ ਜਿੱਥੇ ਇਕਹਿਰੇ ਬਿਰਤਾਂਤ ਅਤੇ ਇਕਹਿਰੇ ਪਾਤਰ ਵਾਲੀ ਹੈ, ਉੱਥੇ ਇਸ ਵਿਚਲੀ ਵਾਰਤਾਲਾਪ ਸ਼ੈਲੀ ਸਰਲ ਤੇ ਸੰਚਾਰਜੁਗਤ ਹੈ। ਕਹਾਣੀ ਵਿਚ ਇਕ ਹੀ ਲਿੰਗ ਸ਼੍ਰੇਣੀ ਵਾਲੇ ਮਹਿਜ਼ ਦੋ ਪਾਤਰ ਹਨ। ਇਨ੍ਹਾਂ ਦੋਵਾਂ ਪਾਤਰਾਂ ਦੀ ਸ਼ਖ਼ਸੀਅਤ ਦੇ ਨਿਖੇੜ ਲਈ ਸੋਮਾ ਨੇ ਵਾਰਤਾਲਾਪ ਸ਼ੈਲੀ ਨੂੰ ਬਾਖ਼ੂਬੀ ਵਰਤਿਆ ਹੈ। ਬੇਸ਼ੱਕ ਪਾਠਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੋਵਾਂ ਪਾਤਰਾਂ ਦੇ ਵਾਰਤਾਲਾਪ ਇਕ-ਦੂਜੇ ਵਿਚ ਅਭੇਦ ਹੋਏ ਵੀ ਮਹਿਸੂਸ ਹੁੰਦੇ ਹਨ ਤੇ ਇਸ ਦਾ ਮੂਲ ਕਾਰਨ ਵੀ ਦੋਵਾਂ ਪਾਤਰਾਂ ਦੇ ਇਕ ਲਿੰਗ ਨਾਲ ਸੰਬੰਧਿਤ ਹੋਣਾ ਹੀ ਜਾਪਦਾ ਹੈ। ਤਾਂ ਵੀ ਇਨ੍ਹਾਂ ਦੇ ਆਪਸੀ ਸੰਵਾਦਾਂ ਵਿਚੋਂ ਇਨ੍ਹਾਂ ਦੇ ਸੁਭਾਅ, ਸ਼ਖ਼ਸੀਅਤ, ਵਿਭਿੰਨ ਸਮੱਸਿਆਵਾਂ ਤੇ ਜੀਵਨ ਦ੍ਰਿਸ਼ਟੀ ਬਾਰੇ ਡੂੰਘਾ ਆਭਾਸ ਹੋ ਜਾਂਦਾ ਹੈ। ਕਿੰਨਰ ਕਿਉਂਕਿ ਆਮ ਲੋਕਾਂ ਵਾਂਗ ਮਨੁੱਖ ਦੀ ਹੀ ਪੈਦਾਇਸ਼ ਹੁੰਦੇ ਹਨ, ਜਿਸ ਕਰਕੇ ਉਨ੍ਹਾਂ ਅੰਦਰ ਵੀ ਔਰਤਾਂ ਤੇ ਮਰਦਾਂ ਵਾਲੇ ਭਾਵੁਕ ਗੁਣ ਮੌਜੂਦ ਹੁੰਦੇ ਹਨ। ਕੁਝ ਕਿੰਨਰਾਂ ਅੰਦਰ ਔਰਤਾਂ ਵਾਲੇ ਗੁਣ ਤੇ ਕੁਝ ਅੰਦਰ ਮਰਦਾਂ ਵਾਲੇ ਗੁਣ ਪ੍ਰਮੁੱਖਤਾ ਗ੍ਰਹਿਣ ਕਰ ਜਾਂਦੇ ਹਨ। ਜਦੋਂ ਸਰਗਮ ਅੰਦਰ ਔਰਤਾਂ ਵਾਲੇ ਅਤੇ ਦਿਲਸ਼ਾਦ ਅੰਦਰ ਮਰਦਾਂ ਵਾਲੇ ਭਾਵੁਕ ਗੁਣ (ਸੈਕਸ ਅਤੇ ਪਿਆਰ) ਉਬਾਲੇ ਖਾਂਦੇ ਨਜ਼ਰੀ ਪੈਂਦੇ ਹਨ ਤਾਂ ਉਸ ਸਮੇਂ ਸੋਮਾ ਦੁਆਰਾ ਸਿਰਜੇ ਗਏ ਇਹ ਪਾਤਰ ਵਧੇਰੇ ਯਥਾਰਥਕ ਜਾਪਦੇ ਹਨ। ਮਿਸਾਲ ਵਜੋਂ ਸਰਗਮ ਸਰੀਰਕ ਹੋਂਦ ਤੇ ਸੈਕਸ ਸੰਬੰਧਾਂ ਨੂੰ ਵਧੇਰੇ ਤਰਜੀਹ ਦਿੰਦੀ ਹੈ ਜਦਕਿ ਦਿਲਸ਼ਾਦ ਅਜਿਹੇ ਸੰਬੰਧਾਂ ਤੋਂ ਉੱਪਰ ਉੱਠ ਕੇ ਰੂਹਾਨੀ ਸੰਬੰਧਾਂ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ। ਜਿੱਥੇ ਸਰਗਮ ਦੀ ਸ਼ਖ਼ਸੀਅਤ ਵਿਚ ਨਾਕਾਰਾਤਮਕਤਾ ਨਜ਼ਰ ਆਉਂਦੀ ਹੈ ਉੱਥੇ ਦਿਲਸ਼ਾਦ ਸਾਕਾਰਾਤਮਕ ਊਰਜਾ ਨਾਲ ਲਬਰੇਜ਼ ਹੈ :

"ਦਿਲਸ਼ਾਦ ਮੈਂ ਪਤਨੀ ਬਣਨ ਦੇ ਲਾਇਕ ਨਹੀਂ—ਮੇਰੀ ਗੱਲ ਸੁਣ ਕੇ ਨਾਰਾਜ਼ ਨਹੀਂ ਹੋਣਾ—ਇਸੇ ਲਈ ਤਾਂ ਮੈਂ ਪਹਿਲਾਂ ਕਿਹਾ ਹੈ ਕਿ ਇਹ ਦੁਨੀਆ ਜਿਉਣ ਲਾਇਕ ਨਈਂ ਏ—"

"ਇਕ ਇਹੋ ਜਿਹੀ ਚੀਜ਼ ਤਾਂ—ਮੈਂ ਵੀ ਇਸ ਤੋਂ ਸੱਖਣਾ ਈ ਆਂ ਸਰਗਮ—ਪਰ ਫੇਰ

ਵੀ ਇਹ ਦੁਨੀਆ ਜਿਉਣ ਲਾਇਕ ਏ__ਅਸੀਂ ਜੀ ਕੇ ਵਿਖਾਵਾਂਗੇ__ਸੈਕਸੁਅਲ ਆਰਗਨਜ਼ ਕਾਰਨ ਹੀ ਤਾਂ ਇਕੱਲਾ ਜਿਉਣ ਨਹੀਂ__ਨਿਰਾ ਸੈਕਸ ਹੀ ਤਾਂ ਨਹੀਂ ਸਭ ਕੁਝ ਜਿਉਣ ਲਈ__ਕੁਝ ਹੋਰ ਵੀ ਬੜਾ ਲੋੜੀਂਦਾ ਏ__ਅਤੇ ਸਭ ਤੋਂ ਵੱਡੀ ਸ਼ੈਅ ਤਾਂ ਤੇਹ ਹੈ__ਇੱਕ ਸਾਹ__।6

ਨਿਰਸੰਦੇਹ ਉਸ ਦੁਆਰਾ ਸਿਰਜੇ ਗਏ ਪਾਤਰਾਂ ਦੇ ਸੰਵਾਦਾਂ ਤੋਂ ਜ਼ਾਹਿਰ ਹੋ ਜਾਂਦਾ ਹੈ ਕਿ ਇਹ ਪਾਤਰ ਪੜ੍ਹੇ-ਲਿਖੇ, ਚੇਤੰਨ ਅਤੇ ਦਾਰਸ਼ਨਿਕ ਸੁਭਾਅ ਦੇ ਮਾਲਕ ਹਨ। ਸੰਵਾਦਾਂ ਨੂੰ ਵਧੇਰੇ ਰੌਚਿਕ ਤੇ ਗਿਆਨ ਭਰਪੂਰ ਬਣਾਉਣ ਲਈ ਉਸਨੇ ਸਾਰੀ ਕਹਾਣੀ ਵਿਚ ਪ੍ਰਸ਼ਨੋਤਰੀ ਸ਼ੈਲੀ ਦੀ ਵੀ ਢੁਕਵੀਂ ਵਰਤੋਂ ਕੀਤੀ ਹੈ। ਇਸ ਸ਼ੈਲੀ ਦੀ ਪ੍ਰਾਪਤੀ ਇਹ ਹੈ ਕਿ ਇਸ ਰਾਹੀਂ ਪਾਤਰਾਂ ਦੀ ਮਾਨਸਿਕਤਾ ਵਧੇਰੇ ਖੁੱਲ੍ਹ ਕੇ ਪੇਸ਼ ਹੋਈ ਹੈ। ਤਾਂ ਵੀ ਜੇ ਇਨ੍ਹਾਂ ਪਾਤਰਾਂ ਦੀ ਅੰਦਰੂਨੀ ਸ਼ਖ਼ਸੀਅਤ ਨੂੰ ਸਫ਼ਲਤਾਪੂਰਵਕ ਸਿਰਜਣਾ ਸੋਮਾ ਦੇ ਗਲਪ ਦੀ ਪ੍ਰਾਪਤੀ ਹੈ ਤਾਂ ਇਨ੍ਹਾਂ ਦੀ ਬਾਹਰੀ ਸ਼ਖ਼ਸੀਅਤ ਦੇ ਗਲਪੀਕਰਨ (ਖ਼ਾਸ ਕਰਕੇ ਨਕਸ਼ ਵਰਣਨ) ਵੱਲ ਧਿਆਨ ਨਾ ਦੇਣਾ ਉਸ ਦੀ ਸੀਮਾ ਵੀ ਹੈ।

ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਸੋਮਾ ਬਹੁ-ਵਿਧਾਵੀ ਸਿਰਜਕ ਹੈ। ਉਹ ਸੰਵੇਦਨਸ਼ੀਲ ਸ਼ਾਇਰਾ ਵੀ ਹੈ। ਇਸੇ ਕਰਕੇ ਹਥਲੀ ਕਹਾਣੀ ਉੱਪਰ ਉਸ ਦੀ ਕਾਵਿ-ਸਿਰਜਣਾ ਦਾ ਪ੍ਰਭਾਵ ਵੀ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ। ਕਵਿਤਾ ਸਾਹਿਤ ਦਾ ਅਜਿਹਾ ਸਭ ਤੋਂ ਸੂਖ਼ਮ ਰੂਪ ਹੈ, ਜਿਸ ਵਿਚ ਭਾਵਨਾਵਾਂ ਦੀ ਪ੍ਰਧਾਨਗੀ ਹੁੰਦੀ ਹੈ। ਇਸ ਕਹਾਣੀ ਉੱਪਰ ਕਵਿਤਾ ਦਾ ਪ੍ਰਭਾਵ ਹੋਣ ਕਰਕੇ ਇਸ ਦੇ ਵਜੂਦ ਅੰਦਰ ਭਾਵੁਕਤਾ ਦਾ ਤੱਤ ਪ੍ਰਥਮ ਸਥਾਨ ਹਾਸਿਲ ਕਰ ਗਿਆ ਹੈ। ਇਸੇ ਕਰਕੇ ਕਹਾਣੀ ਵਿਚ ਤਰਕ ਤੇ ਭਾਵੁਕਤਾ ਵਿਚਲਾ ਤਵਾਜ਼ਨ ਵੀ ਕਿਧਰੇ ਕਿਧਰੇ ਵਿਗੜਿਆ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ ਸਾਰੀ ਕਹਾਣੀ ਵਿਚ ਤਾਂ ਨਹੀਂ ਪਰੰਤੂ ਕੁਝ ਇਕ ਜਗ੍ਹਾ ਉੱਪਰ ਬਿਰਤਾਂਤ ਦੀ ਸਹਿਜਤਾ ਵੀ ਭੰਗ ਹੋਈ ਨਜ਼ਰੀਂ ਪੈਂਦੀ ਹੈ। ਕਹਾਣੀ ਵਿਚ ਇਕ ਜਗ੍ਹਾ ਉੱਪਰ ਦਿਲਸ਼ਾਦ ਤੇ ਸਰਗਮ ਸਾਧਾਰਨ ਗੱਲਬਾਤ ਕਰਦੇ ਕਰਦੇ ਅਚਾਨਕ ਸੈਕਸ ਸੰਬੰਧਾਂ ਦੀ ਗੱਲ ਸ਼ੁਰੂ ਕਰ ਦਿੰਦੇ ਹਨ। ਇਥੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਸੋਮਾ ਆਪਣੀ ਗੱਲ ਰੱਖਣ ਲਈ ਜ਼ਿਆਦਾ ਕਾਹਲੀ ਕਰ ਰਹੀ ਹੈ, ਇਸੇ ਕਾਰਨ ਉਹ ਆਪਣੇ ਵਿਚਾਰ ਨੂੰ ਉਤੇਜਿਤ ਹੋ ਕੇ ਪੇਸ਼ ਕਰਦੀ ਹੋਈ ਸਹਿਜ ਨਹੀਂ ਰਹਿੰਦੀ। ਹਾਲਾਂਕਿ ਇਸ ਗੱਲਬਾਤ ਨੂੰ ਹੋਰ ਸਹਿਜ-ਸੁਭਾਅ ਪੇਸ਼ ਕਰਨ ਲਈ ਯਤਨ ਕੀਤਾ ਜਾ ਸਕਦਾ ਸੀ :

"ਚਲੋ, ਠੀਕ ਏ__ਇੰਤਜ਼ਾਰ ਕਰਾਂਗਾ__ਉਂਜ ਇੰਨੀ ਵੀ ਬਹੁਤ ਏ ਜਿੰਨੀ ਤੁਸੀ ਕੀਤੀ ਏ__।"

"ਬੜੇ ਹੌਸਲੇ ਵਾਲੇ ਓ__ਨਿੱਘੇ ਜਿਹੇ__।"

"ਮੈਨੂੰ ਮਾਣ ਐ ਆਪਣੇ ਹੌਸਲੇ 'ਤੇ__ਮੇਰਾ ਇਹ ਹੌਸਲਾ ਇਕ ਦਿਨ ਪ__ਥ__ਹਾ__ਅ__ਨਾ-ਚਾਂਦੀ ਨੂੰ ਪਿਘਲਾ ਹੀ ਦੇਵੇਗਾ__।"

"ਥੋੜ੍ਹੇ ਹੰਕਾਰੀ ਵੀ ਓ__।"

"ਹੰਕਾਰ ਤੇ ਮਾਣ 'ਚ ਬੜਾ ਫਰਕ ਏ-'ਮੇਰੀ'__।"

"ਤੁਸੀਂ ਕਿਧਰੇ ਮੇਰੇ ਨੈਣ-ਨਕਸ਼ਾਂ ਨੂੰ ਤਰਜੀਹ ਤਾਂ ਨਹੀਂ ਦੇ ਰਹੇ__ਸ਼ਾਇਦ ਸੈਕਸ ਤੁਹਾਡੇ 'ਤੇ ਹਾਵੀ ਹੋ ਰਿਹਾ ਹੋਵੇ__?"7

ਉਪਰੋਕਤ ਵਾਰਤਾਲਾਪ ਵਿਚ ਸਾਧਾਰਨ ਗੱਲਬਾਤ ਤੋਂ ਸੈਕਸ ਵੱਲ ਇਕਦਮ ਮੋੜਾ

ਬਿਰਤਾਂਤ ਦੀ ਸਹਿਜਤਾ ਨੂੰ ਭੰਗ ਕਰਦਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਜ਼ਬਰਦਸਤੀ ਜਾਂ ਕਾਹਲ ਨਾਲ ਕਿਸੇ ਬਿਰਤਾਂਤ ਨੂੰ ਛੇੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ ਨਾ ਕਿ ਸਹਿਜ-ਸੁਭਾਵਕ।

ਓਪਰੀ ਨਜ਼ਰੇ ਦੇਖਿਆਂ ਇਹ ਕਹਾਣੀ ਬੇਸ਼ੱਕ ਵਰਤਮਾਨ ਕਾਲ ਤਕ ਸੀਮਿਤ ਜਾਪਦੀ ਹੈ, ਪਰੰਤੂ ਇਸ ਵਿਚ ਸਿਰਜਿਆ ਗਿਆ ਵਰਤਮਾਨ ਨਾ ਹੀ ਆਪਣੇ ਭੂਤਕਾਲ ਨਾਲੋਂ ਟੁੱਟਿਆ ਹੋਇਆ ਹੈ ਅਤੇ ਨਾ ਹੀ ਭਵਿੱਖਮੁਖੀ ਦ੍ਰਿਸ਼ਟੀਕੋਣ ਤੋਂ ਸੱਖਣਾ ਹੈ। ਅਰਥਾਤ ਹਾਲ ਦੇ ਸਮੇਂ ਇਹ ਦੋਵੇਂ ਪਾਤਰ ਆਪਣੀਆਂ ਜਿਸ ਕਿਸਮ ਦੀਆਂ ਸਰੀਰਕ, ਮਾਨਸਿਕ ਤੇ ਸਮਾਜਿਕ ਸਮੱਸਿਆਵਾਂ ਬਾਰੇ ਵਿਚਾਰ-ਚਰਚਾ ਕਰ ਰਹੇ ਹਨ, ਉਹ ਪਰੰਪਰਾ ਤੋਂ ਚੱਲਦੀਆਂ ਆ ਰਹੀਆਂ ਹਨ। ਨਾਲ ਹੀ ਉਹ ਇਨ੍ਹਾਂ ਸਮੱਸਿਆਵਾਂ 'ਚੋਂ ਬਾਹਰ ਨਿਕਲਣ ਲਈ ਭਵਿੱਖ ਦੀ ਯੋਜਨਾ ਨੂੰ ਤਿਆਰ ਕਰਕੇ ਪੂਰਨ ਆਜ਼ਾਦ ਹੋਣ ਦੀ ਖ਼ਾਹਿਸ਼ ਪ੍ਰਗਟ ਕਰਦੇ ਹਨ। ਸੋ ਇਹ ਕਹਾਣੀ ਦਿਸਦੇ ਪੱਧਰ ਉੱਤੇ ਹੀ ਵਰਤਮਾਨ ਤਕ ਸੁੰਗੜੀ ਨਜ਼ਰ ਆਉਂਦੀ ਹੈ, ਪਰੰਤੂ ਇਸ ਦੀ ਪ੍ਰਾਪਤੀ ਇਹ ਹੈ ਕਿ ਇਸ ਦੇ ਅੰਤ੍ਰੀਵ ਧਰਾਤਲ ਉੱਤੇ ਤਿੰਨੇ ਕਾਲ ਹੀ ਸਾਹ ਲੈਂਦੇ ਪਛਾਣੇ ਜਾ ਸਕਦੇ ਹਨ। ਅਰਥਾਤ ਇਸ ਵਿਚਲਾ ਸਮਾਂ ਵੀ ਦਿਸਦੇ ਪੱਧਰ ਉੱਤੇ ਹੀ ਇਕਾਲਕ ਹੈ, ਜਦ ਕਿ ਇਹ ਗਹਿਣ ਧਰਾਤਲ ਵਿਚ ਬਹੁਕਾਲਕ ਹੀ ਹੈ। ਕਹਾਣੀ ਵਿਚਲਾ ਸਭ ਤੋਂ ਸ਼ਕਤੀਸ਼ਾਲੀ ਨੁਕਤਾ ਇਨ੍ਹਾਂ ਦੋਵਾਂ ਪਾਤਰਾਂ ਵੱਲੋਂ ਡੇਰਿਆਂ ਵਿਚ ਸ਼ਾਮਿਲ ਹੋਣ ਤੋਂ ਨਾਬਰੀ ਕਰਨਾ ਹੈ। ਸੋਮਾ ਨੇ ਕਿੰਨਰਾਂ ਨਾਲ ਸੰਬੰਧਿਤ ਡੇਰਿਆਂ ਅੰਦਰੇ ਮਾਫ਼ੀਏ ਵਾਲੇ ਯਥਾਰਥ ਨੂੰ ਵੀ ਨਿਡਰਤਾ ਨਾਲ ਪੇਸ਼ ਕੀਤਾ ਹੈ। ਉਸ ਦੇ ਇਹ ਪਾਤਰ ਡੇਰਿਆਂ ਤੋਂ ਮੁਕਤ ਆਮ ਮਨੁੱਖਾਂ ਵਾਂਗ ਆਜ਼ਾਦ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਬੇਸ਼ੱਕ ਉਨ੍ਹਾਂ ਨੂੰ ਸਮਾਜ ਦੇ ਆਮ ਲੋਕਾਂ ਵਿਚਲੇ ਪਤੀ-ਪਤਨੀ ਵਾਲੇ ਰਿਸ਼ਤੇ ਤੋਂ ਵੀ ਸੰਤੁਸ਼ਟੀ ਨਹੀਂ ਹੈ, ਜਿਸ ਕਰਕੇ ਉਹ ਇਨ੍ਹਾਂ ਲੋਕਾਂ ਦੀ ਸੋਚ ਉੱਤੇ ਵਿਅੰਗ ਵੀ ਕੱਸਦੇ ਹਨ। ਪਰੰਤੂ ਆਪਣੇ ਉਪਰੋਕਤ ਮਕਸਦ ਦੀ ਪੂਰਤੀ ਲਈ ਉਹ ਆਪਸ ਵਿਚ ਪਤੀ-ਪਤਨੀ ਵਾਲਾ ਰਿਸ਼ਤਾ ਬਣਾ ਕੇ ਰੱਖਣ ਲਈ ਵੀ ਰਾਜ਼ੀ ਹੋ ਜਾਂਦੇ ਹਨ :

—ਵੈਸੇ ਪਤੀ-ਪਤਨੀ ਦੇ ਰੂਪ ਵਿਚ ਰਹਿਣ ਦਾ ਤੁਹਾਡਾ ਤੇ ਮੇਰਾ ਮਕਸਦ ਵੀ ਤਾਂ ਇੱਕੋ ਹੀ ਹੋਵੇਗਾ ਨਾ—"

"ਕੀ—?"

"ਜੋ ਪੜ੍ਹੇ ਲਿਖੇ ਹੋਣ ਦੇ ਨਾਤੇ ਤੁਸੀਂ ਵੀ ਡੇਰੇ ਵਾਲਿਆਂ ਵਿੱਚ ਸ਼ਾਮਿਲ ਨਹੀਂ ਹੋਣਾ ਤੇ ਮੈਂ ਵੀ ਨਹੀਂ—।"8

ਨਿਰਸੰਦੇਹ ਇਨ੍ਹਾਂ ਪਾਤਰਾਂ ਅੰਦਰ ਆਪਣੀ ਸੁਤੰਤਰ ਹੋਂਦ ਦੀ ਚੇਤਨਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਅੰਦਰ ਇਹ ਚੇਤਨਾ ਪੈਦਾ ਕਿਵੇਂ ਹੋਈ ਹੈ? ਇਸ ਦਾ ਇੱਕੋ ਜਵਾਬ ਹੈ ਗਿਆਨ। ਅਰਥਾਤ ਇਹ ਚੇਤਨਾ ਗਿਆਨ ਵਿਚੋਂ ਹੀ ਪੈਦਾ ਹੋਈ। ਜਿੱਥੇ ਕਿਤੇ ਵੀ ਗਿਆਨ ਦਾ ਚਾਨਣ ਹੁੰਦਾ ਹੈ, ਉੱਥੇ ਹਰ ਕਿਸਮ ਦੀ ਗ਼ੁਲਾਮੀ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਮਨੁੱਖ ਦਾ ਜੀਵਨ ਪੱਧਰ ਸੁਧਰਨਾ ਸ਼ੁਰੂ ਹੋ ਜਾਂਦਾ ਹੈ। ਗਿਆਨ ਹੀ ਮਨੁੱਖ ਨੂੰ ਹਰ ਕਿਸਮ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਦਾ ਮਾਤਰ ਇਕ ਜ਼ਰੀਆ ਹੈ। ਇਹ ਵੀ ਸੱਚ ਹੈ ਕਿ ਔਰਤ ਨੂੰ ਗ਼ੁਲਾਮ ਬਣਾਈ ਰੱਖਣ ਲਈ ਮਰਦ ਪ੍ਰਧਾਨ ਸਮਾਜ ਨੇ ਪੂਰੇ ਵਿਸ਼ਵ ਵਿਚਲੀ ਔਰਤ ਨੂੰ ਗਿਆਨ ਦੇ ਖੇਤਰ ਤੋਂ ਦੂਰ ਹੀ ਰੱਖਿਅ ਹੈ। ਪਰੰਤੂ ਔਰਤ ਜਦੋਂ ਹੀ ਗਿਆਨ ਪ੍ਰਾਪਤ ਕਰਦੀ ਹੈ ਉਸ ਤੋਂ

ਬਾਅਦ ਹੀ ਉਸ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਟੁੱਟਣੀਆਂ ਸ਼ੁਰੂ ਹੁੰਦੀਆਂ ਹਨ। ਸੋਮਾ ਸਬਲੋਕ ਔਰਤ ਹੋਣ ਦੇ ਨਾਤੇ ਇਹ ਗੱਲ ਭਲੀ-ਭਾਂਤ ਜਾਣਦੀ ਹੈ, ਕਿਉਂਕਿ ਆਪਣੇ ਜੀਵਨ ਵਿਚ ਉਸਨੂੰ ਵੀ ਵਿੱਦਿਆ ਪ੍ਰਾਪਤੀ ਲਈ ਵੱਡੇ ਸੰਘਰਸ਼ ਕਰਨੇ ਪਏ ਸਨ। ਸੋ ਸੋਮਾ ਨੇ ਪੜ੍ਹੇ-ਲਿਖੇ ਕਿੰਨਰ ਪਾਤਰਾਂ ਦੀ ਜ਼ਿੰਦਗੀ ਦਾ ਅਜਿਹਾ ਬਿਰਤਾਂਤ ਸਿਰਜ ਕੇ ਤੀਜੇ ਜੈਂਡਰ ਦੀ ਸੁਤੰਤਰ ਹੋਂਦ ਦਾ ਯਥਾਰਥਕ ਸਮਾਧਾਨ ਵੀ ਪੇਸ਼ ਕੀਤਾ ਹੈ।

ਕੁੱਲ ਮਿਲਾ ਕਿ ਸੋਮਾ ਸਬਲੋਕ ਦੀ ਇਸ ਕਹਾਣੀ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਆਪਣੀ ਜਗ੍ਹਾ ਹਨ। ਪਰੰਤੂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਹ ਕਿੰਨਰ ਪਾਤਰਾਂ ਨਾਲ ਜੁੜੀਆਂ ਸਰੀਰਕ, ਮਾਨਸਿਕ ਤੇ ਸਮਾਜਿਕ ਸਮੱਸਿਆਵਾਂ ਨੂੰ ਜ਼ੁਬਾਨ ਦੇਣ ਵਾਲੀ ਆਪਣੇ ਆਪ ਵਿਚ ਪ੍ਰਥਮ ਸਿਰਜਣਾ ਹੈ। ਇਹ ਕਹਾਣੀ ਸਮਾਜ ਵਿਚ ਕਿੰਨਰਾਂ ਤੇ ਉਨ੍ਹਾਂ ਦੇ ਸਮਗ੍ਰ ਜੀਵਨ ਨੂੰ ਮਾਨਵੀ ਨਜ਼ਰੀਏ ਤੋਂ ਦੇਖਣ ਦੀ ਸੋਚ ਪੈਦਾ ਕਰਦੀ ਹੈ। ਨਾਲ ਹੀ ਉਹ ਮਾਨਵੀ ਅਧਿਕਾਰਾਂ ਦਾ ਝੂਠਾ ਢੰਡੋਰਾ ਪਿੱਟਣ ਵਾਲੀਆਂ ਵੱਖ-ਵੱਖ ਜਥੇਬੰਦੀਆਂ ਉੱਤੇ ਵੀ ਸਵਾਲੀਆ ਚਿੰਨ੍ਹ ਲਗਾਉਂਦੀ ਹੈ ਕਿ ਇਹ ਜਥੇਬੰਦੀਆਂ "ਵਿਅਕਤੀ ਨੂੰ ਵਿਅਕਤੀ ਨਾ ਸਮਝਣ ਵਾਲਿਆਂ ਨੂੰ ਨੱਥ ਕਿਉਂ ਨ੍ਹੀ ਪਾਉਂਦੀਆਂ__?" ਨਿਰਸੰਦੇਹ ਹਰ ਤਰ੍ਹਾਂ ਦੇ ਲਿੰਗ-ਭੇਦ ਤੋਂ ਉੱਪਰ ਉੱਠ ਕੇ ਮਾਨਵੀ ਸਾਂਝ ਦੀ ਤਾਮੀਰ ਕਰਨਾ ਸੋਮਾ ਦਾ ਹਾਸਿਲ ਹੈ। ਇਸੇ ਕਰਕੇ ਉਸ ਦੀ ਇਹ ਕਹਾਣੀ ਇਤਿਹਾਸਕ ਮਹੱਤਵ ਦੀ ਧਾਰਨੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸੋਮਾ ਸਬਲੋਕ, "ਮੇਰੇ ਅਭੁੱਲ ਅਨੁਭਵ", ਸਮਕਾਲੀ ਸਾਹਿਤ, ਜਨਵਰੀ-ਮਾਰਚ 2020, ਪੰਨਾ 87
2. "ਵਿਚਾਰ ਕਰਨੀ ਵਿਚ ਪ੍ਰਗਟ ਹੋਣਾ ਚਾਹੀਦਾ ਹੈ, ਕਥਨੀ ਵਿਚ ਨਹੀਂ। ਇਹ ਖ਼ੁਦ ਕਿਤਾਬ ਵਿਚ ਮਿਲਿਆ ਹੋਣਾ ਚਾਹੀਦਾ ਹੈ, ਇਸ ਨੂੰ ਕਿਤਾਬ ਦੀ ਜਿਲਦ ਤੋਂ ਹੀ ਪਾਟੀ ਹੋਈ ਆਵਾਜ਼ ਵਿਚ ਨਹੀਂ ਚਿੱਲਾਉਣਾ ਚਾਹੀਦਾ। ਜਿਹੜਾ ਲਫ਼ਜ਼ ਤਕਰੀਰ ਦੇ ਅਖ਼ੀਰ ਉਤੇ ਬੋਲਿਆ ਜਾ ਸਕਦਾ ਹੈ ਉਹ ਆਰੰਭ ਵਿਚ ਹੀ ਨਹੀਂ ਬੋਲਿਆ ਜਾਣਾ ਚਾਹੀਦਾ।",ਰਸੂਲ ਹਮਜ਼ਾਤੋਵ, ਮੇਰਾ ਦਾਗ਼ਿਸਤਾਨ, ਪੰਨਾ 43
3. ਸੋਮਾ ਸਬਲੋਕ, ਪੱਤਾ ਪੱਤਾ ਜ਼ਿੰਦਗੀ, ਪੰਨਾ 113
4. ਉਹੀ, ਪੰਨਾ 115
5. "Many of these characteristics are due to woman's subordination to the species… The male, by comparision, is infinitely more privileged: his genital life does not thwart his personal existence; it unfolds seamlessly, without crises and generally without accident. Women live, on average, as long as men, but are often sick and indisposed.", Simone De Beauvoir, **The Second Sex,** p.66.
6. ਪੱਤਾ ਪੱਤਾ ਜ਼ਿੰਦਗੀ, ਪੰਨੇ 118-119
7. ਉਹੀ, ਪੰਨੇ 114-115
8. ਉਹੀ, ਪੰਨੇ 122-123

□□□

# ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਅਤੇ ਜੀਵਨ ਪ੍ਰਤੀ ਨਜ਼ਰੀਆ

*ਡਾ. ਬੇਅੰਤ ਕੌਰ*

ਸਿੱਖਾਂ ਦੇ ਨੌਵੇ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਸ਼ਵ ਇਤਿਹਾਸ ਵਿੱਚ ਰੂਹਾਨੀ ਸ਼ਖ਼ਸੀਅਤ ਹਨ। ਆਪ ਨੇ ਧਾਰਮਿਕ ਅਜ਼ਾਦੀ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਆਪ ਕੁਰਬਾਨ ਕਰਕੇ ਸ਼ਹਾਦਤ ਦੀ ਨਵੇਕਲੀ ਮਿਸਾਲ ਕਾਇਮ ਕੀਤੀ। ਇਸਦੇ ਨਾਲ ਹੀ ਲੋਕਾਂ ਨੂੰ ਵੇਲੇ ਦੀ ਸਰਕਾਰ ਦੇ ਜਬਰ- ਜ਼ੁਲਮ ਅਤੇ ਅਨਿਆਂ ਪ੍ਰਤੀ ਚੇਤੰਨ ਕਰਨ ਲਈ 'ਭੈਅ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।' ਦੇ ਫ਼ਲਸਫ਼ੇ ਨਾਲ ਜੁੜੀ ਬਾਣੀ ਸਿਰਜ ਕੇ ,ਨਿਰਭੈ ਅਤੇ ਸਾਹਸੀ ਜੀਵਨ ਜੀਊਣ ਦਾ ਸੰਦੇਸ਼ ਪ੍ਰਚਾਰਤ ਕੀਤਾ। ਗੁਰੂ ਸਾਹਿਬ ਦੀ ਜੀਵਨ ਸ਼ੈਲੀ, ਆਦਰਸ਼ ਪ੍ਰੇਰੇਨਾ, ਜੀਵਨ ਅਤੇ ਸਮਾਜ ਪ੍ਰਤੀ ਉਂਨਾਂ ਦਾ ਨਜ਼ਰੀਆ ਵਿਲੱਖਣਤਾ ਦਾ ਧਾਰਨੀ ਹੈ। ਗੁਰੂ ਸਾਹਿਬ ਦੇ 400 ਸਾਲਾਂ ਪ੍ਰਕਾਸ਼ ਪੂਰਵ ਦੀ ਯਾਦ ਨੂੰ ਮਨਾਉਂਦਿਆਂ ਹੋਇਆਂ ਆਉ ਵਿਚਾਰ ਕਰੀਏ ਕਿ ਸਾਹਿਬਾ ਦਾ ਜੀਵਨ ਕੈਸਾ ਸੀ ? ਉਨ੍ਹਾਂ ਦਾ ਜੀਵਨ ਪ੍ਰਤੀ ਨਜ਼ਰੀਆ/ਵਿਚਾਰਧਾਰਾ ਕੀ ਸੀ ?

ਤੱਪਸਵੀ, ਬੈਰਾਗੀ, ਭਗਤੀ ਅਤੇ ਸ਼ਾਂਤੀ ਦੇ ਪੁੰਜ, ਤੇਗ ਬਹਾਦਰ ਸਾਹਿਬ ਦਾ ਜਨਮ, ਮਾਤਾ ਨਾਨਕੀ ਜੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਅੰਮ੍ਰਿਤਸਰ ਵਿਖੇ ਗੁਰੂਦੁਆਰਾ ਗੁਰੂ ਕੇ ਮਹਿਲ ਦੇ ਸਥਾਨ ਤੇ 1 ਅਪ੍ਰੈਲ, 1621 ਈਸਵੀ ਨੂੰ ਹੋਇਆ। ਆਪ ਬਚਪਨ ਤੋਂ ਹੀ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਸਨ। ਗੁਰੂ ਪਿਤਾ ਨੇ ਆਪ ਜੀ ਦੀ ਪੜ੍ਹਾਈ-ਲਿਖਾਈ ਵੱਲ ਵਿਸ਼ੇਸ਼ ਧਿਆਨ ਦਿੱਤਾ। ਗੁਰਮਤਿ ਦੀ ਸਿਖਲਾਈ ਆਪ ਨੇ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਗੁਰਦਾਸ ਜੀ ਤੋਂ ਪ੍ਰਾਪਤ ਕੀਤੀ। ਹੱਥੀ ਕਿਰਤ ਕਰਨ ਦੀ ਸਿੱਖਿਆ ਬਾਬਾ ਬੁੱਢਾ ਜੀ ਨੇ ਦਿੱਤੀ। ਸ਼ਸਤਰ ਵਿੱਦਿਆ ਅਤੇ ਯੁੱਧ ਕਲਾ ਦੇ ਦਾਅ ਆਪ ਨੇ ਭਾਈ ਜੇਠਾ ਅਤੇ ਗੁਰੂ ਪਿਤਾ ਤੋਂ ਪ੍ਰਾਪਤ ਕੀਤੇ। ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਬਹਾਦੁਰੀ ਦੇ ਜੋ ਜੋਹਰ ਆਪ ਨੇ ਦਿਖਾਏ ਉਸ ਤੋ ਪ੍ਰੰਸਨ ਹੋ ਕੇ ਗੁਰੂ ਪਿਤਾ ਨੇ ਆਪਨੂੰ ਤਿਆਗ ਮੱਲ ਤੋ ਤੇਗ ਬਹਾਦੁਰ ਦੇ ਨਾਂ ਨਾਲ

*ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ।*

ਨਿਵਾਜਿਆ। ਕੀਰਤਪੁਰ ਸਾਹਿਬ ਵਿੱਚ ਇਕ ਦਹਾਕੇ ਦਾ ਸਮਾਂ ਗੁਜ਼ਾਰਨ ਕਰਕੇ ਨੌਵੇ ਪਾਤਸ਼ਾਹ 'ਤੇ ਗੁਰ ਮਰਿਆਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਇਸ ਪ੍ਰਭਾਵ ਸਦਕਾ ਉਨਾਂ ਦਾ ਦਿਲ ਲੋੜਵੰਦਾਂ ਲਈ ਸਦਾ ਧੜਕਦਾ ਸੀ। ਗਰੀਬ ਗੁਰਬੇ ਦੀ ਮਦਦ ਲਈ ਉਹ ਸਦਾ ਤਤਪਰ ਰਹਿੰਦੇ ਸਨ। ਗੁਰੂ ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖਦੇ ਹੋਇਆਂ ਹੀ ਸਤਵੇਂ ਪਾਤਸ਼ਾਹ ਹਰਿ ਰਾਏ ਜੀ ਨੇ ਆਪ ਜੀ ਨੂੰ ਮਾਲਵਾ, ਹਰਿਆਣਾ ਉਤਰ ਪ੍ਰਦੇਸ਼, ਬਿਹਾਰ ਆਦਿ ਪੂਰਬੀ ਪ੍ਰਾਂਤਾਂ ਵਿੱਚ ਗੁਰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੀ ਜਿੰਮੇਵਾਰੀ ਸੋਪੀ। ਗੁਰੂ ਸਾਹਿਬ ਜਿੱਥੇ ਵੀ ਗਏ ਉੱਥੇ ਹੀ ਉਨਾਂ ਨੂੰ ਕਰਮਕਾਂਡੀ ਜੀਵਨ ਤਿਆਗਣ ਅਤੇ ਪਰਮਾਤਮਾ ਦਾ ਨਾਮ ਵਿਹਾਜਣ ਦੀ ਸਿੱਖਿਆ ਦਿੱਤੀ । ਲੋਕਾਈ ਨੂੰ ਨਿਰਭੈ ਰਹਿ ਕੇ ਅਣਖ, ਇਜ਼ਤ ਅਤੇ ਸੁਤੰਤਰ ਜੀਵਣ ਜੀਣ ਦਾ ਹੋਕਾ ਵੀ ਦਿੱਤਾ। ਉਨਾਂ ਦੀ ਸਮਝ ਵਿੱਚ ਗਿਆਨਵਾਨ ਮਨੁੱਖ ਉਹੀ ਹੁੰਦਾ ਜੋ ਕਿਸੇ ਤੋਂ ਡਰਦਾ ਨਹੀਂ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰੂ ਸਾਹਿਬ ਦਾ ਫ਼ਰਮਾਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।

ਮਾਨਵੀ ਅਜ਼ਾਦੀ ਦੀ ਤਰਜਮਾਨੀ ਕਰਨ ਵਾਲੇ ਇਹ ਸਿਧਾਂਤ ਵਕਤ ਦੇ ਹਾਕਮ ਨੂੰ ਨਾ ਗਵਾਰ ਗੁਜ਼ਰਿਆ। ਮੁਗਲ ਹਾਕਮ ਆਪਣੀ ਤਾਕਤ ਦੇ ਬਲ 'ਤੇ ਜਬਰਨ ਲੋਕਾਂ ਨੂੰ ਮੁਸਲਮਾਨ ਬਨਣਾ ਚਾਹੁੰਦਾ ਸੀ ਜਿਸ ਕਾਰਨ ਹਿੰਦੂਆਂ ਉਤੇ ਜਜ਼ੀਆ ਟੈਕਸ ਲਗਾ ਦਿੱਤਾ। ਮਥੁਰਾ, ਅਯੁਧਿਆ, ਕਾਸ਼ੀ, ਬਨਾਰਸ ਆਦਿ ਸ਼ਹਿਰਾਂ ਵਿਚਲੇ ਹਿੰਦੂਆਂ ਦੇ ਕਈ ਪੂਜਣਯੋਗ ਮੰਦਰ ਵੀ ਢਹਿ-ਢੇਰੀ ਕਰ ਦਿੱਤੇ। ਇਸੇ ਦਮਨਕਾਰੀ ਨੀਤੀ ਤਹਿਤ ਹਿੰਦੂਆਂ ਅਤੇ ਕਸ਼ਮੀਰੀ ਪੰਡਤਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ ਗਈ। ਜਨਉ ਤੋੜ ਦਿੱਤੇ ਗਏ। ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਹਾਰ ਮੰਨ ਲਈ ਅਤੇ ਇਸਲਾਮ ਕਬੂਲ ਲਿਆ ਪਰ, ਗੁਰੂ ਸਾਹਿਬਾ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਲੋਕਾਈ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਕਿਸੇ ਨੂੰ ਦਾ ਜੋ ਸਿਧਾਂਤ ਪੇਸ਼ ਕੀਤਾ ਸੀ ਅਤੇ ਨਿਰਾਸ਼ਾਜਨਕ ਸਥਿਤੀ ਨੂੰ ਬਦਲਣ ਦੇ ਪ੍ਰਤਿਮਾਨ ਸਥਾਪਕ ਕੀਤੇ ਸਨ, ਉਨ੍ਹਾਂ ਕਰ ਕੇ ਕਈ ਹਿੰਦੂ ਪਰਿਵਾਰ ਗੁਰੂ ਘਰ ਪ੍ਰਤੀ ਸ਼ਰਧਾ ਰੱਖਣ ਲੱਗ ਪਏ ਸਨ। ਇਸੇ ਤਹਿਤ 25 ਮਈ 1675 ਈਸਵੀ ਨੂੰ ਪੰਡਤ ਕਿਰਪਾ ਰਾਮ16 ਮੁਖੀ ਪੰਡਤਾਂ ਨੂੰ ਲੈਕੇ ਸ੍ਰੀ ਅੰਨਦਪੁਰ ਸਾਹਿਬ ਆਇਆ। ਸਰਕਾਰੀ ਅਤਿਆਚਾਰ ਤੋਂ ਬਚਾਉਣ ਲਈ ਬੇਨਤੀ ਕੀਤੀ। ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਡੂੰਘੇ ਚਿੰਤਨ ਵਿੱਚ ਲੀਨ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਦੇਖ ਬਾਲਕ ਗੋਬਿੰਦ ਰਾਏ ਵੱਲੋਂ ਪੁੱਛਣ 'ਤੇ ਕਿਸੇ ਮਹਾਂਪੁਰਖ ਦੀ ਕੁਰਬਾਨੀ ਮੰਗਣ ਵਾਲਾ ਦ੍ਰਿੜ੍ਹਤਾ ਭਰਪੂਰ ਜਵਾਬ ਸੁਣ ਕੇ, ਨੌਵੇ ਪਾਤਸ਼ਾਹ ਨੇ ਹਰ ਤਰਾਂ ਨਾਲ ਨਿਸ਼ਚਿੰਤ ਹੋ ਕੇ ਕਸ਼ਮੀਰੀ ਪੰਡਤਾਂ ਨੂੰ ਨਿਰਭੈਤਾ ਦੇ ਜਜ਼ਬੇ ਨਾਲ ਭਰਪੂਰ ਉਪਾਅ ਦੇ ਕੇ ਉੱਥੋਂ ਵਿਦਾ ਕੀਤਾ ਕਿ ਜੇਕਰ ਹਾਕਮ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਹਿੰਦੂ ਆਪਣੇ ਆਪ ਇਸਲਾਮ ਕਬੂਲ ਲੈਣਗੇ। ਗੁਰੂ ਸਾਹਿਬ ਦੇ ਇਸ ਦਲੇਰਾਨਾ ਐਲਾਨ ਸਦਕਾ ਕਸ਼ਮੀਰੀ ਪੰਡਤਾਂ ਦੀ ਜਾਨ ਵਿੱਚ ਜਾਨ ਆਈ। 8 ਜੁਲਾਈ 1675ਈ. ਨੂੰ ਗੁਰਿਆਈ ਦੇ ਕੇ ਅਤੇ ਸੰਗਤਾਂ ਨੂੰ ਅਣਖ, ਇਜ਼ਤ ਅਤੇ ਸਵੈਮਾਣ ਦਾ ਜੀਵਨ ਜੀਣ ਦਾ ਉਪਦੇਸ਼ ਦੇ ਕੇ ਗੁਰੂ ਤੇਗ ਬਹਾਦੁਰ ਸਾਹਿਬ ਆਪਣੇ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਸਮੇਤ ਖੁਦ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਹੈਰਤ ਜਨਕ ਸੀ ਕਿ ਮਕਤੂਲ ਖੁਦ ਕਾਤਲ ਕੋਲ

ਗਿਆ ਸੀ। ਤਿੰਨ ਮਹੀਨਿਆਂ ਤੱਕ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਕੈਦ ਵਿੱਚ ਰਖਿਆ ਗਿਆ। 5 ਨੰਵਬਰ ਨੂੰ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਉਣ ਜਾਂ ਇਸਲਾਮ ਕਬੂਲਣ ਲਈ ਕਿਹਾ ਗਿਆ। ਇਸ ਤੋਂ ਇਨਕਾਰ ਕਰਨ ਤੇ ਕਈ ਤਰਾਂ ਦੇ ਤਸੀਹੇ ਦਿੱਤੇ ਗਏ। 11 ਨੰਵਬਰ1675 ਨੂੰ ਸਿਰ ਧੜ ਤੋਂ ਅਲੱਗ ਕਰਨ ਦਾ ਫ਼ਤਵਾ ਜਾਰੀ ਕੀਤਾ ਗਿਆ। ਕੱਟੜਵਾਦੀ ਕੀਮਤਾਂ ਦੇ ਵਿਰੋਧ ਵਿੱਚ ਮਨੁੱਖੀ ਹੱਕਾਂ ਦੀ ਬਰਾਬਰੀ ਲਈ ਦਿੱਤੀ ਗਈ ਉਨ੍ਹਾਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿੱਚ ਅਦੁੱਤੀ ਹੈ। ਕਸ਼ਮੀਰੀ ਪੰਡਤਾਂ ਦੀ ਬਾਂਹ ਫੜਨ ਦਾ ਕਾਰਜ ਉਨ੍ਹਾਂ ਦੀ ਸਮਦ੍ਰਿਸ਼ਟਤਾ ਅਤੇ ਪਰ ਉਪਕਾਰੀ ਹੋਣ ਦੀ ਗਵਾਹੀ ਭਰਦਾ ਹੈ ।

ਇਸ ਰੂਹਾਨੀ ਸ਼ਖ਼ਸੀਅਤ ਦੀ ਸ਼ਹਾਦਤ ਹੀ ਲਾਸਾਨੀ ਨਹੀਂ ਸਗੋਂ ਉਨ੍ਹਾਂ ਦਾ ਫ਼ਲਸਫ਼ਾ ਵੀ ਲੋਕਾਈ ਲਈ ਰਾਹਨੁਮਾਈ ਦੀ ਸਾਖੀ ਭਰਦਾ ਹੈ। ਆਪ ਜੀ ਦੀ ਰਚੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਜਿਸ ਵਿੱਚ ਰਾਗਾਂ ਵਿੱਚ ਦਰਜ ਬਾਣੀ ਵੀ ਹੈ ਅਤੇ ਰਾਗ ਰਹਿਤ ਬਾਣੀ ਵੀ ਹੈ। ਰਾਗਾਂ ਵਿੱਚ ਲਿਖੀ ਬਾਣੀ ਦੇ ਕੁੱਲ 59 ਪਦੇ ਹਨ ਜਿਹੜੇ 19 ਰਾਗਾਂ ਵਿੱਚ ਦਰਜ ਹਨ। ਰਾਗ ਰਹਿਤ ਬਾਣੀ ਵਿੱਚ ਉਹ ਬੈਰਾਗਮਈ 57 ਸਲੋਕ ਆਉਂਦੇ ਹਨ। ਜਿਨ੍ਹਾਂ ਨੂੰ ਅਖੰਡ ਪਾਠ ਜਾਂ ਸਹਿਜ ਪਾਠ ਦੀ ਸਮਾਪਤੀ ਵੇਲੇ ਪੜ੍ਹਿਆ ਜਾਂਦਾ ਹੈ। ਆਪ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਮਨੁੱਖ ਨੂੰ ਸੰਸਾਰਕ ਮੋਹ ਤਿਆਗ ਕੇ ਪ੍ਰਭੂ ਭਗਤੀ ਵੱਲ ਪ੍ਰੇਰਿਤ ਕਰਨਾ ਹੈ:

ਰੇ ਮਨ ਰਾਮ ਸਿਉ ਕਰਿ ਪ੍ਰੀਤਿ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰ ਗਾਉ ਰਸਨਾ ਗੀਤਿ।

ਰੇ ਮਨ ਉਟ ਲੇਹੁ ਹਰਿ ਨਾਮਾ। ਜਾਕੇ ਸਿਮਰਨ ਦੁਰਮਤਿ ਨਾਸੇ ਪਾਵਹਿ ਪਦ ਨਿਰਬਾਨੁ ਪਦਵੀ ਪ੍ਰਾਪਤ ਕਰਨ ਲਈ ਬਾਹਰੀ ਭੇਖ ਅਤੇ ਕਰਮਕਾਂਡ ਦੀ ਜ਼ਰੂਰਤ ਨਹੀਂ ਸਗੋਂ ਉਸਨੂੰ ਆਪਣੇ ਅੰਦਰ ਹੀ ਤਲਾਸ਼ਿਆ ਜਾ ਸਕਦਾ ਹੈ। ਲੋੜ ਹੈ ਉਸਨੂੰ ਖੋਜਣ ਦੀ, ਆਪਣੀ ਹੋਂਦ ਪ੍ਰਤੀ ਅਤੇ ਜੀਵਨ ਜੀਣ ਦੇ ਢੰਗ ਪ੍ਰਤੀ ਸੁਚੇਤ ਹੋਣ ਦੀ। ਇਸ ਲਈ ਉਸ ਪਰਿਪੂਰਨ ਪ੍ਰਮਾਤਮਾ ਦੇ ਹੁਕਮ ਵਿੱਚ ਰਹਿਣਾ ਅਤੇ ਰਜਾ/ਭਾਣਾ ਮੰਨਣਾ, ਉਸ ਉੱਪਰ ਵਿਸ਼ਵਾਸ ਰੱਖਣਾ ਹਰ ਮਨੁੱਖ ਦਾ ਮੁਢਲਾ ਕਰਮ ਹੈ। ਸਾਰੇ ਸੁੱਖਾਂ ਦਾ ਦਾਤਾ ਕੇਵਲ ਪ੍ਰਭੂ ਹੀ ਹੈ ;

ਸਭ ਸੁੱਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ।

ਮਨੁੱਖੀ ਅਜ਼ਾਦੀ ਕੇਵਲ ਭੌਤਿਕ ਸੁੱਖਾਂ ਦੀ ਪ੍ਰਾਪਤੀ ਵਿੱਚ ਨਹੀਂ। ਇਹ ਭੌਤਿਕ ਸੁੱਖ ਮਿਥਿਆ ਹਨ, ਝੂਠ ਹਨ, ਛਿਣ ਭੰਗਰੀ ਹਨ। ਕਾਰਣ ਇਹ ਹੈ ਕਿ ਜੀਵਨ ਹੀ ਨਾਸ਼ ਮਾਨ ਹੈ ਤੇ ਇਸ ਨਾਸ਼ਮਾਨਤਾ ਦਾ ਕੋਈ ਵਕਤ-ਵੇਲਾ ਵੀ ਨਿਯਤ ਨਹੀਂ। ਨਾਸ਼ਮਾਨਤਾ ਦਾ ਜਿੰਨ੍ਹਾ ਵੇਰਵਾ ਗੁਰੂ ਤੇਗ ਬਹਾਦੁਰ ਸਾਹਿਬ ਦੀ ਬਾਣੀ ਵਿੱਚ ਮਿਲਦਾ ਹੈ ਸ਼ਾਇਦ ਹੀ ਕਿਸੇ ਭਗਤ ਜਾਂ ਗੁਰੂ ਨੇ ਇਸ ਬਾਬਤ ਲਿਖਿਆਂ ਹੋਵੇ।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ।

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ।

ਜੱਗ ਦੀ ਨਾਸ਼ਮਾਨਤਾ ਦੀ ਜੋ ਅਨੁਭਵ ਅਤੇ ਸੋਝੀ ਪ੍ਰਗਟ ਕਰਦੇ ਹਨ ਉਹ ਮਨੁੱਖ ਨੂੰ ਸਚੇਤ ਕਰਨ ਲਈ ਹੈ ਕਿ ਉਹ ਪਰਿਵਾਰ, ਧਨ ਸੰਪਤੀ, ਅਹੰ, ਨਿੱਜ ਦੀ ਪਕੜ ਤੋਂ ਉੱਚਾ ਉਠ

ਸਕੇ। ਸਲੋਕਾਂ ਵਿੱਚ ਨਾਸ਼ਮਾਨਤਾ, ਮਾਇਆ ਦੀ ਤੁੱਛਤਾ, ਤਿਆਗ ਅਤੇ ਸਦਾਚਾਰੀ ਜੀਵਨ ਨੂੰ ਉਭਾਰਦਿਆਂ ਹੋਇਆਂ ਤਾਕੀਦ ਕੀਤੀ ਹੈ:

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ।
ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ਼।

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ।
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ।

ਇਸ ਲਈ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਹੈ। ਨਾਮ ਜਪਣਾ ਮਨ ਨੂੰ ਨਕੇਲ ਪਾਉਣਾ ਹੈ, ਮਨ ਨੂੰ ਕਾਬੂ ਵਿੱਚ ਰੱਖਣ ਦੀ ਜੁਗਤ ਹੈ। ਨਾਸ਼ਮਾਨਤਾ ਨੂੰ ਜਿਉਂ ਜਿਉਂ ਮਨੁੱਖ ਸਮਝਣ ਲਗਦਾ ਹੈ ਤਿਉਂ ਤਿਉਂ ਉਸ ਅੰਦਰ ਵੈਰਾਗ ਪੈਦਾ ਹੁੰਦਾ ਹੈ। ਵੈਰਾਗ ਕੀ ਹੈ ? ਵਿਰਕਤ/ਨਿਰਲੇਪ ਰਹਿਣ ਦੀ ਅਵਸਥਾ, ਤਿਆਗ ਦੇਣ ਦੀ ਗੱਲ। ਤਿਆਗਣਾ ਕੀ ਹੈ ? ਕਾਮ ਕ੍ਰੋਧ ਮੋਹ ਅਹੰਕਾਰ ਲੋਭ ਨੂੰ ਤਿਆਗਣਾ ਹੈ:

ਜੋ ਪ੍ਰਾਣੀ ਮਮਤਾ ਤਜੈ ਲੋਭ ਮੋਹ ਅਹੰਕਾਰ
ਕਹੁ ਨਾਨਕ ਆਪਨ ਤਰੈ ਅਉਰਨ ਲੈਤ ਉਧਾਰ।

ਅਜਿਹਾ ਤਿਆਗੀ ਮਨੁੱਖ ਹੀ ਕੁੱਲਾਂ ਤਾਰਨ ਦਾ ਅਧਿਕਾਰੀ ਹੁੰਦਾ ਹੈ, ਲੋਕਾਈ ਦਾ ਉਧਾਰ ਕਰਦਾ ਹੈ। ਗੁਰੂ ਸਾਹਿਬ ਦੀ ਬਾਣੀ ਇਕ ਪਾਸੇ ਤਿਆਗ ਅਤੇ ਬੈਰਾਗ ਦੀ ਹਾਮੀ ਭਰਦੀ ਹੈ ਦੂਜੇ ਪਾਸੇ ਸਾਹਸੀ ਅਤੇ ਨਿਰਭੈ ਮਨੁੱਖ ਦਾ ਸੰਕਲਪ ਵੀ ਪੇਸ਼ ਕਰਦੀ ਹੈ:

ਨਹਿ ਨਿੰਦਿਆਂ ਨਹ ਉਸਤਤਿ ਜਾ ਕੇ ਲੋਭੁ ਮੋਹੁ ਅਭਿਮਾਨਾ।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।

ਗੁਰੂ ਸਾਹਿਬ ਤਿਆਗੀ ਅਤੇ ਸਾਹਸੀ ਮਨੁੱਖ ਦੀ ਨਿਸ਼ਾਨਦੇਹੀ ਕਰਦੇ ਹਨ ਜੋ ਮਨੁੱਖ ਦੁੱਖ-ਸੁਖ, ਸਨੇਹ, ਬੰਧਨ, ਡਰ, ਲੋਭ, ਮੋਹ, ਅਹੰਕਾਰ ਤੋਂ ਮੁਕਤ ਹੋਇਆ ਮਨੁੱਖ ਹੀ ਨਾ ਕਿਸੇ ਤੋਂ ਡਰਦਾ ਹੈ ਨਾ ਕਿਸੇ ਨੂੰ ਡਰਾਉਂਦਾ ਹੈ। ਮਾਨਸਿਕ ਤੋਰ ਤੇ ਬੰਧਨ ਯੁਕਤ ਮਨੁੱਖ ਨੂੰ ਭੈਅ ਮੁਕਤ ਅਤੇ ਬੰਧਨ ਮੁਕਤ ਮਨੁੱਖ ਦੇ ਰੂਪ ਵਿੱਚ ਰੂਪਾਂਤਰਿਤ ਕਰਨਾ ਹੀ ਗੁਰੂ ਸਾਹਿਬ ਦੀ ਬਾਣੀ ਦਾ ਮੂਲ਼ ਸਿਧਾਂਤ ਹੈ। ਇਸ ਅਵਸਥਾ ਦੀ ਪ੍ਰਾਪਤੀ ਪ੍ਰਭੂ ਸਿਮਰਨ ਵਿੱਚ ਹੈ;

ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।

ਇਉਂ ਗੁਰੂ ਤੇਗ ਬਹਾਦੁਰ ਸਾਹਿਬ ਨੇ ਮਾਨਵੀ ਹੱਕਾਂ ਦੀ ਰਾਖੀ ਲਈ ਜੋ ਕੁਰਬਾਨੀ ਦਿੱਤੀ ਉਹ ਇਸ ਗੱਲ ਦੀ ਪੁਖਤਗੀ ਕਰਦੀ ਹੈ ਕਿ ਨਿਰਭੈ ਹੋ ਜਾਣਾ ਹੀ ਅਤਿਆਚਾਰ ਦਾ ਸਭ ਤੋਂ ਵੱਡਾ ਪ੍ਰਤੀ ਉਤਰ ਹੈ। ਸੋ ਭੈ, ਡਰ, ਕੂੜ, ਕਾਇਰਤਾ, ਨਿਰਦਈਪੁਣੇ ਤੋਂ ਉਲਟ ਮਨੁੱਖੀ ਮਨ ਅਤੇ ਤਨ ਦੋਹਾਂ ਦੀ ਨਵ ਉਸਾਰੀ ਕਰਨਾ ਹੀ ਗੁਰੂ ਸਾਹਿਬ ਦੇ ਜੀਵਨ ਅਤੇ ਜੀਵਨ ਨਜ਼ਰੀਏ ਦਾ ਸਾਰ ਤੱਤ ਹੈ।

## ਹਵਾਲੇ:

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 1427.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ- 901.
3. ਉਹੀ, ਅੰਗ-1426.
4. ਉਹੀ
5. ਉਹੀ, ਅੰਗ-1429.
6. ਉਹੀ
7. ਉਹੀ, ਅੰਗ-1427.
8. ਉਹੀ, ਅੰਗ-633.
9. ਉਹੀ, ਅੰਗ-1429

## ਸਹਾਇਕ ਪੁਸਤਕਾਂ:

- ਸਤਿਬੀਰ ਸਿੰਘ, ਇਤਿ ਜਿਨਿ ਕਰੀ: ਜੀਵਨੀ ਗੁਰੂ ਤੇਗ ਬਹਾਦਰ ਸਾਹਿਬ ਜੀ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1975
- ਸੀਤਲ, ਸੋਹਣ ਸਿੰਘ, ਲਾਸਾਨੀ ਸ਼ਹੀਦ : ਗੁਰੂ ਤੇਗ਼ ਬਹਾਦਰ ਜੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975.
- ਗਿਆਨੀ, ਭਜਨ ਸਿੰਘ (ਡਾ.), ਗੁਰੂ ਤੇਗ਼ ਬਹਾਦਰ, ਨੈਸ਼ਨਲ ਬੁਕ ਟਰੱਸਟ, ਇੰਡੀਆ, 1995
- ਤਾਰਨ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਬਲਬੀਰ ਸਿੰਘ ਦਿਲ (ਡਾ.), ਗੁਰੂ ਤੇਗ਼ ਬਹਾਦਰ : ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.